ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 27 | 10 July 2019 to 16 July 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


➢ ਅੰਦਰ ਪੜ੍ਹੋ



03

■ ਭਾਈਚਾਰਾ

ਅੰਤਰਰਾਸ਼ਟਰੀ ਨਗਰ ਕੀਰਤਨ ਨੂੰ ਲੈ ਕੇ ਸਿਰਸਾ ਤੇ ਸਰਨਾ 'ਚ ਛਿੜਿਆ ਵਿਵਾਦ



13

■ ਵਿਸ਼ੇਸ਼ ਲੇਖ

ਪੰਜਾਬ ਵਿਚ ਮੌਲਿਕ ਚਿੰਤਕਾਂ ਦਾ ਮੈਦਾਨ ਖਾਲੀ ਕਿਉਂ ?


# ਪੰਜਾਬ 'ਚ ਬੇਰੋਕ ਵਗਦਾ ਹੈ ਨਸ਼ਿਆਂ ਦਾ ਦਰਿਆ

- ਪੰਜਾਬ ਵਿਚ ਨਸ਼ੇੜੀਆਂ ਦੀ ਗਿਣਤੀ 10 ਲੱਖ ਤੋਂ ਟੱਪੀ
- ਸਾਲ 2014 ਤੋਂ ਹੁਣ ਤਕ 609 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹੇ
- ਕੈਪਟਨ ਸਰਕਾਰ ਵੀ ਨਸ਼ਿਆਂ ਨੂੰ ਰੋਕਣ 'ਚ ਹੋਈ ਨਕਾਮ

## ਏਮਜ਼ ਦੇ ਸਨਸਨੀਖੇਜ਼ ਖੁਲਾਸੇ ਨੇ ਸਰਕਾਰੀ ਦਮਗਜ਼ਿਆਂ ਦੀ ਫੂਕ ਕੱਢੀ




**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਵਿਚ ਨਸ਼ਿਆਂ ਦਾ ਦਰਿਆ ਵਗ ਰਿਹਾ ਹੈ, ਅਜੇ ਵੀ ਸੂਬੇ ਵਿਚ ਨਸ਼ਿਆਂ ਨੂੰ ਠੱਲ੍ਹ ਨਹੀਂ ਪਈ ਹੈ। ਇਹ ਅਹਿਮ ਖੁਲਾਸਾ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (ਏਮਜ਼) ਨਵੀਂ ਦਿੱਲੀ ਦੀ ਰਿਪੋਰਟ ਵਿਚ ਹੋਇਆ ਹੈ। ਇਸ ਸਰਵੇਖਣ ਮੁਤਾਬਕ ਪੰਜਾਬ ਵਿਚ ਨਸ਼ੇੜੀਆਂ ਦੀ ਗਿਣਤੀ 10 ਲੱਖ ਤੋਂ ਟੱਪ ਗਈ ਹੈ। ਇਹ ਗਿਣਤੀ ਉਨ੍ਹਾਂ ਨੌਜਵਾਨਾਂ ਦੀ ਹੈ ਜੋ ਅਫ਼ੀਮ, ਭੁੱਕੀ, ਹੈਰੋਇਨ, ਸਮੈਕ ਤੇ ਹੋਰ ਨਸ਼ਿਆਂ ਦੀ ਆਦਤ ਦੇ ਸ਼ਿਕਾਰ ਹਨ। ਦਰਅਸਲ ਕੈਪਟਨ ਸਰਕਾਰ ਵੀ ਨਸ਼ਿਆਂ ਦੀ ਕੜੀ ਨੂੰ ਕੱਟਣ ਵਿਚ ਅਸਫਲ ਰਹੀ ਹੈ। ਬੇਸ਼ੱਕ ਸਰਕਾਰ ਨੇ ਕਾਗਜ਼ਾਂ ਵਿਚ ਕਾਰਵਾਈ ਕੀਤੀ ਪਰ ਉਸ ਦਾ ਜ਼ਮੀਨੀ ਪੱਧਰ 'ਤੇ ਅਸਰ ਨਹੀਂ ਹੋਇਆ। ਨਸ਼ਿਆਂ ਦੇ ਕਾਰੋਬਾਰ ਦੀ ਮਜ਼ਬੂਤ ਕੜੀ ਦਾ ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦੀ ਹੈ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਤਸਕਰਾਂ ਨਾਲ ਮਿਲੀਭੁਗਤ ਦਾ ਇਕਬਾਲ ਕਰਦਿਆਂ ਅਜਿਹੇ ਪੁਲਿਸ ਅਧਿਕਾਰੀਆਂ ਨੂੰ ਬਰਖਾਸਤ ਕਰਨ, ਜਬਰੀ ਸੇਵਾ ਮੁਕਤ ਜਾਂ ਪਰਚੇ ਦਰਜ ਕਰਨ ਦੀ ਧਮਕੀ ਦਿੱਤੀ ਸੀ।

ਇਸ ਤੋਂ ਸਪਸ਼ਟ ਹੈ ਕਿ ਅਜੇ ਵੀ ਪੁਲਿਸ ਤੇ ਨਸ਼ਾ ਤਸਕਰਾਂ ਦਾ ਗੱਠਜੋੜ ਕਾਇਮ ਹੈ। ਇਸ ਲਈ ਹੀ ਨਸ਼ਿਆਂ ਦੀ ਸਪਲਾਈ ਨੂੰ ਕੋਈ ਠੱਲ੍ਹ ਨਹੀਂ ਪੈ ਰਹੀ। ਪਿਛਲੇ ਸਾਢੇ ਕੁ ਪੰਜ ਸਾਲਾਂ ਦੇ ਸਰਕਾਰੀ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ 609 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਸਾਲ 2014 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 2016 ਦੌਰਾਨ 138, 2017 ਦੌਰਾਨ 11 ਤੇ 2018 ਦੌਰਾਨ 'ਚ 114 ਤੇ 2019 'ਚ ਹੁਣ ਤੱਕ 16 ਮੌਤਾਂ ਹੋ ਚੁੱਕੀਆਂ ਹਨ।

ਉਂਝ ਇਹ ਅੰਕੜੇ ਪੁਲਿਸ ਦੇ ਹਨ। ਪੁਲਿਸ ਬਹੁਤ ਸਾਰੇ ਕੇਸਾਂ ਨੂੰ ਓਵਰਡੋਜ਼ ਦੇ ਮਾਮਲੇ ਮੰਨਦੀ ਹੀ ਨਹੀਂ। ਇਸ ਲਈ ਇਹ ਅੰਕੜਾ ਕਿਤੇ ਜ਼ਿਆਦਾ ਹੈ। ਏਮਜ਼ ਵੱਲੋਂ ਕੀਤੇ ਸਰਵੇਖਣ ਮੁਤਾਬਕ ਨਸ਼ਿਆਂ ਦੇ ਮਾਮਲੇ ਵਿਚ ਸੂਬੇ ਦਾ ਭਾਰਤ ਭਰ ਵਿਚ ਦੂਜਾ ਸਥਾਨ ਹੈ। ਇਸ ਸਰਵੇਖਣ ਮੁਤਾਬਕ 10 ਲੱਖ ਤੋਂ ਵੱਧ ਵਿਅਕਤੀ ਪੰਜਾਬ ਵਿੱਚ ਅਜਿਹੇ ਹਨ ਜੋ ਨਸ਼ਿਆਂ 'ਚ ਪੂਰੀ ਤਰ੍ਹਾਂ ਫਸੇ ਹੋਏ ਹਨ ਤੇ ਇਨ੍ਹਾਂ ਦੇ ਤੁਰੰਤ ਇਲਾਜ ਦੀ ਜ਼ਰੂਰਤ ਹੈ।

ਦਰਅਸਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਸ਼ਿਆਂ ਖਿਲਾਫ਼ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਦੇ ਗਠਨ ਨੂੰ ਹੀ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਐਲਾਨਦੇ ਸਨ ਪਰ ਐਸਟੀਐਫ ਦੇ ਸਭ ਤੋਂ ਪਹਿਲੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਨੂੰ ਹੀ ਸਰਕਾਰ ਨੇ ਮੱਖਣ 'ਚੋਂ ਵਾਲ ਵਾਂਗੂ ਕੱਢ ਕੇ

ਬਾਕੀ ਸਫ਼ਾ 33 'ਤੇ

# ਭਾਰਤ 'ਚ ਗਊ ਰੱਖਿਆ ਦੇ ਨਾਂਅ 'ਤੇ ਭਗਵੀਆਂ ਭੀੜਾਂ ਦਾ ਤਾਂਡਵ

**ਨਵੀਂ ਦਿੱਲੀ/ਨਵਤੇਜ ਸਿੰਘ**

ਭਹਰਤ ਵਿਚ ਆਏ ਦਿਨ ਭਗਵੀ ਹਿੰਸਾ ਦਾ ਵਰਤਾਰਾ ਇਕ ਰਵਾਇਤ ਬਣ ਗਿਆ ਹੈ। 'ਗਊ ਰੱਖਿਆ' ਦੇ ਨਾਂਅ 'ਤੇ ਭੜਕੀਆਂ ਭੀੜਾਂ ਵਲੋਂ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰਨ ਦਾ ਵਰਤਾਰਾ ਆਮ ਹੈ। ਕੇਂਦਰ ਵਿਚ ਦੁਬਾਰਾ ਮੋਦੀ ਸਰਕਾਰ ਬਣਨ ਤੋਂ ਬਾਅਦ ਇਹ ਵਰਤਾਰਾ ਮੁੜ ਹਿੰਸਕ ਰੂਪ ਅਖਤਿਆਰ ਕਰ ਗਿਆ ਹੈ। ਕਾਨੂੰਨਦਾਨਾਂ ਦਾ ਕਹਿਣਾ ਹੈ ਕਿ ਜੇਕਰ ਗਊਆਂ ਦੀ ਤਸਕਰੀ ਤੇ ਇਨ੍ਹਾਂ ਨੂੰ ਮਾਰਨ 'ਤੇ ਅਦਾਲਤ ਵਲੋਂ ਪਾਬੰਦੀ ਲਗਾਈ ਹੈ ਤੇ ਇਨ੍ਹਾਂ ਨਿਯਮਾਂ ਨੂੰ ਤੋੜਨ ਵਾਲਿਆਂ ਖਿਲਾਫ਼ ਕਾਰਵਾਈ ਵੀ ਅਦਾਲਤ ਵਲੋਂ ਹੀ ਹੋਣੀ ਚਾਹੀਦੀ ਹੈ ਪਰ ਅਖੌਤੀ ਗਊ ਰੱਖਿਆ ਦੇ ਨਾਂਅ 'ਤੇ ਭੜਕੀਆਂ ਭੀੜਾਂ ਸੜਕਾਂ 'ਤੇ ਹੀ ਲੋਕਾਂ ਦੀ ਹੱਤਿਆ ਕਰ ਕੇ ਕਾਨੂੰਨ ਦਾ ਮਜ਼ਾਕ ਬਣਾ ਰਹੀਆਂ ਹਨ। ਇਹ ਘਟਨਾਵਾਂ ਰੋਕਣ ਲਈ ਸਰਕਾਰ ਅਜਿਹਾ ਕੋਈ ਠੋਸ ਕਾਨੂੰਨ ਨਹੀਂ ਬਣਾ ਸਕੀ, ਜਿਸ ਨਾਲ ਲੋਕਾਂ 'ਚ ਸੰਦੇਸ਼ ਪਹੁੰਚੇ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ਼ ਕਾਰਵਾਈ ਕਰਨਾ ਅਦਾਲਤ ਦਾ ਕੰਮ ਹੈ, ਨਾ ਕਿ ਭੀੜਾਂ ਦਾ। ਕ੍ਰਾਈਮ ਰਿਕਾਰਡ ਬਿਊਰੋ ਅਨੁਸਾਰ ਦੇਸ਼ 'ਚ ਨਸਲੀ ਅਪਰਾਧਾਂ ਦੀ ਗਿਣਤੀ 28 ਫ਼ੀਸਦੀ ਵਧੀ ਹੈ।ਨਸਲੀ ਅਪਰਾਧਾਂ ਦੇ ਵਾਧੇ ਦਾ ਇਕ ਕਾਰਨ ਇਹ ਵੀ ਹੈ ਕਿ ਇਨ੍ਹਾਂ ਨੂੰ ਰਾਜਸੀ ਸਰਪ੍ਰਸਤੀ ਹਾਸਲ ਹੁੰਦੀ ਹੈ। ਇਸ ਨਾਲ ਅਪਰਾਧਕ ਮਾਨਸਿਕਤਾ ਵਾਲੇ ਲੋਕਾਂ ਨੂੰ ਉਤਸ਼ਾਹ ਮਿਲਦਾ ਹੈ। ਇਹ ਵੀ ਦੇਖਣ 'ਚ ਆਇਆ ਹੈ ਕਿ ਹਿੰਸਾ ਦੀ ਕੋਈ ਘਟਨਾ ਵਾਪਰਨ ਸਮੇਂ ਲੋਕ ਮੂਕ ਦਰਸ਼ਕ ਹੀ ਬਣੇ ਰਹਿੰਦੇ ਹਨ। ਇਸ ਪਿੱਛੇ ਕਾਰਨ ਇਹ ਹੈ ਕਿ ਜੇਕਰ ਲੋਕ ਦੋਸ਼ੀ ਖਿਲਾਫ਼ ਪੀੜਤ ਦੀ ਮਦਦ ਲਈ ਆਉਂਦੇ ਹਨ ਤਾਂ ਇਕ ਉਨਾਂ ਨੂੰ ਦੋਸ਼ੀ ਦੇ ਸਿੱਧੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਬਾਅਦ 'ਚ ਪੁਲਿਸ ਥਾਣੇ 'ਚ ਵੀ ਉਨ੍ਹਾਂ ਮਦਦਗਾਰ ਲੋਕਾਂ ਦਾ ਜਾਂਚ ਦੇ ਨਾਂਅ 'ਤੇ ਪ੍ਰੇਸ਼ਾਨ ਕੀਤਾ ਜਾਂਦਾ ਹੈ।

ਆਬਾਦੀ ਪੱਖੋਂ ਉੱਤਰ ਪ੍ਰਦੇਸ਼ ਭਾਰਤ ਦਾ ਸਭ ਤੋਂ ਵੱਡਾ ਸੂਬਾ ਹੈ ਪਰ ਹਿੰਸਾ ਦੀਆਂ ਘਟਨਾਵਾਂ

ਬਾਕੀ ਸਫ਼ਾ 33 'ਤੇ



## ਛੇ ਮਹੀਨਿਆਂ 'ਚ ਹੋਇਆ 38 ਪੱਤਰਕਾਰਾਂ ਦਾ ਕਤਲ

**ਜੈਨੇਵਾ/ਏਟੀ ਨਿਊਜ਼ :** ਇਸ ਸਾਲ ਵਿਚ ਹੁਣ ਤਕ 38 ਪੱਤਰਕਾਰਾਂ ਦੀ ਹੱਤਿਆ ਹੋਈ ਹੈ। ਇਹ ਅੰਕੜਾ ਦੁਨੀਆ ਦੇ 20 ਦੇਸ਼ਾਂ ਵਿਚ ਜਨਵਰੀ ਤੋਂ ਜੂਨ ਤਕ ਦਾ ਹੈ। ਸਭ ਤੋਂ ਵੱਧ ਪੱਤਰਕਾਰ ਲੈਟਿਨ ਅਮਰੀਕਾ ਵਿਚ ਮਾਰੇ ਗਏ। ਇਨ੍ਹਾਂ ਦੀ ਗਿਣਤੀ 15 ਹੈ। ਇਹ ਖੁਲਾਸਾ ਜੈਨੇਵਾ ਸਥਿਤ ਪ੍ਰੈੱਸ ਐਂਬਲੇਮ ਕੰਪੇਨ ਵੱਲੋਂ ਜਾਰੀ ਰਿਪੋਰਟ ਵਿਚ ਹੋਇਆ ਹੈ।

ਇਸ ਰਿਪੋਰਟ ਮੁਤਾਬਕ ਉਂਝ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਅਜਿਹੀਆਂ ਵਾਰਦਾਤਾਂ ਵਿਚ 42 ਫੀਸਦੀ ਕਮੀ ਆਈ ਹੈ। ਸਿਰਫ ਮੈਕਸੀਕੋ ਤੇ ਅਫਗਾਨਿਸਤਾਨ ਵਿਚ ਸਭ

ਬਾਕੀ ਸਫ਼ਾ 33 'ਤੇ

## ਗਰੀਨ ਕਾਰਡ 'ਤੇ ਲੱਗੀ ਸੀਲਿੰਗ ਹਟਾਉਣ ਲਈ ਹੋਵੇਗੀ ਵੋਟਿੰਗ

**ਵਾਸ਼ਿੰਗਟਨ/ਏਟੀ ਨਿਊਜ਼ :** ਅਮਰੀਕੀ ਕਾਨੂੰਨਸਾਜ਼ ਸੱਤ ਫੀਸਦ ਤੋਂ ਵੱਧ ਗਰੀਨ ਕਾਰਡ ਜਾਰੀ ਨਾ ਕਰਨ 'ਤੇ ਲੱਗੀ ਰੋਕ (ਸੀਲਿੰਗ) ਨੂੰ ਹਟਾਉਣ ਲਈ ਵੋਟ ਕਰਨਗੇ। ਅਮਰੀਕੀ ਕਾਨੂੰਨਸਾਜ਼ਾਂ ਦੀ ਇਸ ਪੇਸ਼ਕਦਮੀ ਦਾ ਦਹਾਕਿਆਂ ਤੋਂ ਗਰੀਨ ਕਾਰਡ ਹਾਸਲ ਕਰਨ ਲਈ ਕਤਾਰਾਂ ਵਿਚ ਲੱਗੇ ਹਜ਼ਾਰਾਂ ਅਤਿ-ਹੁਨਰਮੰਦ ਭਾਰਤੀ ਆਈਟੀ ਪੇਸ਼ੇਵਰਾਂ ਨੂੰ ਲਾਹਾ ਮਿਲ ਸਕਦਾ ਹੈ। ਗਰੀਨ ਕਾਰਡ ਧਾਰਕ ਨੂੰ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿਣ ਤੇ ਕੰਮ ਕਰਨ ਦੀ ਖੁੱਲ੍ਹ ਹੁੰਦੀ ਹੈ। ਕਾਬਿਲੇਗੌਰ ਹੈ ਕਿ ਭਾਰਤੀ ਆਈਟੀ ਪੇਸ਼ੇਵਰਾਂ, ਜਿਨ੍ਹਾਂ ਵਿਚੋਂ ਬਹੁਤੇ ਅਤਿ ਹੁਨਰਮੰਦ ਹਨ, ਆਮ ਕਰਕੇ ਐੱਚ-1ਬੀ ਵਰਕ ਵੀਜ਼ੇ 'ਤੇ ਅਮਰੀਕਾ ਆਉਂਦੇ ਹਨ। ਅਮਰੀਕਾ ਦੀ ਮੌਜੂਦਾ ਪਰਵਾਸ ਪ੍ਰਣਾਲੀ ਮੁਤਾਬਕ ਕਿਸੇ ਵੀ ਮੁਲਕ ਨੂੰ ਸੱਤ ਫੀਸਦ ਤੋਂ ਵੱਧ ਗਰੀਨ ਕਾਰਡ ਜਾਰੀ ਨਹੀਂ ਕੀਤੇ ਜਾ ਸਕਦੇ। ਅਮਰੀਕਾ ਦੇ ਇਸ ਫੈਸਲੇ ਦੀ ਸਭ ਤੋਂ ਵੱਡੀ ਮਾਰ ਭਾਰਤੀ ਪੇਸ਼ੇਵਰਾਂ ਨੂੰ ਪਈ ਹੈ। 'ਫੇਅਰਨੈੱਸ ਫਾਰ ਹਾਈ ਸਕਿੱਲਡ ਇਮੀਗਰੈਂਟਸ ਐਕਟ' ਨੂੰ ਪਾਸ ਕਰਵਾਉਣ ਲਈ 290 ਵੋਟਾਂ ਦੀ ਦਰਕਾਰ ਹੈ ਜਦੋਂਕਿ ਰਿਪਬਲਿਕਨ




ਬਾਕੀ ਸਫ਼ਾ 33 'ਤੇ













# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਅਪੀਲ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ, ਜੋ ਆਉਣ ਵਾਲੇ ਦਿਨਾਂ ਵਿਚ ਹੋਣ ਜਾ ਰਹੀਆਂ ਹਨ, ਉਸ ਲਈ ਆਪ ਜੀ ਦੀ ਵੋਟ ਬਣਨੀ ਅਤੇ ਵੋਟ ਪਾਉਣੀ ਬਹੁਤ ਜ਼ਰੂਰੀ ਹੈ। ਅਗਰ ਆਪ ਜੀ ਦੇ ਪਰਿਵਾਰ ਵਿਚ ਕਿਸੇ ਮੈਂਬਰ ਦੀ ਹਾਲੇ ਤੱਕ ਵੋਟ ਨਹੀਂ ਬਣੀ, ਤਾਂ ਜ਼ਰੂਰ ਬਣਾਉ ਜੀ। ਜੇਕਰ ਆਪ ਜੀ ਦੇ ਪਰਿਵਾਰ ਦਾ ਮੈਂਬਰ, ਰਿਸ਼ਤੇਦਾਰ, ਦੋਸਤ-ਮਿੱਤਰ ਜਾਂ ਕੋਈ ਹੋਰ ਸਾਕ-ਸੰਬੰਧੀ, ਸੈਂਟਾ ਕਲਾਰਾ, ਸੈਨ ਮੈਟੀਉ, ਸੈਂਟਾ ਕਰੂਜ਼, ਮੋਨਟਰੇਅ, ਸੈਨ ਬਨੀਤੋ ਅਤੇ ਕਾਂਟਰਾ ਕੋਸਟਾ ਕਾਊਂਟੀਆਂ ਵਿਚ ਰਹਿੰਦਾ ਹੈ, ਤਾਂ ਉਸ ਦੀ ਵੋਟ ਵੀ ਜ਼ਰੂਰ ਬਣਾਉ ਜੀ। ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗੇ ਜੀ।




Designed By Punjab Mail USA

ਵੱਲੋਂ

## ਸਾਧ ਸੰਗਤ ਸਲੇਟ

408-449-1639

## ਮੋਦੀ ਸਰਕਾਰ ਨੇ ਬਜਟ ਵਿਚ ਪ੍ਰਕਾਸ਼ ਪੁਰਬ ਸਮਾਗਮਾਂ ਲਈ ਰਾਸ਼ੀ ਨਾ ਰੱਖੀ

**ਅੰਮ੍ਰਿਤਸਰ/ਏਟੀ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨਾਏ ਜਾ ਰਹੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਲਈ ਨਰਿੰਦਰ ਮੋਦੀ ਸਰਕਾਰ ਵਲੋਂ ਬੀਤੇ ਦਿਨ ਪੇਸ਼ ਕੀਤੇ ਕੇਂਦਰੀ ਬਜਟ ਵਿਚ ਕੋਈ ਵਿਸ਼ੇਸ਼ ਰਾਸ਼ੀ ਰਾਖਵੀਂ ਨਾ ਰੱਖੇ ਜਾਣ ਕਾਰਨ ਸਿੱਖ ਭਾਈਚਾਰੇ ਵਿਚ ਮੋਦੀ ਸਰਕਾਰ ਪ੍ਰਤੀ ਨਾਰਾਜ਼ਗੀ ਹੈ। ਇਸ ਪ੍ਰਕਾਸ਼ ਪੁਰਬ ਲਈ ਮੋਦੀ ਦੀ ਤਤਕਾਲੀ ਭਾਜਪਾ ਸਰਕਾਰ ਵਲੋਂ ਆਪਣੇ ਅੰਤ੍ਰਿਮ ਬਜਟ ਵਿਚ 100 ਕਰੋੜ ਦੀ ਵਿਸ਼ੇਸ਼ ਰਾਸ਼ੀ ਰਾਖਵੀਂ ਰੱਖਣ ਦਾ ਐਲਾਨ ਕੀਤਾ ਗਿਆ ਸੀ ਪਰ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵਲੋਂ ਪੇਸ਼ ਕੀਤੇ ਬਜਟ ਵਿਚ ਇਸ ਵਿਸ਼ੇਸ਼ ਦਿਹਾੜੇ ਨੂੰ ਮਨਾਉਣ ਸਬੰਧੀ ਵਿਸ਼ੇਸ਼ ਬਜਟ ਰਾਖਵਾਂ ਰੱਖਣ ਦਾ ਕੋਈ ਰਸਮੀ ਐਲਾਨ ਤੱਕ ਨਹੀਂ ਕੀਤਾ ਗਿਆ।

## ਜਰਮਨੀ 'ਚ ਪੱਗੜੀਧਾਰੀ ਸਿੱਖਾਂ ਨੂੰ ਵੀ ਪਾਉਣਾ ਪਏਗਾ ਹੈਲਮਟ

**ਚੰਡੀਗੜ੍ਹ/ਏਟੀ ਨਿਊਜ਼ :** ਜਰਮਨੀ ਦੇ ਲਾਈਪਜਿਗ ਸ਼ਹਿਰ ਵਿੱਚ ਸਥਿਤ ਸੁਪਰੀਮ ਪ੍ਰਸ਼ਾਸਨਿਕ ਅਦਾਲਤ ਨੇ 4 ਜੁਲਾਈ ਨੂੰ ਸਿੱਖ ਡਰਾਈਵਰਾਂ ਲਈ ਇੱਕ ਮਹੱਤਵਪੂਰਨ ਫੈਸਲਾ ਜਾਰੀ ਕੀਤਾ ਹੈ। ਅਦਾਲਤ ਨੇ ਕਿਹਾ ਹੈ ਕਿ ਦੋਪਹੀਆ ਵਾਹਨਾਂ ਨੂੰ ਚਲਾਉਣ ਵਾਲੇ ਪਗੜੀਧਾਰੀ ਸਿੱਖਾਂ ਨੂੰ ਵੀ ਹੈਲਮਟ ਪਾਉਣਾ ਜ਼ਰੂਰੀ ਹੋਵੇਗਾ। ਦੱਸ ਦੇਈਏ ਸੰਨ 2013 ਵਿੱਚ ਇੱਕ ਸਿੱਖ ਨੂੰ ਬਗੈਰ ਹੈਲਮਟ ਪਗੜੀ ਪਾ ਕੇ ਮੋਟਰਸਾਈਕਲ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਫਿਰ ਇਸ ਫੈਸਲੇ ਨੂੰ ਪ੍ਰਸ਼ਾਸਕੀ ਮਾਮਲਿਆਂ ਦੀ ਉੱਚ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਸੀ। ਅਦਾਲਤ ਨੇ ਕਿਹਾ ਕਿ ਹੈਲਮਟ ਪਾਉਣਾ ਸਿਰਫ ਡਰਾਈਵਰ ਦੀ ਹੀ ਨਹੀਂ, ਸਗੋਂ ਦੂਜਿਆਂ ਦੀ ਸੁਰੱਖਿਆ ਲਈ ਵੀ ਜ਼ਰੂਰੀ ਹੈ।


Legal Document Preparation



- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੈਵਿਟ
- Grant Deeds ਗਰਾਂਟ ਡੀਡਜ਼
- Notary ਨੋਟਰੀ

Not an Attorney

Call Sarvinder

510-648-5554

dolly@worryfreelegaldocs.com
www.worryfreelegaldocs.com

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County


# ਅੰਤਰਰਾਸ਼ਟਰੀ ਨਗਰ ਕੀਰਤਨ ਨੂੰ ਲੈ ਕੇ ਸਿਰਸਾ ਤੇ ਸਰਨਾ 'ਚ ਛਿੜਿਆ ਵਿਵਾਦ

### *550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਬਾਰੇ ਕੈਪਟਨ ਸਰਕਾਰ ਤੇ ਸ਼੍ਰੋਮਣੀ ਕਮੇਟੀ 'ਚ ਵਿਵਾਦ ਵਧਿਆ*

**ਅੰਮ੍ਰਿਤਸਰ /ਵਿਸ਼ੇਸ਼ ਰਿਪੋਰਟਰ :**
ਹਰਿਮੰਦਰ ਸਾਹਿਬ ਪੁੱਜੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ 28 ਅਕਤੂਬਰ ਨੂੰ ਦਿੱਲੀ ਤੋਂ ਪਾਕਿਸਤਾਨ ਤਕ ਨਗਰ ਕੀਰਤਨ ਕੱਢਣ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਤੋਂ ਪਾਕਿਸਤਾਨ ਤਕ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਪੰਜਾਹ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਤ ਕੌਮਾਂਤਰੀ ਨਗਰ ਕੀਰਤਨ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ 28 ਅਕਤੂਬਰ ਨੂੰ ਗੁਰਦੁਆਰਾ ਬੰਗਲਾ ਸਾਹਿਬ ਤੋਂ ਦਿੱਲੀ ਕਮੇਟੀ ਨਗਰ ਕੀਰਤਨ ਸਜਾਏਗੀ, ਜਿਹੜਾ ਦਿੱਲੀ, ਹਰਿਆਣਾ ਤੇ ਪੰਜਾਬ ਤੋਂ ਹੁੰਦਾ ਹੋਇਆ 2 ਨਵੰਬਰ ਨੂੰ ਵਾਹਗਾ ਸਰਹੱਦ ਰਸਤਿਓਂ ਪਾਕਿਸਤਾਨ ਵਿਖੇ ਕਦਮ ਧਰੇਗਾ।





ਇਹ ਨਗਰ ਕੀਰਤਨ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਜਾ ਕੇ ਸੰਪੰਨ ਹੋਵੇਗਾ ਤੇ ਤਿੰਨ ਅਤੇ ਚਾਰ ਨਵੰਬਰ ਨੂੰ ਦਿੱਲੀ ਕਮੇਟੀ ਵੱਲੋਂ ਪਾਕਿਸਤਾਨ ਵਿਚ ਸਮਾਗਮ ਕੀਤੇ ਜਾਣਗੇ।

ਸਿਰਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਕੋਈ ਹੱਕ ਨਹੀਂ ਕਿ ਉਹ ਨਗਰ ਕੀਰਤਨ ਸਜਾਉਣ। ਸੰਗਤ ਵੱਲੋਂ ਚੁਣੀ ਸੰਸਥਾ ਹੀ ਨਗਰ ਕੀਰਤਨ ਸਜਾਉਣ ਲਈ ਹੱਕਦਾਰ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਸਮਾਗਮਾਂ ਵਿਚ ਦਿੱਲੀ ਕਮੇਟੀ ਸ਼ਮੂਲੀਅਤ ਤੇ ਸਹਿਯੋਗ ਕਰੇਗੀ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ 28 ਅਕਤੂਬਰ ਨੂੰ ਦਿੱਲੀ ਤੋਂ ਨਨਕਾਣਾ ਸਾਹਿਬ ਤਕ ਨਗਰ ਕੀਰਤਨ ਲਿਜਾਣ ਦਾ ਐਲਾਨ ਕੀਤਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਇਸ ਸੰਬੰਧੀ ਉਹ ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਸਹਿਯੋਗ ਮੰਗ ਚੁੱਕੇ ਹਨ, ਪਰ ਇਹਨਾਂ ਨੇ ਕੋਈ ਸਹਿਯੋਗ ਨਹੀਂ ਦਿੱਤਾ। ਉਹ ਤਾਂ ਇਹਨਾਂ ਤੋਂ ਪਹਿਲਾਂ ਪਹਿਲਕਦਮੀ ਕਰ ਚੁੱਕੇ ਹਨ। ਇਹਨਾਂ ਨੂੰ ਚਾਹੀਦਾ ਹੈ ਕਿ ਵਿਵਾਦ ਨਾ ਵਧਾਉਣ ਤੇ ਸ਼ਤਾਬਦੀ ਪ੍ਰੋਗਰਾਮ ਖਰਾਬ ਨਾ ਕਰਨ।

**ਕੈਪਟਨ ਸਰਕਾਰ ਤੇ ਸ਼੍ਰੋਮਣੀ ਕਮੇਟੀ ਦਾ ਵਿਵਾਦ-**
ਪੰਜਾਬ ਦੇ ਸਹਿਕਾਰਤਾ ਤੇ ਜੇਲ੍ਹ ਵਿਭਾਗ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਬੀਤੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮਨਾਉਣ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਏ ਜਾ ਰਹੇ ਇਤਰਾਜ਼ਯੋਗ ਰੋਲ ਸਬੰਧੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਗਿਆਨੀ ਹਰਪ੍ਰੀਤ ਸਿੰਘ ਨੂੰ ਚਿੱਠੀ ਲਿਖੀ ਸੀ। ਇਸ ਤੋਂ ਬਾਅਦ ਗਿਆਨੀ ਹਰਪ੍ਰੀਤ ਸਿੰਘ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਬੈਠਕ ਕਰਨ ਲਈ ਤਿਆਰ ਹੋ ਗਏ ਹਨ। ਰੰਧਾਵਾ ਨੇ ਇਤਰਾਜ਼ ਜਤਾਇਆ ਕਿ ਅਕਾਲੀ ਦਲ ਮੌਕੇ ਦਾ ਕ੍ਰੈਡਿਟ ਲੈਣਾ ਚਾਹੁੰਦੀ ਹੈ ਜਿਸ ਕਰਕੇ ਸੁਖਬੀਰ ਬਾਦਲ ਮਾਮਲੇ ਵਿੱਚ ਆ ਰਹੇ ਹਨ। ਦਰਅਸਲ ਚਿੱਠੀ ਵਿੱਚ ਪੰਜਾਬ ਸਰਕਾਰ ਇਤਰਾਜ਼ ਜਤਾਇਆ ਸੀ ਕਿ ਸਰਕਾਰ ਨੇ ਸਰਕਾਰ ਨੇ ਨਾਲ ਪ੍ਰਕਾਸ਼ ਪੁਰਬ ਦੇ ਸਮਾਗਮ ਮਨਾਉਣ ਦਾ ਫੈਸਲਾ ਕੀਤਾ ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਵਫ਼ਦ ਦਾ ਹਿੱਸਾ ਬਣ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪ੍ਰਕਾਸ਼ ਪੁਰਬ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਦੇਣ ਚਲੇ ਗਏ ਤੇ ਪੰਜਾਬ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਕੀਤੀ।


GLOBAL ALLIANZ
LAW FIRM LLP
US IMMIGRATION MADE EASY

ਕਾਨੂੰਨੀ ਸੇਵਾਵਾਂ

- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN,
PATIALA, PUNJAB. Phone +91-9814320010

# ਸਾਹਿਤਕਾਰ ‘ਨੂਰਪੁਰੀ ਦੀ ਕਾਵਿ ਪੁਸਤਕ’ ‘ਹਕੀਕਤ’ ਦੀ ਗੋਸ਼ਟੀ ਨੂੰ ਮਿਲਿਆ ਭਰਵਾਂ ਹੁੰਗਾਰਾ



**ਮਿਲਪੀਟਸ/ਪ੍ਰਮਿੰਦਰ ਸਿੰਘ ਪ੍ਰਵਾਨਾ :** ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਗੁਰਦਿਆਲ ਸਿੰਘ ਨੂਰਪੁਰੀ ਦੀ ਕਾਵਿ ਪੁਸਤਕ ‘ਹਕੀਕਤ’ ਤੇ ਗੋਸ਼ਟੀ Gurdwara Sahib Singh Sabha Bay Area 680 E. Calaveras Blvd Milpitas CA 95035 ਵਿਖੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਸੰਪੰਨ ਹੋਈ। ‘ਪ੍ਰਵਾਨਾ’ ਨੇ ਪੁਸਤਕ ਤੇ ਗੱਲ ਕਰਦਿਆਂ ਕਿਹਾ ਕਿ ‘ਨੂਰਪੁਰੀ’ ਨੇ ਪੰਜਾਬੀ, ਪੰਜਾਬੀਆਂ ਤੇ ਪੰਜਾਬੀਅਤ ਦੇ ਸੱਭਿਆਚਾਰ ਨੂੰ ਕਲਾਵੇ ਵਿਚ ਲੈ ਕੇ ਲੋਕਾਂ ਦੇ ਦਰਦ ਨੂੰ ਵੰਡਾਇਆ ਹੈ। ਸਮਾਜ ਦੀਆਂ ਅਲਾਮਤਾਂ ਅਤੇ ਉਨ੍ਹਾਂ ਦੇ ਹੱਲ ਲਈ ਬੇਬਾਕੀ ਨਾਲ ਲਿਖਿਆ ਹੈ। ਸਾਹਿਤਕਾਰ ਕਰਤਾਰ ਸਿੰਘ ਗਿੱਲ ਨੇ ਹੀਰ ਦੀ ਤਰਜ਼ ‘ਤੇ ਕਾਵਿ ਪੁਸਤਕ ‘ਤੇ ਗੱਲ ਕੀਤੀ ਅਤੇ ਕਿਹਾ ਕਿ ਕਵੀ ਨੇ ਪਿੰਡ ‘ਨੂਰਪੁਰ’ ਦੇ ਨਾਂਅ ਨੂੰ ਆਪਣੇ ਨਾਲ ਜੋੜ ਲਿਆ ਹੈ। ਪਿੰਡ ਤੋਂ ਉਠ ਕੇ ਦੇਸ਼ ਵਿਦੇਸ਼ ਦੀ ਜਿੰਦਗੀ ਦੀ ਹਕੀਕਤ ਬਿਆਨ ਕੀਤੀ ਹੈ। ਵਿਚਾਰ ਚਰਚਾ ਵਿਚ ਪ੍ਰਸਿੱਧ ਢੋਲੀ ਲਾਲ ਸਿੰਘ ਭੱਟੀ, ਜਸਪਾਲ ਸਿੰਘ ਸੈਣੀ, ਅਵਤਾਰ ਸਿੰਘ ਮਿਸ਼ਨਰੀ, ਸਰਬਜੀਤ ਸਿੰਘ, ਪਿਆਰਾ ਸਿੰਘ ਰੰਧਾਵਾ ਆਦਿ। ਕਵਿਤਾਵਾਂ ਦੇ ਦੌਰ ਵਿਚ ਹਾਜਰ ਸਨ : ਚਰਨਜੀਤ ਸਿੰਘ ਪੰਨੂ, ਤਰਸੇਮ ਸਿੰਘ ਸੁੰਨ, ਜਸਦੀਪ ਸਿੰਘ ਫਰੀਮੌਂਟ, ਡਾ. ਕਪਿਲਾ, ਦਰਸ਼ਨ ਸਿੰਘ ਔਜਲਾ, ਗੁਰਦਿਆਲ ਸਿੰਘ ਨੂਰਪੁਰੀ ਤੇ ਹੋਰ ਸ਼ਾਮਲ ਸਨ। ਸਾਹਿਤਕ ਪ੍ਰੋਗਰਾਮ ਲਈ ਸੰਗਤ ਵਿਚ ਭਾਰੀ ਉਤਸ਼ਾਹ ਦੇਖਿਆ ਗਿਆ। ਮੰਚ ਸੰਚਾਲਨ ਹਾਸ ਅਭਿਨੇਤਾ ਮਾਸਟਰ ਰੈਂਕੋ ਅਤੇ ਸਾਤਿਹਕਾਰ ਪ੍ਰਮਿੰਦਰ ਪ੍ਰਵਾਨਾ ਵਲੋਂ ਸਾਂਝੇ ਤੌਰ ’ਤੇ ਬਾਖੂਬੀ ਨਿਭਾਇਆ ਗਿਆ। ਪ੍ਰੋਗਰਾਮ ਦਾ ਫਿਲਮਾਂਕਣ Yoindia T.V. ਵਲੋਂ ਧੰਨਵਾਦ ਸਾਹਿਤ ਕੀਤਾ ਗਿਆ। ਨੂਰਪੁਰੀ ਵਲੋਂ ਸੰਗਤਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਪੁਸਤਕਾਂ ਵੰਡੀਆਂ ਗਈਆਂ। ਅੰਤ ਵਿਚ ਇਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਇੰਗਲੈਂਡ ਦੇ ਵੇਲਜ਼ ’ਚ ਹੋਏ ਵਿਸ਼ਵ ਪੱਧਰੀ ਸੰਗੀਤ ਮੇਲੇ ਵਿਚ ਪੰਜਾਬੀ ਗੱਭਰੂ ਅਤੇ ਮੁਟਿਆਰਾਂ ਛਾਈਆਂ

**ਲੰਡਨ/ਮਨਦੀਪ ਖੁਰਮੀ :** ਵੇਲਜ਼ ਦੀਆਂ ਖ਼ੂਬਸੂਰਤ ਵਾਦੀਆਂ ‘ਚ ਘਿਰੇ ਨਿੱਕੇ ਜਿਹੇ ਕਸਬੇ ਲੈਂਗੋਲੈਨ ਵਿਖੇ ਈਸਟੈੱਡਵੋਡ-2019 ਨਾਮੀ “ਲੈਂਗੋਲੈਨ ਇੰਟਰਨੈਸ਼ਨਲ ਮਿਊਜ਼ਿਕ ਫੈਸਟੀਵਲ“ ਦੌਰਾਨ ਢੋਲ ਦੇ ਡੱਗੇ ਹਰ ਕਿਸੇ ਨੂੰ ਨੱਚਣ ਲਈ ਮਜਬੂਰ ਕਰ ਰਹੇ ਸਨ। ਢੋਲ ਦੀਆਂ ਤਾਲਾਂ ‘ਤੇ ਪੰਜਾਬੀ ਗੱਭਰੂ, ਮੁਟਿਆਰਾਂ ਦੀ ਆਪਣੇ ਲੋਕ ਨਾਚ ਵਿੱਚ ਨਿਪੁੰਨਤਾ ਸਦਕਾ ਰੀਅਲ ਫੋਕ ਕਲਚਰਲ ਇੰਟ: ਅਕੈਡਮੀ ਲੁਧਿਆਣਾ ਦੇ ਕਲਾਕਾਰਾਂ ਦੀ ਝੋਲੀ ਤਿੰਨ ਮੁਕਾਬਲਿਆਂ ਦੇ ਤਿੰਨ ਇਨਾਮ ਪਏ। ਪੰਜਾਬ ਅਕੈਡਮੀ ਦੇ ਪ੍ਰਧਾਨ ਗੁਰਜੀਤ ਸਿੰਘ ਚੀਮਾ, ਮੀਤ ਪ੍ਰਧਾਨ ਸਤਵੀਰ ਸਿੰਘ ਅਤੇ ਮੁੱਖ ਸਪਾਂਸਰ ਨਾਹਰ ਇੰਟਰਪ੍ਰਾਈਜਜ਼ ਵੱਲੋਂ ਡਾਇਰੈਕਟਰ ਜਗਦਿਆਲ ਸਿੰਘ ਘੋਲਾ ਨੇ ਆਪਣੇ ਕਲਾਕਾਰਾਂ ਦੀ ਜਿੱਤ ‘ਤੇ ਖੁਸ਼ੀ ਜਾਹਰ ਕਰਦਿਆਂ ਦੱਸਿਆ ਕਿ ਇਸ ਮੇਲੇ ਵਿੱਚ ਹਰ ਖੇਤਰ ਦੇ ਮੁਕਾਬਲੇ ਵਿੱਚ ਵਿਸ਼ਵ ਦੇ ਵੱਖ ਵੱਖ ਮੁਲਕਾਂ ਦੇ ਕਲਾਕਾਰ ਆਪਣੀਆਂ ਟੀਮਾਂ ਲੈ ਕੇ ਪਹੁੰਚਦੇ ਹਨ। ਭਖਵੇਂ ਮੁਕਾਬਲਿਆਂ ਵਿੱਚ ਪੰਜਾਬੀ ਕਲਾਕਾਰਾਂ ਨੇ ਕੋਰਿਓਗ੍ਰਾਫੀ ਲੋਕ ਨਾਚ ਝੂਮਰ ਵਿੱਚ ਦੂਸਰਾ ਸਥਾਨ, ਰਵਾਇਤੀ ਲੋਕ ਨਾਚ ਮਲਵਈ ਗਿੱਧਾ ਵਿੱਚ ਤੀਜਾ ਸਥਾਨ ਅਤੇ ਸਟਰੀਟ ਡਾਂਸ ਵੰਨਗੀ ਵਿੱਚ ਤੀਜਾ ਸਥਾਨ ਹਾਸਲ ਕਰਕੇ ਆਪਣੀ ਮਿਹਨਤ ਦਾ ਲੋਹਾ ਮੰਨਵਾਇਆ। ਜਿਕਰਯੋਗ ਹੈ ਕਿ ਇਹ ਮੇਲਾ ਈਸਟੈੱਡਵੋਡ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਮੇਲੇ ਦਾ ਮੁੱਢ 12 ਵੀਂ ਸਦੀ ਤੋਂ ਬੱਝਣਾ ਸ਼ੁਰੂ ਹੋਇਆ ਸੀ, ਜਦੋਂ ਸੰਨ 1176 ਵਿੱਚ ਪਹਿਲੀ ਵਾਰ ਸ਼ਾਇਰੀ ਤੇ ਸੰਗੀਤ ਦੀ ਮਹਿਫ਼ਿਲ ‘ਦ ਲੌਰਡ ਰਿਹਸ’ ਦੀ ਦੇਖਰੇਖ ਹੇਠ ਕਾਰਡੀਗਨ ਕਾਸਲ ਵਿਖੇ ਲੱਗੀ ਸੀ। ਇਸ ਵਿੱਚ ਵੇਲਜ਼ ਦੇ ਵੱਖ ਵੱਖ ਭਾਗਾਂ ਵਿੱਚੋਂ ਸ਼ਾਇਰ ਤੇ ਸੰਗੀਤ ਵਾਦਕ ਸੱਦੇ ਦੇ ਕੇ ਬੁਲਾਏ ਗਏ ਸਨ। ਜੇਤੂ ਸ਼ਾਇਰ ਤੇ ਸੰਗੀਤ ਵਾਦਕ ਨੂੰ ਮਾਣ ਵਜੋਂ ਲੌਰਡ ਦੇ ਮੇਜ ਅੱਗੇ ਕੁਰਸੀ ‘ਤੇ ਬੈਠਣ ਦਾ ਮਾਣ ਹਾਸਲ ਹੋਇਆ ਸੀ। ਇਸ ਉਤਸਵ ਨੂੰ ਵਿਸ਼ਵ ਪੱਧਰੀ ਰੂਪ ਸੰਨ 1947 ਵਿੱਚ ਮਿਲਿਆ ਸੀ, ਜਿਸ ਵਿੱਚ ਸਮੁੱਚੇ ਵਿਸ਼ਵ ਭਰ ਵਿੱਚੋਂ ਆਪੋ ਆਪਣੇ ਦੇਸ਼ਾਂ ਦੇ ਲੋਕ ਨਾਚ ਜਾਂ ਸੰਗੀਤ ਮੰਡਲੀਆਂ ਦੇ ਰੂਪ ਵਿੱਚ ਕਲਾਕਾਰ ਹਰ ਸਾਲ ਜੁਲਾਈ ਮਹੀਨੇ ਡੈਨਬਿਗਸ਼ਾਇਰ ਦੇ ਲੈਂਗੋਲੈਨ ਕਸਬੇ ਵਿੱਚ ਪਹੁੰਚਦੇ ਹਨ। ਪੰਜਾਬੀਆਂ ਦੇ ਲੋਕ ਨਾਚ ਭੰਗੜੇ ਦੀ ਪੇਸ਼ਕਾਰੀ ਤੇ ਰਵਾਇਤੀ ਪੁਸ਼ਾਕ ਦੇਖ ਕੇ ਦਰਸ਼ਕ ਅਸ਼ ਅਸ਼ ਕਰ ਉੱਠੇ। ਰੀਅਲ ਫੋਕ ਕਲਚਰਲ ਇੰਟ: ਅਕੈਡਮੀ ਲੁਧਿਆਣਾ ਦੇ ਪ੍ਰਬੰਧਕਾਂ ਨੇ ਆਪਣੇ ਕਲਾਕਾਰਾਂ ਦੀ ਇਸ ਮਾਣਮੱਤੀ ਜਿੱਤ ਨੂੰ ਉਹਨਾਂ ਸਮੂਹ ਕਲਾਕਾਰਾਂ ਤੇ ਸ਼ੁਭਚਿੰਤਕਾਂ ਦੀ ਝੋਲੀ ਪਾਇਆ ਹੈ, ਜਿਹਨਾਂ ਦੀਆਂ ਅਣਥੱਕ ਕੋਸ਼ਿਸ਼ਾਂ ਤੇ ਸਹਿਯੋਗ ਸਦਕਾ ਲੋਕ ਨਾਚ ਪੀੜ੍ਹੀ ਦਰ ਪੀੜ੍ਹੀ ਹੋਰ ਵਧੇਰੇ ਜੋਸ਼ ਨਾਲ ਗਤੀਵਾਨ ਹਨ।



# ਪੰਜਾਬਣ ਫਿਲਮ ਨਿਰਮਾਤਾ ਹਰਪ੍ਰੀਤ ਕੌਰ ਨੇ ਜਿੱਤਿਆ ਐਮੀ ਅਵਾਰਡ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਪੰਜਾਬਣ ਫ਼ਿਲਮ ਨਿਰਮਾਤਾ ਹਰਪ੍ਰੀਤ ਕੌਰ ਨੇ ਸੀਜ਼ਨ-6 ਵਿਚ ਟੀਵੀ ਸ਼ੋਅ ‘ਮੈਰੀਲੈਂਡ ਫਾਰਮ ਐਂਡ ਹਾਰਵੈਸਟ’ ਲਈ ਨਿਰਮਾਣ ਕੀਤੀ ਫਿਲਮ ਵਾਸਤੇ ਐਮੀ ਅਵਾਰਡ ਜਿੱਤਿਆ ਹੈ। ਇਸ ਪ੍ਰਾਪਤੀ ਨੇ ਪੰਜਾਬੀ ਭਾਈਚਾਰੇ ਖਾਸ ਕਰਕੇ ਸਿੱਖਾਂ ਦਾ ਮਾਣ ਵਧਾਇਆ ਹੈ। ਹਰਪ੍ਰੀਤ ਕੌਰ ਮੈਰੀਲੈਂਡ ਪਬਲਿਕ ਟੈਲੀਵੀਜ਼ਨ ‘ਤੇ ਨਿਰਮਾਤਾ ਵਜੋਂ ਕੰਮ ਕਰ ਰਹੀ ਹੈ। ਮੈਰੀਲੈਂਡ ਪਬਲਿਕ ਟੈਲੀਵੀਜ਼ਨ ਦੀ ਮੈਰੀਲੈਂਡ ਦੇ ਖੇਤੀਬਾੜੀ ਵਿਭਾਗ ਨਾਲ ਭਾਈਵਾਲੀ ਹੈ। ਉਹ ‘ਮੈਰੀਲੈਂਡ ਫਾਰਮ ਐਂਡ ਹਾਰਵੈਸਟ’ ਲਈ ਫਿਲਮਾਂ ਦਾ ਨਿਰਮਾਣ ਕਰਦੇ ਹਨ ਜਿਸ ਦਾ ਮਕਸਦ ਖੇਤੀਬਾੜੀ ਪ੍ਰਤੀ ਲੋਕਾਂ ਦੀ ਜਾਗਰੂਕਤਾ ਵਧਾਉਣਾ ਹੈ। ਇਨ੍ਹਾਂ ਦਾ ਮੁੱਖ ਮਕਸਦ ਜਿਸ ਸਨਅਤ ਨੇ ਰਾਸ਼ਟਰ ਦਾ ਨਿਰਮਾਣ ਕੀਤਾ ਹੈ ਅਤੇ ਵਿਸ਼ਵ ਦਾ ਨਿਰੰਤਰ ਢਿੱਡ ਭਰ ਰਹੀ ਹੈ, ਉਸ ਬਾਰੇ ਗਿਆਨ ਦੇਣਾ ਹੈ। ਖੇਤੀਬਾੜੀ ‘ਤੇ ਅਧਾਰਿਤ ਕਾਮਯਾਬ ਸ਼ਖਸੀਅਤਾਂ ਨੂੰ ਉਭਾਰਕੇ, ਆਮ ਕਿਸਾਨਾਂ ਨੂੰ ਖੇਤੀਬਾੜੀ ਬਾਰੇ ਸਿਖਿਅਤ ਕਰਨਾ, ਖੇਤੀਬਾੜੀ ਸਨਅਤ ਨਾਲ ਜੁੜੀਆਂ ਕਹਾਣੀਆਂ ਸੁਣਾਉਣੀਆਂ ਇਨ੍ਹਾਂ ਦਾ ਕੰਮ ਹੈ। ਮੈਰੀਲੈਂਡ ਪਬਲਿਕ ਟੈਲੀਵੀਜ਼ਨ ਦੀਆਂ ‘ਦ ਵਿਡੋ ਕਲੋਨੀ’ ਅਤੇ ‘ਏ ਲਿਟਲ ਰੈਵੋਲੂਸ਼ਨ’ ਵਰਗੀਆਂ ਐਵਾਰਡ ਜੇਤੂ ਫਿਲਮਾਂ ਪਿੱਛੇ ਹਰਪ੍ਰੀਤ ਕੌਰ ਦੀ ਮਿਹਨਤ ਹੀ ਰੰਗ ਲਿਆਈ ਸੀ।




WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

Call for more Info:

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

# ਅਮਰੀਕਾ ’ਚ ਸਿੱਖ ਪਰਿਵਾਰ ਦੀ ਹੱਤਿਆ ਦੇ ਦੋਸ਼ੀ ਨੂੰ ਹੋ ਸਕਦੀ ਹੈ ਮੌਤ ਦੀ ਸਜ਼ਾ

## *ਇਕੋ ਪਰਿਵਾਰ ਦੇ 4 ਜੀਆਂ ਦੀ ਹੱਤਿਆ ਦਾ ਕਾਰਨ ਜਾਇਦਾਦ ਹੜੱਪਣਾ ਸੀ*





**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਵੈਸਟ ਚੈਸਟਰ ਵਿਚ ਇਕ ਪੰਜਾਬੀ ਡਰਾਈਵਰ ਵੱਲੋਂ ਆਪਣੀ ਪਤਨੀ , ਸੱਸ -ਸਹੁਰੇ ਸਮੇਤ ਪਰਿਵਾਰ ਦੇ 4 ਜੀਆਂ ਦੀ ਕੀਤੀ ਗਈ ਹੱਤਿਆ ਅਤਿ ਘਿਣਾਉਣਾ ਕਾਰਾ ਸੀ, ਜਿਸ ਨੇ ਸਾਰੇ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਦਾ ਮੁੱਖ ਕਾਰਨ ਜਵਾਈ ਵਲੋਂ ਸਹੁਰੇ ਘਰ ਦੀ ਜਾਇਦਾਦ ਨੂੰ ਹੜੱਪਣਾ ਸੀ। ਇਹ ਪ੍ਰਗਟਾਵਾ ਵੈਸਟ ਚੈਸਟਰ ਦੇ ਪੁਲਿਸ ਮੁਖੀ ਜੋਇਲ ਹਰਜ਼ੋਗ ਨੇ ਕੀਤਾ ਹੈ। ਉਨਾਂ ਕਿਹਾ ਹੈ ਕਿ ਇਸ ਅਤਿ ਨਿੰਦਣਯੋਗ ਜੁਰਮ ਦਾ ਵੈਸਟ ਚੈਸਟਰ ਦੇ ਸਮੁੱਚੇ ਸਮਾਜ ਖਾਸ ਕਰਕੇ ਸਿੱਖ ਭਾਈਚਾਰੇ ਉਪਰ ਗਹਿਰਾ ਅਸਰ ਪਿਆ ਹੈ। ਇਹ ਭਾਈਚਾਰਾ ਅਜੇ ਤਕ ਇਸ ਸਦਮੇ ਵਿਚੋਂ ਉਭਰ ਨਹੀਂ ਸਕਿਆ ਹੈ। ਪੁਲਿਸ ਨੇ ਪਿਛਲੇ ਹਫਤੇ ਗੁਰਪ੍ਰੀਤ ਸਿੰਘ (37 ਸਾਲ) ਨੂੰ ਵੈਸਟ ਚੈਸਟਰ ਤੋਂ ਗ੍ਰਿਫ਼ਤਾਰ ਕਰਕੇ ਉਸ ਵਿਰੁੱਧ 4 ਹੱਤਿਆਵਾਂ ਕਰਨ ਦੇ ਬਕਾਇਦਾ ਦੋਸ਼ ਆਇਦ ਕਰ ਦਿੱਤੇ ਹਨ। ਇਸ ਸਮੇਂ ਉਹ ਬਰਾਨਫੋਰਡ ਕੋਨੈਕਟੀਕਟ ਜੇਲ੍ਹ ਵਿਚ ਬੰਦ ਹੈ। ਉਸ ਨੂੰ ਬਹੁਤ ਛੇਤੀ ਵੈਸਟ ਚੈਸਟਰ ਦੀ ਜੇਲ੍ਹ ਵਿਚ ਤਬਦੀਲ ਕੀਤੇ ਜਾਣ ਦੀ ਸੰਭਾਵਨਾ ਹੈ। ਗੁਰਪ੍ਰੀਤ ਸਿੰਘ ਨੂੰ ਪੁਲਿਸ ਨੇ ਅਪਣੀ ਪਤਨੀ ਸ਼ਲਿੰਦਰ ਕੌਰ (39 ਸਾਲ), ਸੱਸ ਪਰਮਜੀਤ ਕੌਰ (62 ਸਾਲ), ਸਹੁਰਾ ਹਰਕੀਰਤ ਸਿੰਘ ਪਨਾਗ (59 ਸਾਲ) ਅਤੇ ਪਤਨੀ ਦੀ ਮਾਸੀ ਅਮਰਜੀਤ ਕੌਰ (58 ਸਾਲ) ਨੂੰ ਉਨਾਂ ਦੇ ਘਰ ਅੰਦਰ ਹੀ ਕਤਲ ਕਰਨ ਦਾ ਦੋਸ਼ੀ ਪਾਇਆ ਹੈ, ਜਿਸ ਕਾਰਨ ਗੁਰਪ੍ਰੀਤ ਨੂੰ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ।

ਇਕ ਪ੍ਰੈਸ ਬਿਆਨ ਵਿਚ ਬਰਾਨਫੋਰਡ ਪੁਲਿਸ ਨੇ ਕਿਹਾ ਹੈ ਕਿ ਗੁਰਪ੍ਰੀਤ ਸਿੰਘ ਨੂੰ ਸਥਾਨਕ ਵਾਲਮਾਰਟ ਦੇ ਪਾਰਕਿੰਗ ਸਥਾਨ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਥੇ ਵਰਨਣਯੋਗ ਹੈ ਕਿ ਇਸ ਸਾਲ 28 ਅਪ੍ਰੈਲ ਨੂੰ ਗੁਰਪ੍ਰੀਤ ਸਿੰਘ ਨੇ ਖੁਦ ਹੀ ਪੁਲਿਸ ਨੂੰ 911 ਨੰ. ਉਤੇ ਫੋਨ ਉਪਰ ਉਸ ਦੇ ਘਰ ਵਿਚ ਹੱਤਿਆਵਾਂ ਹੋਣ ਦੀ ਜਾਣਕਾਰੀ ਦਿੱਤੀ ਸੀ। ਉਸ ਨੇ ਕਿਹਾ ਸੀ ਕਿ ਜਦੋਂ ਉਹ ਘਰ ਆਇਆ ਤਾਂ ਪਰਿਵਾਰ ਦੇ 4 ਜੀਅ ਫਰਸ਼ ਉਪਰ ਖੂਨ ਨਾਲ ਲੱਥਪੱਥ ਪਏ ਹਨ। ਉਸ ਨੇ ਪੁਲਿਸ ਨੂੰ ਕਿਹਾ ਕਿ ਉਸ ਦਾ ਦਿਮਾਗ ਸੁੰਨ ਹੋ ਗਿਆ ਤੇ ਉਸ ਨੂੰ ਕੁਝ ਨਹੀਂ ਸੁੱਝ ਰਿਹਾ। ਉਹ ਪਾਗਲਾਂ ਵਾਂਗ ਵਿਵਹਾਰ ਕਰ ਰਿਹਾ ਸੀ। ਉਸ ਨੇ ਇਹ ਹੱਤਿਆਵਾਂ ਨਸਲੀ ਨਫ਼ਰਤ ਨਾਲ ਜੋੜਨ ਦਾ ਵੀ ਯਤਨ ਕੀਤਾ ਪਰ ਪੁਲਿਸ ਨੇ ਉਸੇ ਵੇਲੇ ਹੀ ਕਹਿ ਦਿੱਤਾ ਸੀ ਕਿ ਇਹ ਸਿੱਧਾ ਯੋਜਨਾਬੱਧ ਹੱਤਿਆਵਾਂ ਦਾ ਮਾਮਲਾ ਹੈ। ਮਾਰੇ ਗਏ 4 ਜੀਆਂ ਦੇ 18 ਗੋਲੀਆਂ ਬਹੁਤ ਨੇੜਿਉਂ ਮਾਰੀਆਂ ਗਈਆਂ ਸਨ। ਜਿਆਦਾਤਰ ਗੋਲੀਆਂ ਸਿਰਾਂ ਵਿਚ ਮਾਰੀਆਂ ਗਈਆਂ ਸਨ ਤਾਂ ਕਿ ਉਨਾਂ ਵਿਚੋਂ ਕੋਈ ਵੀ ਬਚ ਨਾ ਸਕੇ। ਪਤਾ ਲੱਗਾ ਹੈ ਕਿ ਗੁਰਪ੍ਰੀਤ ਨਸ਼ੇ ਦਾ ਵੀ ਆਦੀ ਸੀ ਤੇ ਉਸ ਦੇ ਕਿਸੇ ਹੋਰ ਔਰਤ ਨਾਲ ਵੀ ਨਜਾਇਜ਼ ਸਬੰਧ ਦੱਸੇ ਗਏ ਹਨ। ਖੋਜ ਕਰਨ ਤੋਂ ਬਾਅਦ ਪਤਾ ਚੱਲਿਆ ਹੈ ਕਿ ਗੁਰਪ੍ਰੀਤ ਦੇ ਚਾਚੇ ਕੁਲਦੀਪ ਸਿੰਘ ਸੇਖੋਂ ਨੇ ਮ੍ਰਿਤਕ ਹਰਕੀਰਤ ਸਿੰਘ (ਸਹੁਰੇ) ਦੀ ਫਤਿਹਗੜ੍ਹ ਸਹਿਬ-ਚੰਡੀਗੜ ਸੜਕ ਉਤੇ ਪੈਂਦੀ 22 ਏਕੜ ਜ਼ਮੀਨ ‘ਤੇ ਵੀ ਕਬਜ਼ਾ ਕੀਤਾ ਹੋਇਆ ਹੈ, ਇਸ ਦਾ ਅਦਾਲਤ ਵਿਚ ਕੇਸ ਵੀ ਚੱਲ ਰਿਹਾ ਹੈ। ਪੁਲਿਸ ਮੁਖੀ ਨੇ ਦੋਸ਼ੀ ਨੂੰ ਗ੍ਰਿਫ਼ਤਾਰ ਕਰਵਾਉਣ ਵਿਚ ਮਦਦ ਕਰਨ ਲਈ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ ਹੈ।

## ਸਿੱਖ ਰਿਲੀਜ਼ੀਅਸ ਸੁਸਾਇਟੀ ਦੁਆਰਾ ਗੁਰਦੁਆਰਾ ਪਲਾਟਾਈਨ ਵਿਖੇ ਦੂਜੀ ਸਲਾਨਾ “ਸਰਬੱਤ ਦਾ ਭਲਾ” ਰਨ-ਵਾਕ ਆਯੋਜਿਤ



**ਪਲਾਟਾਈਨ (ਸ਼ਿਕਾਗੋ)/ਏਟੀ ਨਿਊਜ਼ :** ਸਿੱਖ ਧਾਰਮਿਕ ਸੁਸਾਇਟੀ ਨੇ ਆਪਣਾ ਦੂਜਾ ਸਲਾਨਾ ਸਮਾਗਮ ਪਲਾਟਾਈਨ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ। 30 ਜੂਨ ਨੂੰ ਕਰਵਾਏ ਇਸ ਸਮਾਗਮ ਵਿਚ ਦੂਜੀ ਸਾਲਾਨਾ “ਸਰਬੱਤ ਦਾ ਭਲਾ” 3.2 ਕਿਮੀ. ਦੀ ਦੌੜ ਵਿਚ ਸਾਰੇ ਵਰਗਾਂ ਦੇ 200 ਤੋਂ ਵੱਧ ਲੋਕਾਂ ਨੇ ਪਰਿਵਾਰਾਂ ਸਮੇਤ ਹਿੱਸਾ ਲਿਆ। ਸਮਾਗਮ ਵਿਚ ਇਲੀਨਾਇਸ ਦੇ ਸੈਨੇਟਰ ਐਨ ਗਲੇਸਪੀ ਨੇ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋ ਕੇ ਸਰਬੱਤ ਦੀ ਭਲਾਈ, ਸਿਹਤ, ਸ਼ਾਂਤੀ, ਪਿਆਰ ਅਤੇ ਸਹਿਣਸ਼ੀਲਤਾ ਲਈ ਅਯੋਜਿਤ ਇਸ ਦੌੜ ਨੂੰ ਹਰੀ ਝੰਡੀ ਦਿੱਤੀ। ਇਹ ਸਮਾਗਮ ਸਿੱਖ ਯੂਥ ਵਲੰਟੀਅਰਾਂ ਅਤੇ ਸਿੱਖ ਰਿਲੀਜ਼ੀਅਸ ਸੁਸਾਇਟੀ, ਪਲਾਟਾਈਨ ਗੁਰਦੁਆਰਾ ਸਾਹਿਬ ਤੇ ਸਿੱਖ ਸੰਗਤਾਂ ਦੇ ਸਾਂਝੇ ਯਤਨਾਂ ਨਾਲ ਕਰਵਾਇਆ ਗਿਆ। ਯੂਥ ਆਰਗੇਨਾਈਜ਼ੇਸ਼ਨ ਕਮੇਟੀ ਦੇ ਜਸਵੀਰ ਕੌਰ ਨੇ ਕਿਹਾ ਕਿ “ਇਸ ਰਨ-ਵਾਕ ਦਾ ਉਦੇਸ਼ ਸਭ ਭਾਈਚਾਰਿਆਂ ਨੂੰ ਆਪਸ ਵਿਚ ਜੋੜਨਾ, ਸਿਹਤਮੰਦ ਅਤੇ ਭਾਈਚਾਰਿਕ ਗਤੀਵਿਧੀਆਂ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨਾ ਹੈ। ਇਸ ਸਾਲ ਦੀ “ਸਰਬੱਤ ਦਾ ਭਲਾ” ਦੌੜ ਗੁਰੂ ਨਾਨਕ ਦੇਵ ਜੀ ਦੀ 550 ਵੀਂ ਜਨਮ ਵਰ੍ਹੇਗੰਢ ਨੂੰ ਸਮਰਪਿਤ ਸੀ। ਗੁਰਮਤਿ ਸੰਡੇ ਸਕੂਲ ਦੇ ਵਿਦਿਆਰਥੀ ਸਹਿਜ ਕੌਰ, ਅਜੀਤ ਸਿੰਘ ਅਤੇ ਅਸੀਸ ਕੌਰ ਨੇ ਇਸ ਮੌਕੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਤੋਂ ਉਨ੍ਹਾਂ ਨੂੰ ਕੀ ਪ੍ਰੇਰਨਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਨੇ ਆਪਣੀਆਂ ਰੂਹਾਨੀ ਯਾਤਰਾਵਾਂ ਦੌਰਾਨ 24 ਸਾਲਾਂ ਦੌਰਾਨ 40,000 ਕਿਲੋਮੀਟਰ ਦਾ ਸਫਰ ਤੈਅ ਕੀਤਾ ਸੀ। ਗੁਰੂ ਸਾਹਿਬ ਨੇ ਨੌਂ ਦੇਸ਼ਾਂ ਦਾ ਦੌਰਾ ਕੀਤਾ ਜੋ ਜਿਆਦਾਤਰ ਪੈਦਲ ਹੀ ਸੀ। ਜਿਨ੍ਹਾਂ ਲੋਕਾਂ ਨਾਲ ਵੀ ਉਹ ਮੁਲਾਕਾਤ ਕਰਦੇ ਸਨ, ਉਨ੍ਹਾਂ ਨੂੰ ਸੱਚ ਦੀ ਮਹੱਤਤਾ, ਸਮਾਜਕ ਨਿਆਂ, ਪਿਆਰ, ਇਕ-ਦੂਜੇ ਦੇ ਵਿਸ਼ਵਾਸ ਅਤੇ ਹਮਦਰਦੀ ਦਾ ਸਤਿਕਾਰ ਕਰਨ ਦਾ ਸਬਕ ਦਿੰਦੇ ਸਨ।

**ਬਾਕੀ ਸਫ਼ਾ 32 ’ਤੇ**


CIS
CALIFORNIA
IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# 21 ਸਤੰਬਰ ਨੂੰ ਵੂਲਵਰਹੈਂਪਟਨ ਵਿਖੇ ਹੋਵੇਗੀ 7ਵੀਂ ਯੂਕੇ ਗੱਤਕਾ ਚੈਂਪੀਅਨਸ਼ਿਪ : ਢੇਸੀ



ਤਸਵੀਰ ਵਿਚ (ਖੱਬੇ ਤੋਂ ਸੱਜੇ) -ਬਲਰਾਜ ਸਿੰਘ ਅਟਵਾਲ, ਹਰਨੇਕ ਸਿੰਘ ਮੈਰੀਪੁਰੀਆ, ਗੁਰਮੀਤ ਸਿੰਘ ਸਿੱਧੂ, ਹਰਮਨ ਸਿੰਘ ਜੌਹਲ, ਤਨਮਨਜੀਤ ਸਿੰਘ ਢੇਸੀ ਐਮਪੀ. ਅਤੇ ਅਵਤਾਰ ਸਿੰਘ ਬੈਠੇ ਨਜ਼ਰ ਆ ਰਹੇ ਹਨ।

**ਚੰਡੀਗੜ੍ਹ/ਏਟੀ ਨਿਊਜ਼ :** ਗੱਤਕਾ ਫੈਡਰੇਸ਼ਨ ਯੂਕੇ. ਅਤੇ ਗੁਰੂ ਨਾਨਕ ਸਤਸੰਗ ਸਿੱਖ ਗੁਰਦੁਆਰਾ ਵੂਲਵਰਹੈਂਪਟਨ ਦੇ ਅਹੁਦੇਦਾਰਾਂ ਨੇ ਇਕ ਮੀਟਿੰਗ ਦੌਰਾਨ ਫੈਸਲਾ ਕੀਤਾ ਹੈ ਕਿ ਇਸ ਸਾਲ 21 ਸਤੰਬਰ ਸ਼ਨੀਵਾਰ ਨੂੰ ਗੁਰੂ ਨਾਨਕ ਸਤਸੰਗ ਸਿੱਖ ਗੁਰਦੁਆਰਾ, ਕੈਨੌਕ ਰੋਡ, ਵੂਲਵਰਹੈਂਪਟਨ ਵਿਖੇ 7ਵੀਂ ਯੂਕੇ. ਗੱਤਕਾ ਚੈਂਪੀਅਨਸ਼ਿਪ-2019 ਕਰਵਾਈ ਜਾਵੇਗੀ।

ਇਸ ਸਬੰਧੀ ਬਰਤਾਨਵੀ ਸੰਸਦ ਦੇ ਅਹਾਤੇ ਵਿਚ ਗੱਤਕਾ ਚੈਂਪੀਅਨਸ਼ਿਪ ਦੀਆਂ ਤਿਆਰੀਆਂ ਸਬੰਧੀ ਹੋਈ ਬੈਠਕ ਤੋਂ ਬਾਅਦ ਸ. ਤਨਮਨਜੀਤ ਸਿੰਘ ਢੇਸੀ ਸੰਸਦ ਮੈਂਬਰ, ਜੋ ਕਿ ਗੱਤਕਾ ਫੈਡਰੇਸ਼ਨ ਯੂਕੇ ਦੇ ਸੰਸਥਾਪਕ ਪ੍ਰਧਾਨ ਹਨ ਅਤੇ ਪਿਛਲੇ 7 ਸਾਲ ਤੋਂ ਇਹ ਸੇਵਾ ਨਿਭਾਅ ਰਹੇ ਹਨ, ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿਚ ਵੱਖ-ਵੱਖ ਸ਼ਹਿਰਾਂ ਵਿਚੋਂ ਇਕ ਦਰਜਨ ਤੋਂ ਵੱਧ ਗੱਤਕਾ ਅਖਾੜੇ ਭਾਗ ਲੈਣਗੇ। ਉਨਾਂ ਦੱਸਿਆ ਕਿ ਇਹ ਚੈਂਪੀਅਨਸ਼ਿਪ 2013 ਵਿਚ ਗ੍ਰੇਵਜ਼ਲੈਂਡ ਤੋਂ ਸ਼ੁਰੂ ਹੋਈ ਸੀ ਜੋ ਕਿ ਸੰਨ 2014 ਵਿਚ ਡਰਬੀ ਵਿਚ, 2015 ਵਿਚ ਸਾਊਥਹਾਲ, 2016 ਵਿਚ ਸਮੈਥਵਿੱਕ, 2017 ਵਿਚ ਇਲਫੋਰਡ ਅਤੇ 2018 ਵਿਚ ਸਲੋਹ ਵਿਖੇ ਹੋਈ ਸੀ।

ਸ. ਢੇਸੀ ਨੇ ਦੱਸਿਆ ਕਿ ਇਹ ਖੇਡਾਂ ਪਹਿਲੀ ਵਾਰ ਵੂਲਵਰਹੈਂਪਟਨ ਵਿਖੇ ਹੋ ਰਹੀਆਂ ਹਨ ਜਿੱਥੇ ਮੁੰਡੇ ਤੇ ਕੁੜੀਆਂ ਨੂੰ ਸਦੀਆਂ ਪੁਰਾਣੀ ਇਸ ਵਿਰਾਸਤੀ ਖੇਡ ਦੇ ਜੌਹਰ ਵਿਖਾਉਣ ਦਾ ਅਵਸਰ ਮਿਲੇਗਾ। ਉਨਾਂ ਨੇ ਕੈਨਨੌਕ ਰੋਡ ਗੁਰਦੁਆਰਾ ਕਮੇਟੀ ਤੋਂ ਇਲਾਵਾ ਗੱਤਕਾ ਫੈਡਰੇਸ਼ਨ ਯੁਕੇ ਦੇ ਸਕੱਤਰ ਹਰਮਨ ਸਿੰਘ ਜੌਹਲ ਦਾ ਵੀ ਧੰਨਵਾਦ ਕੀਤਾ ਜਿਨਾਂ ਦੀ ਟੀਮ ਵੱਲੋਂ ਇਸ ਆਯੋਜਨ ਨੂੰ ਸਫਲ ਬਣਾਉਣ ਲਈ ਯੋਗਦਾਨ ਪਾਇਆ ਜਾ ਰਿਹਾ ਹੈ।ਉਨਾਂ ਨੇ ਯੂਕੇ. ਸਥਿਤ ਗੱਤਕਾ ਟੀਮਾਂ ਨੂੰ ਇਸ ਚੈਂਪੀਅਨਸ਼ਿਪ ਵਿਚ ਭਾਗ ਲੈਣ ਦਾ ਸੱਦਾ ਵੀ ਦਿੱਤਾ।

ਬਾਕੀ ਸਫ਼ਾ 32 'ਤੇ

# ਅਮਰੀਕਾ ਦੇ ਅਜ਼ਾਦੀ ਦਿਵਸ 'ਤੇ ਸਿੱਖੀ ਪਹਿਚਾਣ ਠਾਠਾਂ ਮਾਰਦੀ ਰਹੀ

## ਅਮਰੀਕਨਾਂ ਵਲੋਂ ਤਾੜੀਆਂ, ਹੂਟਿੰਗ ਤੇ ਨਾਹਰਿਆਂ ਨਾਲ ਸਵਾਗਤ






**ਵਾਸ਼ਿਗਟਨ ਡੀਸੀ/ਸੁਰਿੰਦਰ ਸਿੰਘ ਗਿੱਲ :** ਅਮਰੀਕਾ ਦੇ ਸਿੱਖ ਪਿਛਲੇ ਬਾਰ੍ਹਾਂ ਸਾਲਾਂ ਤੋਂ ਅਮਰੀਕਾ ਦੇ ਅਜ਼ਾਦੀ ਦਿਵਸ 'ਤੇ ਆਪਣੀ ਪਹਿਚਾਣ ਨੂੰ ਉਭਾਰ ਰਹੇ ਹਨ। ਸਿੱਖਸ ਆਫ ਅਮਰੀਕਾ ਸੰਸਥਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਣਥੱਕ ਮਿਹਨਤ ਅਤੇ ਕੰਵਲਜੀਤ ਸਿੰਘ ਸੋਨੀ ਦੇ ਸਮੁੱਚੇ ਸਹਿਯੋਗ ਨਾਲ ਸਿੱਖਾਂ ਦਾ ਫਲੋਟ 4 ਜੁਲਾਈ ਅਜ਼ਾਦੀ ਦਿਵਸ ਦੇ ਮੌਕੇ 'ਤੇ ਵਾਸ਼ਿੰਗਟਨ ਡੀਸੀ. ਵਿੱਚ ਆਪਣੀ ਵੱਖਰੀ ਦਿੱਖ ਦਰਜ ਕਰ ਗਿਆ।

ਪਰੇਡ ਦੀ ਸ਼ੁਰੂਆਤ ਕਾਨਸਟੀਚਿਊਟ ਐਵੀਨਿਊ ਤੋਂ ਸ਼ੁਰੂ ਹੋਈ ਜਿਸ ਨੂੰ ਮਾਰਸ਼ਲਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਅਗਵਾਈ ਦਿੱਤੀ, ਜਿਸ ਵਿੱਚ ਮਨਪ੍ਰੀਤ ਸਿੰਘ ਮਠਾਰੂ, ਕੰਵਲਜੀਤ ਸਿੰਘ ਸੋਨੀ, ਮਨਿੰਦਰ ਸਿੰਘ ਸੇਠੀ, ਗੁਰਿੰਦਰ ਸਿੰਘ ਸੇਠੀ, ਇੰਦਰਜੀਤ ਸਿੰਘ ਗੁਜਰਾਲ, ਚਤਰ ਸਿੰਘ ਸੈਣੀ, ਬਖਸ਼ੀਸ਼ ਸਿੰਘ, ਗੁਰਚਰਨ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ, ਸਰਬਜੀਤ ਸਿੰਘ ਬਖਸ਼ੀ ਨੇ ਬਾਖੂਬ ਢੰਗ ਨਾਲ ਹਰੇਕ ਨੂੰ ਲੜੀਆਂ ਵਿੱਚ ਪ੍ਰੋਅ ਕੇ ਰੱਖਿਆ। ਸਮੂਹ ਸਿੰਘਾਂ-ਸਿੰਘਣੀਆਂ ਵਲੋਂ ਗਰੇਟ ਅਮਰੀਕਾ, ਲਵ ਅਮਰੀਕਾ (ਯੂਐੱਸਏ), ਗੌਡ ਬਲੈਸ ਅਮਰੀਕਾ ਦੇ ਨਾਅਰਿਆਂ ਨਾਲ ਹਾਜ਼ਰੀਨ ਤੋਂ ਵਧੀਆ ਕੁਮੈਂਟ ਦਰਜ ਕਰਵਾਏ। ਇਸ ਤਰ੍ਹਾਂ ਸੜਕ ਦੇ ਦੋਵੇਂ ਪਾਸੇ ਹਜ਼ਾਰਾਂ ਲੋਕਾਂ ਦੇ ਸਾਹਮਣੇ ਸਿੱਖਾਂ ਦੀ ਪਹਿਚਾਣ ਨੂੰ ਦਰਜ ਕੀਤਾ ਗਿਆ। ਅਮਰੀਕਨਾਂ ਵੱਲੋਂ ਸਿੱਖਾਂ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ ਗਈ ਜੋ ਕਿ ਸਮੂਹ ਸਿੱਖਾਂ ਲਈ ਕਾਬਲੇ ਤਾਰੀਫ ਸੀ। ਇਸ ਸਾਲ ਸਿੱਖਾਂ ਦਾ ਠਾਠਾਂ ਮਾਰਦਾ ਇਕੱਠ, ਅਮਰੀਕਨ ਝੰਡੇ ਦੇ ਰੰਗਾਂ ਵਿੱਚ ਲਿਪਟਿਆ ਆਪਣੀ ਪਹਿਚਾਣ ਦਾ ਚਾਨਣ ਹਰ ਪਾਸੇ ਵੰਡ ਗਿਆ, ਜਿਸ ਦੀ ਸੁਗੰਧੀ ਅਮਰੀਕਨ ਲੋਚਦੇ ਆਮ ਨਜ਼ਰ ਆਏ। ਅਮਰੀਕਨ ਗੁਰਪ੍ਰੀਤ ਆਈਡਲ ਦੇ ਗੀਤਾਂ 'ਤੇ ਹਾਜ਼ਰੀਨ ਨੇ ਖੂਬ ਭੰਗੜਾ ਤੇ ਨਾਚ ਕੀਤਾ ਜੋ ਇੱਕ ਵੱਖਰਾ ਅਲੌਕਿਕ ਨਜ਼ਾਰਾ ਪੇਸ਼ ਕਰ ਗਿਆ, ਜਿਸ ਨੂੰ ਅਮਰੀਕਨਾਂ ਨੇ ਵੀ ਖੂਬ ਸਲਾਹਿਆ।

ਸਮੁੱਚੇ ਤੌਰ 'ਤੇ ਸਿੱਖਾਂ ਵਲੋਂ ਅਜ਼ਾਦੀ ਦਿਵਸ ਦੀ ਪਰੇਡ ਨੂੰ ਚਾਰ ਚੰਨ ਲਗਾ ਦਿੱਤੇ ਅਤੇ ਆਪਣੀ ਪਹਿਚਾਣ ਦੀ ਧਾਕ ਖੂਬ ਜਮ੍ਹਾ ਗਏ। ਇਸ ਦਾ ਸਿਹਰਾ ਮੁੱਖ ਤੌਰ 'ਤੇ ਸਿੱਖਸ ਆਫ ਅਮਰੀਕਾ ਦੀ ਸੰਸਥਾ ਨੂੰ ਜਾਂਦਾ ਹੈ, ਜਿਨ੍ਹਾਂ ਨੇ ਆਰਮੀ ਵਿੱਚ ਵੱਖ-ਵੱਖ ਅਹੁਦਿਆਂ 'ਤੇ ਬੈਠੇ ਫੌਜੀ ਜਿਨ੍ਹਾਂ ਦੀ ਅਗਵਾਈ ਲੈਫਟੀਨੈਂਟ ਕਰਨਲ ਕੰਵਲਜੀਤ ਸਿੰਘ ਨੇ ਕੀਤੀ। ਆਪਣੀ ਦਿੱਖ ਨੂੰ ਫਲੋਟ ਉਤੇ ਅਮਰੀਕਨਾਂ ਵਿੱਚ ਬਤੌਰ ਸਿੱਖ ਅਫਸਰ ਪੇਸ਼ ਕਰਕੇ ਸਿੱਖਾਂ ਦੀ ਬਹਾਦਰੀ ਨੂੰ ਪੇਸ਼ ਕੀਤਾ। ਮੰਚ ਤੋਂ ਜਿੱਥੇ ਸਿੱਖਾਂ ਦੇ ਵੱਖ-ਵੱਖ ਮਹਿਕਮਿਆਂ ਵਿਚ ਪਸਾਰੇ ਹੋਣ ਅਤੇ ਇਨ੍ਹਾਂ ਦੀ ਇਮਾਨਦਾਰੀ, ਬਹਾਦਰੀ ਅਤੇ ਸਹਿਣਸ਼ੀਲਤਾ ਦਾ ਪ੍ਰਗਟਾਵਾ ਕੀਤਾ ਗਿਆ, ਉੱਥੇ ਸਿੱਖਾਂ ਦੀ ਧਾਰਮਿਕ ਰਹਿਤ ਮਰਿਯਾਦਾ ਅਤੇ ਰਹਿਬਰਾਂ ਦੀ ਪੜਚੋਲ ਨੂੰ ਵੀ ਦਰਸਾਇਆ। ਸਿੱਖਾਂ ਵਲੋਂ ਡਾਕਟਰੀ, ਇੰਜੀਨੀਅਰ, ਪਾਈਲਟ, ਪੁਲਿਸ ਤੇ ਫੌਜ ਦੇ ਕਿੱਤੇ ਵਿੱਚ ਕੀਤੀਆਂ ਕਾਰਗੁਜ਼ਾਰੀਆਂ ਨੂੰ ਖੂਬ ਉਭਾਰਿਆ ਗਿਆ ਜੋ ਸਿੱਖਾਂ ਲਈ ਮਾਣ ਵਾਲੀ ਗੱਲ ਸੀ ਅਤੇ ਸਿੱਖਸ ਆਫ ਅਮਰੀਕਾ ਸੰਸਥਾ ਦੇ ਰੁਤਬੇ ਲਈ ਮੀਲ ਪੱਥਰ ਸਾਬਤ ਹੋਈ। ਇਸ ਸਾਰੀ ਕਾਰਗੁਜ਼ਾਰੀ ਦਾ ਕਰੈਡਿਟ ਜਸਦੀਪ ਸਿੰਘ ਜੱਸੀ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਜਾਂਦਾ ਹੈ। ਪਰੇਡ ਨੂੰ ਕੈਮਰਾਬੰਦ ਕਰਨ ਵਿੱਚ ਸੁਰਮੁਖ ਸਿੰਘ ਮਣਕੂ, ਡਾ. ਸੁਖਪਾਲ ਸਿੰਘ ਧਨੋਆ, ਕੁਲਵਿੰਦਰ ਸਿੰਘ ਫਲੋਰਾ ਅਤੇ ਡਾ. ਗਿੱਲ ਦਾ ਅਹਿਮ ਰੋਲ ਰਿਹਾ, ਜਿਸ ਲਈ ਉਹ ਵਧਾਈ ਦੇ ਪਾਤਰ ਹਨ।

DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਕੈਨੇਡਾ ਵਿਚ ਹੋਏ ਵਿਆਹ ਸਮਾਗਮ ਵਿਚ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ

## *ਗੁਰੂ ਗਰੰਥ ਸਾਹਿਬ ਦੀ ਹਜ਼ੂਰੀ 'ਚ ਕੁਰਸੀਆਂ 'ਤੇ ਜੋੜਾ ਬੈਠਿਆ*

**ਓਟਾਵਾ/ਏਟੀ ਨਿਊਜ਼ :** ਹਾਲਟਨ ਗੁਰਦਵਾਰਾ ਸਾਹਿਬ, ਓਕਵਿੱਲ ਕੈਨੇਡਾ ਵਿਖੇ ਇਕ ਅਨੰਦ ਕਾਰਜ ਦੌਰਾਨ ਲਾੜਾ ਤੇ ਲਾੜੀ ਗੁਰੂ ਗ੍ਰੰਥ ਸਾਹਿਬ ਅੱਗੇ ਕੁਰਸੀਆਂ ਉਤੇ ਬੈਠੇ। ਕੈਨੇਡਾ ਦੇ ਪਰਵਾਸੀ ਖਾਲਸਾ ਲਈ ਇਸ ਤਰ੍ਹਾਂ ਦਾ ਵਿਆਹ ਸਮਾਗਮ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਕੁਝ ਸਿੱਖ ਚਿੰਤਕਾਂ ਨੇ ਕਿਹਾ ਹੈ ਕਿ ਇਹ ਗੰਭੀਰ ਸਾਜਿਸ਼ ਦਾ ਮਾਮਲਾ ਹੈ ਕਿ ਸਿੱਖ ਅਜਿਹੇ ਮਾਮਲਿਆਂ ਵਿਚ ਹੀ ਉਲਝੇ ਰਹਿਣ। ਗੁਰੂ ਦੀ ਹਾਜਰੀ ਵਿਚ ਹਉਮੈਂ ਤਿਆਗ ਕੇ ਆਉਣਾ ਪੈਦਾ ਹੈ। ਇਹ ਅਨੰਦ ਕਾਰਜ ਨਹੀਂ, ਸੁਪਰ ਈਗੋ ਦਾ ਪਰਗਟਾਵਾ ਹੈ। ਗੁਰਦੁਆਰੇ ਵਿਚ ਅਨੰਦ ਕਾਰਜ ਵਿਚ ਜੋੜੇ ਲਈ ਵੀਆਈਪੀ ਪਰਬੰਧ ਸਿੱਖ ਮਰਿਯਾਦਾ ਤੋਂ ਉਲਟ ਕਾਰਵਾਈ ਹੈ। ਇਥੇ ਉਹ ਕੁਰਸੀਆਂ ਉਤੇ ਬੈਠ ਕੇ ਅਨੰਦ ਕਾਰਜ ਦੀ ਪ੍ਰਥਾ ਨਿਭਾਅ ਰਹੇ ਹਨ।

ਸਿੱਖ ਮਰਿਆਦਾ ਵਿਚ ਕੋਈ ਵੀ ਸਿੱਖ ਗੁਰੂ ਗਰੰਥ ਤੇ ਪੰਥ ਜਾਂ ਸੰਗਤ ਤੋਂ ਸਰਵੋਤਮ ਨਹੀਂ ਹੈ। ਅਨੰਦ ਕਾਰਜ ਦੀ ਅਕਾਲ ਤਖਤ ਵਲੋਂ ਜਾਰੀ ਆਪਣੀ ਮਰਿਯਾਦਾ ਹੈ। ਜੇ ਕਿਸੇ ਨੂੰ ਮਰਿਯਾਦਾ ਚੰਗੀ ਨਹੀਂ ਲਗਦੀ ਕਨੂੰਨੀ ਵਿਆਹ ਕਰਵਾ ਲਿਆ ਜਾਵੇ। ਪਰ ਇਹ ਗੈਰ ਸਿਧਾਂਤਕ ਪਹੁੰਚ ਠੀਕ ਨਹੀਂ ਹੈ। ਅਕਾਲ ਤਖ਼ਤ ਸਾਹਿਬ ਤੋਂ ਪ੍ਰਮਾਣਿਤ ਸਿੱਖ ਰਹਿਤ ਮਰਿਯਾਦਾ ਮੁਤਾਬਕ ਜੋੜਾ ਖੜ੍ਹਾ ਹੋ ਕੇ ਪਾਠੀ ਵਲੋਂ ਲਾਵਾਂ ਸੁਣੇ ਤੇ ਰਾਗੀ ਦੇ ਸਬਦ ਪੜ੍ਹਨ 'ਤੇ ਫੇਰੇ ਲਵੇ। ਇਹ ਜੋ ਵਾਪਰਿਆ ਇਸ ਲਈ ਗੁਰਦੁਆਰਾ ਪਰਬੰਧਕ ਕਮੇਟੀ, ਗਰੰਥੀ, ਭਾਈ, ਰਿਸ਼ਤੇਦਾਰ, ਵਿਆਹ 'ਤੇ ਇਕੱਠੇ ਹੋਏ ਲੋਕ ਜ਼ਿੰਮੇਵਾਰ ਬਣਦੇ ਹਨ ਜਿਹਨਾਂ ਮਰਿਯਾਦਾ ਦੀਆਂ ਧੱਜੀਆਂ ਉਡਾਈਆਂ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਕਹਿੰਦੇ ਹਨ ਕਿ ਗੁਰਦੁਆਰਾ ਪਰਬੰਧਕ ਕਮੇਟੀ ਨੂੰ ਤੇ ਪਰਿਵਾਰ ਨੂੰ ਕਨੂੰਨੀ ਨੋਟਿਸ ਭੇਜਿਆ ਜਾਵੇ। ਦੂਸਰੇ ਪਾਸੇ ਹਾਲਟਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ ਇਸ ਦੇ ਲਈ ਗ੍ਰੰਥੀ ਸਾਹਿਬਾਨ ਤੇ ਰਾਗੀ ਦੋਸ਼ੀ ਹਨ ਤੇ ਉਹਨਾਂ ਨੇ ਇਹ ਘਟਨਾ ਉਹਨਾਂ ਦੇ ਨੋਟਿਸ ਵਿਚ ਨਹੀਂ ਲਿਆਂਦੀ। ਇਹ ਸਭ ਕੁਝ ਪ੍ਰਬੰਧਕ ਕਮੇਟੀ ਦੀ ਗੈਰ-ਹਾਜ਼ਰੀ ਵਿਚ ਹੋਇਆ ਹੈ। ਇਸ ਸਬੰਧ ਵਿਚ ਉਹ ਪੂਰੇ ਪੰਥ ਤੋਂ ਮਾਫੀ ਮੰਗਦੇ ਹਨ ਤੇ ਉਹ ਦੋਸ਼ੀਆਂ ਵਿਰੁੱਧ ਕਾਰਵਾਈ ਕਰਨਗੇ।

**ਅਕਾਲ ਤਖ਼ਤ ਵੱਲੋਂ ਨੋਟਿਸ-**

ਅਕਾਲ ਤਖ਼ਤ ਨੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਜ਼ੋਰਾ ਸਿੰਘ, ਰਾਗੀ ਜੱਥਾ ਅਵਤਾਰ ਸਿੰਘ ਅਤੇ ਗੁਰਦੁਆਰਾ ਕਮੇਟੀ ਤੋਂ ਸਪੱਸ਼ਟੀਕਰਨ ਮੰਗਿਆ ਹੈ। ਇਸ ਵੀਡੀਓ ਦੇ ਵਾਇਰਲ ਹੋਣ ਨਾਲ ਹਰ ਪਾਸੇ ਚਰਚਾ ਸੀ ਕਿ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੁਰਸੀਆਂ ਲਗਾਉਣ 'ਤੇ ਰੋਕਿਆ ਕਿਉਂ ਨਹੀਂ ਗਿਆ। ਇਹ ਆਪਣੀ ਕਿਸਮ ਦਾ ਪਹਿਲਾ ਮਾਮਲਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਸਾਲ 2016 ਵਿੱਚ ਵਿਦੇਸ਼ ਦੀ ਧਰਤੀ 'ਤੇ ਇਸੇ ਤਰ੍ਹਾਂ ਕੁਰਸੀਆਂ 'ਤੇ ਬਿਠਾ ਕੇ ਆਨੰਦ ਕਾਰਜ ਕਰਵਾਏ ਜਾਣ ਦੀ ਘਟਨਾ ਵਾਪਰੀ ਸੀ। ਇਸ ਵੀਡੀਓ ਬਾਰੇ ਬੋਲਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੋਈ ਵੀ ਸ਼ਖਸ ਗੁਰੂ ਸਾਹਿਬ ਅਤੇ ਉਨ੍ਹਾਂ ਵੱਲੋਂ ਫਰਮਾਈ ਪਾਵਨ ਪਵਿੱਤਰ ਬਾਣੀ ਤੋਂ ਉੱਪਰ ਨਹੀਂ ਹੋ ਸਕਦਾ। ਗਿਆਨੀ ਹਰਪ੍ਰੀਤ ਸਿੰਘ ਅਨੁਸਾਰ ਹਰ ਸਿੱਖ ਦਾ ਫ਼ਰਜ਼ ਬਣਦਾ ਹੈ ਕਿ ਉਹ ਗੁਰਬਾਣੀ ਅਤੇ ਗੁਰੂ ਸਾਹਿਬ ਦਾ ਸਤਿਕਾਰ ਬਣਾਈ ਰੱਖੇ। ਗਿਆਨੀ ਹੁਰਾਂ ਨੇ ਇਸ 'ਤੇ ਨਰਾਜ਼ ਹੁੰਦਿਆਂ ਕਿਹਾ ਕਿ ਇਸ ਬਾਰੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਿਆਨ ਵਿੱਚ ਲਿਆ ਰਹੇ ਹਨ ਜਿਸ ਤੋਂ ਬਾਅਦ ਅਜਿਹਾ ਕਾਰਾ ਕਰਨ ਵਾਲਿਆਂ ਦੀ ਤੁਰੰਤ ਜਾਂਚ ਕਰਵਾ ਕੇ ਕਾਰਵਾਈ ਕੀਤੀ ਜਾਵੇਗੀ।

# ਲਵਾਰਿਸ ਕਰਾਰ ਦੇ ਕੇ ਸਾੜੀਆਂ ਗਈਆਂ 8257 ਸਿੱਖਾਂ ਦੀਆਂ ਲਾਸ਼ਾਂ ਦਾ ਇੱਕ ਹੋਰ ਕੇਸ ਜਾਵੇਗਾ ਸੁਪਰੀਮ ਕੋਰਟ

## *ਗੈਰ ਕਾਨੂੰਨੀ ਕਤਲਾਂ ਦਾ ਸੱਚ ਸਾਹਮਣੇ ਆਵੇ : ਖਾਲੜਾ ਮਿਸ਼ਨ*

### ਪੀੜਤਾਂ ਨੂੰ ਇਨਸਾਫ ਤੇ ਮੁਆਵਜ਼ਾ ਮਿਲੇ: ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ :** ਜੂਨ-84 ਦੇ ਫੌਜੀ ਹਮਲੇ ਉਪਰੰਤ ਪੰਜਾਬ ਪੁਲਿਸ ਅਤੇ ਅਰਧ ਸੈਨਿਕ ਬਲਾਂ ਵਲੋਂ ਪੰਜਾਬ ਅੰਦਰ ਗੈਰ ਕਾਨੂੰਨੀ ਢੰਗ ਨਾਲ ਫੜ ਕੇ, ਤਸ਼ੱਦਦ ਕਰਕੇ ਮਾਰੇ ਤੇ ਲਾਵਾਰਿਸ ਕਰਾਰ ਦਿੰਦਿਆਂ ਸੰਸਕਾਰ ਕੀਤੇ ਗਏ 8257 ਸਿੱਖਾਂ ਦਾ ਕੇਸ ਸੁਪਰੀਮ ਕੋਰਟ ਵਿੱਚ ਦਾਖਲ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਇਥੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਅਤੇ ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਨਾਮੀ ਸੰਸਥਾ ਨੇ ਦਿੱਤੀ ਹੈ। ਸੰਸਥਾ ਵਲੋਂ ਸਥਾਨਕ ਠਾਕਰ ਸਿੰਘ ਆਰਟ ਗੈਲਰੀ ਵਿਖੇ ਪੰਜਾਬ ਵਿੱਚ ਸਾਲ 1984 ਤੋਂ 1995 ਤੀਕ ਲਾਪਤਾ ਸਿੱਖਾਂ ਦੇ ਅਜੇਹੇ ਮਾਮਲਿਆਂ ਬਾਰੇ ਤੱਥਾਂ ਸਹਿਤ ਤਿਆਰ ਕੀਤੀ ਦਸਤਾਵੇਜੀ ਫਿਲਮ ਦੇ ਪ੍ਰਦਰਸ਼ਨ ਕੀਤਾ ਗਿਆ। ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਦੇ ਬਰਿਸਟਰ ਸਤਨਾਮ ਸਿੰਘ ਬੈਂਸ ਨੇ ਦੱਸਿਆ ਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਲਾਵਾਰਿਸ ਲਾਸ਼ਾਂ ਦਾ ਮਾਮਲਾ ਜਨਤਕ ਕਰਨ ਵਾਲੇ ਤੇ ਖੁਦ ਲਾਵਾਰਿਸ ਲਾਸ਼ ਬਣਾ ਦਿੱਤੇ ਗਏ ਭਾਈ ਜਸਵੰਤ ਸਿੰਘ ਖਾਲੜਾ ਵਲੋਂ ਇੰਕਸ਼ਾਫ ਕੀਤੇ 25 ਹਜਾਰ ਲਾਵਾਰਿਸ ਲਾਸ਼ਾਂ ਵਾਲੇ ਮਾਮਲਿਆਂ ਦੀ ਜਾਂਚ ਦਾ ਕੰਮ ਸਾਲ 2002 ਦੇ ਕਰੀਬ ਮੁੜ ਆਰੰਭਿਆ ਸੀ। ਸੰਸਥਾ ਨੇ ਪੰਜਾਬ ਦੇ ਚੁਣੇ 22 ਜਿਲ੍ਹਿਆਂ ਵਿਚੋਂ 14 ਜਿਲ੍ਹਿਆਂ ਵਿੱਚ ਕੰਮ ਕਰਦਿਆਂ ਲਾਵਾਰਿਸ ਕਹਿ ਕੇ ਸਾੜ ਦਿੱਤੇ ਗਏ ਸਿੱਖਾਂ ਦੇ ਕੇਸਾਂ ਦੀ ਜਾਂਚ ਸ਼ੁਰੂ ਕੀਤੀ ਗਈ। ਅਖਬਾਰੀ ਖਬਰਾਂ, ਥਾਣਿਆਂ ਵਿੱਚ ਦਰਜ ਐਫਆਈਆਰਜ਼., ਪੋਸਟ ਮਾਰਟਮ ਰਿਪੋਰਟਾਂ, ਪੀੜਤ ਪਰਿਵਾਰਾਂ ਦੀਆਂ ਦਲੀਲਾਂ ਤੇ ਦਾਅਵਿਆਂ ਦਾ ਮਿਲਾਨ ਕਰਦਿਆਂ 8257 ਅਜੇਹੇ ਕੇਸ ਲੱਭੇ ਹਨ ਜੋ ਸ. ਖਾਲੜਾ ਦੇ ਦਾਅਵਿਆਂ ਦੇ ਅਨੁਸਾਰੀ ਹਨ ਸ. ਬੈਂਸ ਨੇ ਦੱਸਿਆ ਕਿ ਮੌਜੂਦ ਦਸਤਾਵੇਜਾਂ ਤੇ ਪੀੜਤਾਂ ਦਾ ਪੱਖ ਸੰਸਾਰ ਸਾਹਮਣੇ ਰੱਖਣ ਲਈ ਸੰਸਥਾ ਨੇ ਦੋ ਕੁ ਸਾਲ ਪਹਿਲਾਂ ਹੀ ਪੀੜਤਾਂ ਨੂੰ ਇੰਡੀਪੈਂਡੈਂਟ ਪੀਪਲਜ਼ ਟ੍ਰਿਬਿਊਨਲ ਦੇ ਸਾਹਮਣੇ ਪੇਸ਼ ਕੀਤਾ ਜਿਥੇ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਸੇਵਾ ਮੁਕਤ ਜੱਜ, ਸੀਨੀਅਰ ਵਕੀਲ, ਅਜੇਹੇ ਕੇਸ ਲੜ ਰਹੇ ਮੌਜੂਦਾ ਵਕੀਲ ਸਾਹਿਬਾਨ, ਮਿਜੋਰਮ, ਮਨੀਪੁਰ ਤੇ ਕਸ਼ਮੀਰ ਵਿੱਚ ਅਜੇਹੇ ਮਾਮਲਿਆਂ ਦੀ ਜਾਂਚ ਕਰ ਰਹੀਆਂ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਿਲ ਸਨ।



ਉਨ੍ਹਾਂ ਦੱਸਿਆ ਕਿ ਟ੍ਰਿਬਿਊਨਲ ਨੇ ਅਜੇਹੇ ਮਾਮਲੇ ਸੁਪਰੀਮ ਕੋਰਟ ਵਿੱਚ ਉਠਾਉਣ ਦੀ ਸਿਫਾਰਸ਼ ਕੀਤੀ ਹੈ ਅਤੇ ਮਹਿਸੂਸ ਕੀਤਾ ਹੈ ਕਿ ਨੈਸ਼ਨਲ ਮਨਿਓਰਿਟੀ ਕਮਿਸ਼ਨ ਨੇ ਅਜੇਹੇ ਕੇਸਾਂ ਬਾਰੇ ਸੁਪਰੀਮ ਕੋਰਟ ਦੇ ਜਾਰੀ ਆਦੇਸ਼ਾਂ ਨੂੰ ਸੀਮਤ ਕਰਕੇ ਵੇਖਿਆ ਹੈ। ਇਸ ਮੌਕੇ 70 ਮਿੰਟ ਦੀ ਦਸਤਾਵੇਜੀ ਫਿਲਮ ਵਿਖਾਈ ਗਈ ਜੋ ਲਾਵਾਰਿਸ ਕਰਾਰ ਦੇ ਕੇ ਸਾੜ ਦਿੱਤੇ ਗਏ ਲੋਕਾਂ ਦੀ ਹਕੀਕੀ ਦਾਸਤਾਂ ਪੇਸ਼ ਕਰ ਰਹੀ ਸੀ। ਸੰਸਥਾ ਦੇ ਬਰਿਸਟਰ ਸਤਨਾਮ ਸਿੰਘ ਬੈਂਸ ਤੇ ਬੀਬੀ ਖਾਲੜਾ ਨੇ ਕਿਹਾ ਹੈ ਕਿ ਉਹ ਚਾਹੁੰਦੇ ਹਨ ਕਿ ਇਨ੍ਹਾਂ ਗੈਰ ਕਾਨੂੰਨੀ ਕਤਲਾਂ ਦਾ ਸੱਚ ਸਾਹਮਣੇ ਸਾਹਮਣੇ ਆਵੇ, ਪੀੜਤਾਂ ਨੂੰ ਇਨਸਾਫ ਤੇ ਮੁਆਵਜਾ ਮਿਲੇ ਅਤੇ ਅਜੇਹੇ ਕਾਰੇ ਮੁੜ ਨਾ ਦੁਹਰਾਏ ਜਾਣ ਦਾ ਅਹਿਦ ਸਰਕਾਰਾਂ ਕਰਨ। ਇਸ ਮੌਕੇ ਵੱਡੀ ਗਿਣਤੀ ਪੀੜਤ ਪਰਿਵਾਰ ਵੀ ਮੌਕੇ 'ਤੇ ਹਾਜ਼ਰ ਸਨ। ਇਸ ਮੌਕੇ ਨਰੈਣ ਸਿੰਘ ਚੌੜਾ, ਐਡਵੋਕੇਟ ਜਗਦੀਪ ਸਿੰਘ, ਜਗਜੀਤ ਸਿੰਘ, ਐਡਵੋਕੇਟ ਸਰਬਜੀਤ ਸਿੰਘ, ਐਡਵੋਕੇਟ ਜਸਬੀਰ ਸਿੰਘ ਘੁਮਣ, ਬੀਬੀ ਪਰਮਜੀਤ ਕੌਰ ਖਾਲੜਾ, ਕੰਵਰਪਾਲ ਸਿੰਘ ਬਿੱਟੂ, ਸਰਬਜੀਤ ਸਿੰਘ ਘੁਮਾਣ, ਭਾਈ ਮੋਹਕਮ ਸਿੰਘ, ਭਾਈ ਨਵਦੀਪ ਸਿੰਘ, ਨਵਦੀਪ ਸਿੰਘ ਬਾਜਵਾ, ਪਰਮਜੀਤ ਸਿੰਘ ਅਕਾਲੀ, ਭਾਈ ਪੰਜਾਬ ਸਿੰਘ, ਭਾਈ ਭੁਪਿੰਦਰ ਸਿੰਘ ਵੀ ਹਾਜ਼ਰ ਸਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375

# ਖਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਸ਼ਹੀਦ ਭਾਈ ਗੁਰਦੇਵ ਸਿੰਘ ਰੁੜਕਾ ਕਲਾਂ ਨੂੰ ਕੇਸਰੀ ਪ੍ਰਣਾਮ : ਯੂਨਾਈਟਿਡ ਖਾਲਸਾ ਦਲ ਯੂਕੇ

**ਲੰਡਨ/ਏਟੀ ਨਿਊਜ਼ :**
ਯੂਨਾਈਟਿਡ ਖਾਲਸਾ ਦਲ ਯੂਕੇ ਵਲੋਂ ਖਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਜੁਝਾਰੂ ਸ਼ਹੀਦ ਭਾਈ ਗੁਰਦੇਵ ਸਿੰਘ ਦੇਵ ਦੀ ਕੁਰਬਾਨੀ ਨੂੰ ਕੇਸਰੀ ਪ੍ਰਣਾਮ ਕੀਤਾ ਗਿਆ। ਦਲ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਆਖਿਆ ਕਿ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸੰਘਰਸ਼ ਵਿੱਚ ਆਪਾ ਕੁਰਬਾਨ ਕਰਨ ਵਾਲਿਆਂ ਦੀ ਕਤਾਰ ਬਹੁਤ ਲੰਮੀ ਹੈ। ਹਜ਼ਾਰਾਂ ਹੀ ਮਾਵਾਂ ਨੇ ਆਪਣੇ ਪੁੱਤਰ, ਭੈਣਾਂ ਨੇ ਆਪਣੇ ਵੀਰ ਅਤੇ ਸੁਹਾਗ ਇਸ ਸੰਘਰਸ਼ ਦੌਰਾਨ ਵਾਰ ਦਿੱਤੇ। ਹਜ਼ਾਰਾਂ ਹੀ ਸਤਿਕਾਰਯੋਗ ਬਜ਼ੁਰਗਾਂ ਦੀਆਂ ਡੰਗੋਰੀਆਂ ਰੂਪੀ ਉਹਨਾਂ ਦੇ ਸਪੁੱਤਰ ਇਸ ਧਰਮ ਦੀ ਜੰਗ ਦੌਰਾਨ ਲੜਦੇ ਹੋਏ ਸ਼ਹੀਦ ਹੋ ਗਏ, ਜਿਹਨਾਂ ਨੇ ਗੌਰਵਮਈ ਸਿੱਖ ਇਤਿਹਾਸ ਨੂੰ ਦੁਹਰਾ ਦਿੱਤਾ ਕਿ ਅਣਖ ਨਾਲ ਜਿਉਣਾ ਅਤੇ ਧਰਮ ਵਾਸਤੇ ਮਰਨਾ ਹਰ ਸ਼ਰਧਾਵਾਨ ਸਿੱਖ ਦਾ ਫਰਜ਼ ਹੈ। ਅਫਸੋਸ ਕਿ ਅੱਜ ਕਈ ਕਥਿਤ ਪ੍ਰਚਾਰਕ ਤਰ੍ਹਾਂ-ਤਰ੍ਹਾਂ ਦੇ ਭਰਮ ਭੁਲੇਖੇ ਪੈਦਾ ਕਰਕੇ ਸਿੱਖ ਇਤਿਹਾਸ ਨੂੰ ਪੁੱਠਾ ਗੇੜਾ ਦੇ ਕੇ ਸਿੱਖ ਦੁਸ਼ਮਣਾਂ ਦੀਆਂ ਕੁਚਾਲਾਂ ਨੂੰ ਅਮਲ ਵਿੱਚ ਲਿਆ ਰਹੇ ਹਨ। ਇਹ ਲੋਕ ਗੁਰਬਾਣੀ, ਗੁਰਇਤਿਹਾਸ ਅਤੇ ਸਿੱਖ ਇਤਿਹਾਸ ਪ੍ਰਤੀ ਆਏ ਦਿਨ ਸ਼ੰਕੇ ਖੜ੍ਹੇ ਕਰ ਰਹੇ ਹਨ। ਕਿਉਂਕਿ ਸ਼ਰਧਾ ਹੀ ਧਰਮ ਦੀ ਬੁਨਿਆਦ ਹੁੰਦੀ ਹੈ ਅਤੇ ਸ਼ਰਧਾ ਹੀ ਸਿਦਕ ਨੂੰ ਜਨਮ ਦਿੰਦੀ ਹੈ, ਇਸ ਲਈ ਇਹ ਲੋਕ ਸਿੱਖ ਦੀ ਸ਼ਰਧਾ ਨੂੰ ਖਤਮ ਕਰਕੇ ਸਿੱਖ ਮਾਨਸਿਕਤਾ ਵਿੱਚ ਨਾਸਤਿਕਪੁਣਾ ਭਰ ਰਹੇ ਹਨ। ਅਜਿਹੇ ਮੌਕੇ ਖਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਕਾਫਲੇ ਵਿੱਚ ਸ਼ਾਮਲ ਸ਼ਹੀਦ ਭਾਈ ਗੁਰਦੇਵ ਸਿੰਘ ਉਰਫ ਦੇਵ ਪਿੰਡ ਰੁੜਕਾ ਕਲਾਂ ਜਿਲ੍ਹਾ ਜਲੰਧਰ ਅਤੇ ਉਹਨਾਂ ਦੇ ਨਾਲ ਹੀ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕੀਤੇ ਗਏ ਭਾਈ ਜਸਵਿੰਦਰ ਸਿੰਘ ਪਿੰਡ ਢੰਡਵਾੜ ਦੀ ਕੁਰਬਾਨੀ ਸਾਨੂੰ ਸਿੱਖੀ ਸਿਦਕ ਦੀ ਯਾਦ ਦਿਵਾਉਂਦੀ ਹੈ। ਆਓ ਇਨ੍ਹਾਂ ਸ਼ਹੀਦਾਂ ਨੂੰ ਕੇਸਰੀ ਪ੍ਰਣਾਮ ਕਰੀਏ।

ਗੌਰਤਲਬ ਹੈ ਕਿ ਰੂਪੋਸ਼ ਜਿੰਦਗੀ ਦੌਰਾਨ ਪੁਲਿਸ ਭਾਈ ਗੁਰਦੇਵ ਸਿੰਘ ਨੂੰ ਭਾਲ ਰਹੀ ਸੀ ਤਾਂ ਕਿ ਉਸ ਨੂੰ ਗ੍ਰਿਫਤਾਰ ਕਰਕੇ ਖਾਲਿਸਤਾਨ ਕਮਾਂਡੋ ਫੋਰਸ ਦੇ ਜੁਝਾਰੂ ਭਾਈ ਗੁਰਨੇਕ ਸਿੰਘ ਨੇਕਾ ਪਿੰਡ ਮਹਿਸਮਪੁਰ ਅਤੇ ਭਾਈ ਗੁਰਦੀਪ ਸਿੰਘ ਦੀਪਾ ਹੇਰਾਂ ਦੇ ਗਰੁੱਪ ਨੂੰ ਖਤਮ ਕੀਤਾ ਜਾ ਸਕੇ। ਇੱਕ ਦਿਨ ਭਾਈ ਗੁਰਦੇਵ ਸਿੰਘ ਨੂੰ ਬਹੁਤ ਤੇਜ਼ ਬੁਖਾਰ ਸੀ ਅਤੇ ਉਹ ਬਹਿਰਾਮ ਦੇ ਬੱਸ ਅੱਡੇ ਉਤੇ ਬੈਠਾ ਬੱਸ ਦੀ ਉਡੀਕ ਕਰ ਰਿਹਾ ਸੀ। ਐਨ ਉਸੇ ਵਕਤ ਹੀ ਕਾਮਰੇਡ ਸਰਵਣ ਚੀਮਾ ਲੰਘਿਆ ਜਿਸ ਦੇ ਗੰਨਮੈਨਾਂ ਵਿੱਚ ਰੁੜਕਾ ਕਲਾਂ ਦਾ ਵਸਨੀਕ ਕਾਮਰੇਡ ਲੱਸੀ ਵੀ ਸੀ, ਜੋ ਕਿ ਰੁੜਕਾ ਕਲਾਂ ਦੇ ਸਰਪੰਚ ਦੁਸ਼ਟ ਕੁਲਵੰਤ ਕਾਂਤੀ ਦਾ ਖਾਸ ਯਾਰ ਸੀ। ਇਸ ਲੱਸੀ ਨਾਮਕ ਕਾਮਰੇਡ ਨੇ ਭਾਈ ਗੁਰਦੇਵ ਸਿੰਘ ਨੂੰ ਪਛਾਣ ਲਿਆ



ਅਤੇ ਕਾਮਰੇਡਾਂ ਨੇ ਸਰਵਣ ਚੀਮੇ ਦੇ ਇਸ਼ਾਰੇ 'ਤੇ ਘੇਰਾ ਪਾ ਕੇ ਭਾਈ ਗੁਰਦੇਵ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਉਸ ਨੂੰ ਬੁਖਾਰ ਇੰਨਾ ਤੇਜ਼ ਸੀ ਕਿ ਉਹ ਸੰਭਲ ਨਾ ਸਕਿਆ। ਇਹਨਾਂ ਨੇ ਉਸ ਨੂੰ ਗ੍ਰਿਫਤਾਰ ਕਰਕੇ ਦੁਸ਼ਟ ਪੁਲਿਸ ਇੰਸਪੈਕਟਰ ਜਸਕੀਰਤ ਕੱਸੋਚਾਹਲ ਦੇ ਹਵਾਲੇ ਕਰ ਦਿੱਤਾ। ਜ਼ਿਕਰਯੋਗ ਹੈ ਕਿ ਕਪੂਰਥਲਾ ਜਿਲ੍ਹੇ ਦੇ ਪਿੰਡ ਕੱਸੋਚਾਹਲ ਦਾ ਰਹਿਣ ਵਾਲਾ ਜਸਕੀਰਤ ਨਕੋਦਰ ਗੋਲੀ ਕਾਂਡ ਦਾ ਵੀ ਜਿੰਮੇਵਾਰ ਸੀ, ਜਿਸ ਤਹਿਤ ਰੋਸ ਮਾਰਚ ਦੌਰਾਨ ਚਾਰ ਸਿੰਘ ਸ਼ਹੀਦ ਅਤੇ ਅਨੇਕਾਂ ਜਖਮੀ ਹੋ ਗਏ ਸਨ। ਇਸ ਜਸਕੀਰਤ ਨੇ ਹੀ ਭਾਈ ਹਰਮਿੰਦਰ ਸਿੰਘ ਕਨਵੀਨਰ ਸਿੱਖ ਸਟੂਡੈਂਟਸ ਫੈਡਰੇਸ਼ਨ, ਜਿਲ੍ਹਾ ਜਲੰਧਰ ਨੂੰ ਉਸ ਦੇ ਮੂੰਹ ਵਿੱਚ ਆਪਣੇ 455 ਬੋਰ ਦੇ ਸਰਵਿਸ ਰਿਵਾਲਵਰ ਨਾਲ ਗੋਲੀ ਮਾਰ ਕੇ ਸ਼ਹੀਦ ਕੀਤਾ ਸੀ। ਗ੍ਰਿਫਤਾਰੀ ਤੋਂ ਬਾਅਦ ਦੋ ਹਫਤੇ ਤਕ ਭਾਈ ਗੁਰਦੇਵ ਸਿੰਘ 'ਤੇ ਪੁਲਿਸ ਨੇ ਅੱਤ ਵਹਿਸ਼ੀ ਕਿਸਮ ਦਾ ਤਸ਼ੱਦਦ ਕੀਤਾ। ਭਾਈ ਗੁਰਦੇਵ ਸਿੰਘ ਬਾਰੇ ਤਸ਼ੱਦਦ ਦੌਰਾਨ ਮੌਜੂਦ ਪੁਲਿਸ ਕਰਮਚਾਰੀਆਂ ਨੇ ਦੱਸਿਆ ਸੀ ਕਿ ਭਾਈ ਗੁਰਦੇਵ ਸਿੰਘ ਗੁਰਬਾਣੀ ਪੜ੍ਹਦਾ ਰਿਹਾ ਅਤੇ ਕਦੇ ਵਾਹਿਗੁਰੂ ਦਾ ਸਿਮਰਨ ਕਰਨ ਲੱਗ ਪੈਂਦਾ ਸੀ। ਜਲੰਧਰ ਦੇ ਤੱਤਕਾਲੀ ਐੱਸ.ਪੀ .ਡੀ ਸਵਰਨੇ ਘੋਟਣੇ ਦਾ ਕੋਈ ਵੀ ਤਸ਼ੱਦਦ ਭਾਈ ਗੁਰਦੇਵ ਸਿੰਘ ਨੂੰ ਡੁਲਾ ਨਾ ਸਕਿਆ।

ਅਖੀਰ ਸੱਤ ਜੁਲਾਈ 1988 ਵਾਲੇ ਦਿਨ ਨਵਾਂ ਸ਼ਹਿਰ ਦੇ ਪਿੰਡ ਤਲਵੰਡੀ ਫੱਤੂਕੀ ਨੇੜੇ ਭਾਈ ਗੁਰਦੇਵ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਢੰਡਵਾੜ ਨੂੰ ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਘੜਦਿਆਂ ਸ਼ਹੀਦ ਕਰ ਦਿੱਤਾ ਗਿਆ। ਭਾਈ ਜਸਵਿੰਦਰ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਭਾਈ ਗੁਰਦੇਵ ਸਿੰਘ ਦਾ ਜਨਮ ਪਿੰਡ ਰੁੜਕਾ ਕਲਾਂ ਵਿੱਚ ਸ. ਗੁਰਮੀਤ ਸਿੰਘ ਦੇ ਘਰੇ ਮਾਤਾ ਮਨਜੀਤ ਕੌਰ ਦੀ ਕੁੱਖੋਂ ਹੋਇਆ ਸੀ। ਭਾਈ ਗੁਰਦੇਵ ਸਿੰਘ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਖਾਲਿਸਤਾਨ ਕਮਾਂਡੋ ਫੋਰਸ ਵਿੱਚ ਰਹਿੰਦਿਆਂ ਬਹੁਤ ਹੀ ਨਾਮਵਰ ਐਕਸ਼ਨਾਂ ਵਿੱਚ ਸ਼ਮੂਲੀਅਤ ਕੀਤੀ। ਉਸ ਨੇ ਰੂਪੋਸ਼ ਸਿੰਘ ਵਾਸਤੇ ਠਾਹਰਾਂ ਮੁਹੱਈਆ ਕਰਵਾਉਂਦਿਆਂ ਹਰ ਤਰ੍ਹਾਂ ਦੀ ਸੇਵਾ ਵਿੱਚ ਯੋਗਦਾਨ ਪਾਇਆ। ਜਿਸ ਦਿਨ ਸ਼ਹੀਦ ਭਾਈ ਗੁਰਦੇਵ ਸਿੰਘ ਨਮਿੱਤ ਭੋਗ ਸੀ ਉਸੇ ਦਿਨ ਹੀ ਮੁਖਬਰ ਸਰਵਣ ਚੀਮੇ ਦੇ ਗੰਨਮੈਨ ਲੱਸੀ ਦੇ ਘਰ ਨੂੰ ਘੇਰਾ ਪਾ ਕੇ ਖਾਲਿਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨੇ ਉਸ ਦੇ ਪਿਉ ਅਤੇ ਚਾਚੇ ਨੂੰ ਧੁਰ ਦੀਆਂ ਟਿਕਟਾਂ ਦੇ ਦਿੱਤੀਆਂ ਜਦਕਿ ਲੱਸੀ ਭੱਜਣ ਵਿੱਚ ਕਾਮਯਾਬ ਹੋ ਗਿਆ ਸੀ। ਬਾਅਦ ਵਿੱਚ ਸਰਵਣ ਚੀਮੇ ਨੂੰ ਚੂਹੇ ਕੀ ਪਿੰਡ ਨੇੜੇ ਬਾਡੀਗਾਰਡਾਂ ਸਮੇਤ ਸੋਧ ਦਿੱਤਾ ਗਿਆ। ਕਾਮਰੇਡ ਕਾਂਤੀ ਭਾਈ ਗੁਰਦੇਵ ਸਿੰਘ ਨੂੰ ਸ਼ਹੀਦ ਕਰਵਾਉਣ ਦਾ ਜਿੰਮੇਵਾਰ ਹੈ। ਇਸ ਨੇ ਆਪਣੇ ਪਿੰਡ ਰੁੜਕਾ ਕਲਾਂ ਸਮੇਤ ਫਿਲੌਰ ਇਲਾਕੇ ਦੇ 19 ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਵਾਇਆ ਸੀ, ਜਿਹਨਾਂ ਵਿੱਚ ਭਾਈ ਸੁਖਦੇਵ ਸਿੰਘ ਸੋਢੀ, ਭਾਈ ਜੋਗਿੰਦਰ ਸਿੰਘ ਮਾਹੀਆ, ਭਾਈ ਮਨਜੀਤ ਸਿੰਘ ਬਿੱਲਾ ਦਾ ਨਾਮ ਵਰਨਣਯੋਗ ਹੈ। ਗੌਰਵਮਈ ਸਿੱਖ ਇਤਿਹਾਸ ਦੇ ਸੁਨਿਹਰੀ ਪੰਨਿਆਂ ਉਤੇ ਚਮਕਦੇ ਇਹ ਸਿਤਾਰੇ ਸਿੱਖ ਕੌਮ ਦੀ ਨੌਜਵਾਨ ਪੀੜ੍ਹੀ ਲਈ ਚਾਨਣ ਮੁਨਾਰਾ ਰਹਿਣਗੇ, ਜਿਹਨਾਂ ਨੇ ਸਿੱਖ ਕੌਮ ਦੇ ਗਲੋਂ ਗੁਲਾਮੀ ਦਾ ਜੂਲਾ ਲਾਹ ਕੇ ਅਜਾਦ ਫਿਜ਼ਾ ਵਿੱਚ ਸਾਹ ਲੈਣ ਦੇ ਯੋਗ ਬਣਾਉਣ ਵਾਸਤੇ ਹੱਕ, ਸੱਚ, ਇਨਸਾਫ ਅਤੇ ਧਰਮ 'ਤੇ ਅਧਾਰਿਤ ਚੱਲ ਰਹੇ ਖਾਲਿਸਤਾਨ ਦੇ ਸੰਘਰਸ਼ ਦੌਰਾਨ ਆਪਾ ਨਿਸ਼ਾਵਰ ਕਰ ਦਿੱਤਾ।

## ਸਿਆਟਲ ਦੇ ਪੰਜਾਬੀ ਨੌਜਵਾਨਾਂ ਵੱਲੋਂ ਪੰਜਾਬੀ ਵਿਰਸੇ ਨਾਲ ਜੁੜੇ ਰਹਿਣ ਦਾ ਪ੍ਰਣ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਪੰਜਾਬੀ ਨੌਜਵਾਨ ਲੜਕੇ ਤੇ ਲੜਕੀਆਂ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੁੜਨ ਨੂੰ ਤਰਜੀਹ ਦੇ ਰਹੇ ਹਨ। 500 ਤੋਂ ਵੱਧ ਨੌਜਵਾਨ ਵੱਖ-ਵੱਖ ਹੈਲਥ ਕਲੱਬਾਂ ਵਿਚ



ਕਸਰਤ ਕਰਦੇ, ਸਾਕਰ, ਵਾਲੀਵਾਲ, ਕ੍ਰਿਕਟ ਖੇਡਦੇ ਵੇਖੇ ਜਾ ਸਕਦੇ ਹਨ। ਇਥੇ ਪੰਜਾਬੀ ਭਾਈਚਾਰੇ ਦੇ ਨੌਜਵਾਨ ਬਹੁਤ ਘੱਟ ਨਸ਼ਾ ਕਰਦੇ ਹਨ ਅਤੇ ਆਪਸ ਵਿਚ ਬੜੇ ਪਿਆਰ, ਮੁਹੱਬਤ ਨਾਲ ਰਹਿ ਰਹੇ ਹਨ। ਗੌਰਤਲਬ ਹੈ ਕਿ ਸਿਆਟਲ (ਅਮਰੀਕਾ) ਦੇ ਨੇੜੇ ਲਗਦੇ ਸ਼ਹਿਰ ਵੈਨਕੋਵਰ, ਸਰੀ, ਕੈਨੇਡਾ ਦੇ ਕਈ ਨੌਜਵਾਨ ਨਸ਼ਿਆਂ ਵਿਚ ਪੈ ਕੇ ਆਪਸੀ ਲੜਾਈ ਝਗੜਿਆਂ 'ਚ ਜਾਨਾਂ ਤਕ ਗੁਆ ਚੁੱਕੇ ਹਨ। ਅਜਿਹੇ ਵਿਚ ਸਿਆਟਲ ਦੇ ਨੌਜਵਾਨ ਲੜਕੇ ਤੇ ਲੜਕੀਆਂ ਨੇ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਪ੍ਰਣ ਕੀਤਾ ਹੈ। ਪੰਜਾਬੀ ਨੌਜਵਾਨਾਂ ਦੇ ਇਸ ਕਦਮ ਦੀ ਚੁਫੇਰਿਓਂ ਸ਼ਲਾਘਾ ਹੋ ਰਹੀ ਹੈ।






ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸਿਆਟਲ 'ਚ ਪੰਜਾਬੀਆਂ ਨੇ ਅਮਰੀਕਾ ਦਾ ਅਜ਼ਾਦੀ ਦਿਵਸ ਮਨਾਇਆ





**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਦੇ ਪੰਜਾਬੀ ਭਾਈਚਾਰੇ ਅਤੇ ਖੇਡ ਕੈਂਪ ਦੇ ਬੱਚਿਆਂ ਨੇ ਮਿਲ ਕੇ ਅਮਰੀਕਾ ਦਾ ਅਜ਼ਾਦੀ ਦਿਵਸ ਮਨਾਇਆ। ਇਸ ਮੌਕੇ ਬੱਚਿਆਂ ਤੇ ਨੌਜਵਾਨਾਂ ਦੇ ਫੁੱਟਬਾਲ ਤੇ ਵਾਲੀਵਾਲ ਦੇ ਮੁਕਾਬਲੇ ਕਰਵਾਏ ਗਏ। ਦਲਬੀਰ ਸਿੰਘ ਬੈਂਸ ਨੇ ਬੱਚਿਆਂ, ਨੌਜਵਾਨਾਂ ਤੇ ਬਜ਼ੁਰਗਾਂ ਲਈ ਰਿਫ੍ਰੈਸ਼ਮੈਂਟ ਦੀ ਸੇਵਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਨਿਭਾਈ। ਇਸ ਸਮਾਗਮ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਰਾਜਧਾਨੀ ਖ਼ਾਲਸਾ ਤਖਤ ਲੋਹਗੜ੍ਹ ਉਤੇ ਖੋਜ ਕਰ ਰਹੇ ਗੁਰਵਿੰਦਰ ਸਿੰਘ, ਕੁਲਦੀਪ ਸਿੰਘ, ਉਪਿੰਦਰ ਸਿੰਘ ਢੀਂਡਸਾ ਤੇ ਸਿਆਟਲ ਦੀ ਸਤਿਕਾਰਤ ਹਸਤੀ ਹਰਦੇਵ ਸਿੰਘ ਨੂੰ ਫੁੱਲਾਂ ਦੇ ਗੁਲਦਸਤੇ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਦਰਸ਼ਨ ਸਿੰਘ ਬੱਲੀ ਬੜਾ ਪਿੰਡ, ਜੈਗ ਬਸਰਾ, ਉਂਕਾਰ ਸਿੰਘ, ਲੱਖਾ ਸਿੰਘ ਸੰਧੂ ਚਾਟੀਵਿੰਡ, ਜੀਵਨ ਸਿੰਘ, ਪਰਮਿੰਦਰ ਸਿੰਘ ਭੱਟੀ, ਮਨਮੋਹਨ ਸਿੰਘ ਧਾਲੀਵਾਲ ਸਮੇਤ ਕਈ ਅਹਿਮ ਸ਼ਖਸੀਅਤਾਂ ਨੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ ਅਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਬਾਰੇ ਜਾਣਕਾਰੀ ਦੇਣ ਲਈ ਬੱਚਿਆਂ ਦੇ ਖੇਡ ਕੈਂਪ ਲਗਾਉਣ ਦੀ ਸ਼ਲਾਘਾ ਕੀਤੀ।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਚ ਬੱਚਿਆਂ ਦਾ ਗੁਰਮਤਿ ਕੈਂਪ ਸ਼ੁਰੂ



**ਨਿਊਯਾਰਕ/ਏਟੀ ਨਿਊਜ਼ :** ਇਥੇ ਹਰ ਸਾਲ ਦੀ ਤਰ੍ਹਾਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦਾ ਗੁਰਮਤਿ ਕੈਂਪ ਇਕ ਜੁਲਾਈ ਤੋਂ ਸ਼ੁਰੂ ਹੋ ਗਿਆ ਹੈ ਜੋ ਕਿ 27 ਜੁਲਾਈ ਤੱਕ ਚੱਲੇਗਾ। ਇਸ ਵਿਚ ਸਵੇਰੇ 8 :30 ਵਜੇ ਬੱਚੇ ਦੀਵਾਨ ਹਾਲ ਵਿਚ ਇਕੱਠੇ ਬੈਠ ਕੇ ਜਪੁਜੀ ਸਾਹਿਬ ਦੇ ਪਾਠ, ਕੀਰਤਨ, ਅਰਦਾਸ ਅਤੇ ਮੁੱਖ ਵਾਕ ਤੋਂ ਬਾਅਦ ਕੈਂਪ ਦੀ ਸ਼ੁਰੂਆਤ ਕਰਦੇ ਹਨ। ਉਪਰੰਤ ਲੰਗਰ ਹਾਲ ਵਿਚ ਬ੍ਰੇਕਫਾਸਟ ਕਰਕੇ ਕਲਾਸਾਂ ਵਿਚ ਪੰਜਾਬੀ ਲਿਖਣੀ, ਪੜ੍ਹਨੀ ਅਧਿਆਪਕਾਂ ਪਾਸੋਂ ਸਿੱਖਦੇ ਹਨ, ਜਿੱਥੇ ਬੱਚਿਆਂ ਨੂੰ ਗੁਰ ਇਤਿਹਾਸ, ਸਿੱਖ ਇਤਿਹਾਸ ਪੜ੍ਹਾਇਆ ਜਾਂਦਾ ਹੈ। ਗੱਤਕਾ, ਕਰਾਟੇ, ਹਰਮੋਨੀਅਮ, ਤਬਲਾ ਵੀ ਸਿਖਾਇਆ ਜਾ ਰਿਹਾ ਹੈ। ਕੈਂਪ ਦੌਰਾਨ ਪੂਰਾ ਦਿਨ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਜਾਣਗੀਆਂ। ਬਾਅਦ ਦੁਪਹਿਰ ਬੱਚਿਆਂ ਦੀ ਪਸੰਦ ਦਾ ਲੰਗਰ ਵੀ ਛਕਾਇਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਚੌਥੀ ਮੰਜ਼ਿਲ ਜੋ ਕਿ ਸਿਰਫ਼ ਕਲਾਸਾਂ ਲਗਾਉਣ ਲਈ ਹੀ ਬਣਾਈ ਗਈ ਹੈ, ਦੇ ਸ਼ਾਨਦਾਰ ਕਮਰਿਆਂ ਵਿਚ ਬਕਾਇਦਾ ਬੱਚਿਆਂ ਦੇ ਬੈਠਣ ਲਈ ਬੈਂਚ ਲਗਾਏ ਗਏ ਹਨ। ਪੂਰਾ ਸਕੂਲ ਵਾਲਾ ਮਾਹੌਲ ਹੈ। ਟੀਚਰ ਤੇ ਵਲੰਟੀਅਰ ਪੂਰੀ ਲਗਨ ਨਾਲ ਸੇਵਾ ਨਿਭਾਅ ਰਹੇ ਹਨ। ਕੈਂਪ ਵਿਚ ਬੱਚਿਆਂ ਦੇ ਮਾਤਾ-ਪਿਤਾ ਦਾ ਖਾਸ ਸਹਿਯੋਗ ਮਿਲ ਰਿਹਾ ਹੈ ਜੋ ਸਵੇਰੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਵਿਚ ਲੈ ਕੇ ਆਉਂਦੇ ਹਨ। ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਅਤੇ ਸਟਾਫ਼ ਵਲੋਂ ਕੈਂਪ ਦੀ ਸਫ਼ਲਤਾ ਲਈ ਪੂਰਾ ਜ਼ੋਰ ਲਗਾਇਆ ਜਾ ਰਿਹਾ ਹੈ, ਬੱਚਿਆਂ ਦੇ ਬ੍ਰੇਕਫਾਸਟ, ਲੰਗਰ ਜਾਂ ਕੈਂਪ ਵਿਚ ਕੋਈ ਹੋਰ ਸੁਧਾਰ ਕਰਨੀ ਚਾਹੁੰਦਾ ਹੈ, ਤਾਂ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਵੱਲੋਂ ਅਮਰੀਕਾ ਦੇ ਆਜ਼ਾਦੀ ਜਸ਼ਨਾਂ 'ਚ ਸ਼ਮੂਲੀਅਤ






**ਫੇਅਰਫੀਲਡ/ਏਟੀ ਨਿਊਜ਼ :** ਅਮਰੀਕਾ ਦਾ ਆਜ਼ਾਦੀ ਦਿਵਸ 4 ਜੁਲਾਈ ਵਾਲੇ ਦਿਨ ਇਥੇ ਦੇਸ਼ ਭਰ 'ਚ ਵੱਖ-ਵੱਖ ਸ਼ਹਿਰਾਂ ਵਿਚ ਮਨਾਇਆ ਗਿਆ। ਇਸੇ ਦੌਰਾਨ ਫੇਅਰਫੀਲਡ ਵਿਖੇ ਵੀ ਸਿਟੀ ਵੱਲੋਂ ਪਰੇਡ ਦਾ ਆਯੋਜਨ ਕੀਤਾ ਗਿਆ। ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਦੇ ਬੈਨਰ ਹੇਠ ਇਸ ਪਰੇਡ ਵਿਚ ਸੈਂਕੜੇ ਸਿੱਖਾਂ ਨੇ ਹਾਜ਼ਰੀ ਭਰੀ। ਇਨ੍ਹਾਂ ਨੇ ਅਮਰੀਕੀ ਰਾਸ਼ਟਰੀ ਝੰਡੇ ਨਾਲ ਮਿਲਦੇ-ਜੁਲਦੇ ਲਾਲ, ਚਿੱਟੇ, ਨੀਲੇ ਰੰਗ ਦੇ ਕੱਪੜੇ ਪਾਏ ਹੋਏ ਸਨ। ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਦਾ ਬੈਨਰ ਸਿੱਖਾਂ ਦੀ ਪਛਾਣ ਬਣਾ ਰਿਹਾ ਸੀ। ਉਸ ਤੋਂ ਬਾਅਦ ਦਸਤਾਰਧਾਰੀ ਸਿੱਖ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਪਣੇ ਫਲੋਟ ਦੀ ਸ਼ੋਭਾ ਵਧਾ ਰਹੇ ਸਨ। ਚਾਹੇ ਇਸ ਪਰੇਡ ਵਿਚ 30 ਤੋਂ ਵੱਧ ਫਲੋਟ ਸਨ ਪਰ ਸਿਰਫ ਸਿੱਖ ਭਾਈਚਾਰੇ ਵੱਲੋਂ ਹੀ ਪਾਣੀ ਦੀਆਂ ਬੋਤਲਾਂ ਮੁਫਤ ਵਰਤਾਈਆਂ ਗਈਆਂ।

ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੀ ਪੂਰੀ ਕਮੇਟੀ ਇਸ ਪਰੇਡ ਵਿਚ ਹਰ ਸਾਲ ਕਾਮਯਾਬੀ ਨਾਲ ਸ਼ਮੂਲੀਅਤ ਕਰਦੀ ਹੈ। ਭਾਰੀ ਗਿਣਤੀ ਵਿਚ ਸਿੱਖਾਂ ਨੂੰ ਦੇਖ ਕੇ ਰਾਹ ਵਿਚ ਬੈਠੇ ਲੱਖਾਂ ਦੀ ਗਿਣਤੀ 'ਚ ਅਮਰੀਕੀ ਲੋਕ ਕਿਤੇ ਤਾੜੀਆਂ ਮਾਰ ਕੇ ਅਤੇ ਕਿਤੇ ਖੜ੍ਹੇ ਹੋ ਕੇ ਸਿੱਖਾਂ ਦਾ ਭਰਪੂਰ ਸਵਾਗਤ ਕਰਦੇ ਦੇਖੇ ਗਏ। ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਥੇ ਇਹ ਜ਼ਿਕਰਯੋਗ ਹੈ ਕਿ ਇਸ ਗੁਰੂ ਘਰ ਨੂੰ ਪਿਛਲੇ ਕਈ ਸਾਲਾਂ ਤੋਂ ਪਰੇਡ ਵਿਚ ਸ਼ਾਮਲ ਹੋਣ 'ਤੇ ਪਹਿਲਾ ਸਥਾਨ ਮਿਲਦਾ ਰਿਹਾ ਹੈ। ਇਸ ਦੇ ਲਈ ਸਮੁੱਚੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਵਧਾਈ ਦੀ ਹੱਕਦਾਰ ਹੈ। ਅਜਿਹੇ ਸਮਾਗਮਾਂ ਵਿਚ ਸਿੱਖ ਕੌਮ ਦੀ ਹਾਜ਼ਰੀ ਨਾਲ ਅਮਰੀਕਨ ਲੋਕਾਂ ਨੂੰ ਸਿੱਖਾਂ ਪ੍ਰਤੀ ਜਾਣਕਾਰੀ ਮਿਲਦੀ ਹੈ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

## ‘ਜੈ ਤੇਗੰ ਜੈ ਤੇਗੰ’

# ਹਰਬੰਸ ਸਿੰਘ ਤੇਗ ਦਾ ਅਕਾਲ ਚਲਾਣਾ

**ਅਵਤਾਰ ਸਿੰਘ,** (ਫ਼ੋਨ : 94175-18384)

ਦਸਵੀਂ ਕਰਕੇ ਮੈਂ ਨਵੇਂਸ਼ਹਿਰ ਕਾਲਜ ਦਾਖਲਾ ਲੈ ਲਿਆ। ਉਥੇ ਮਨ ਨਾ ਲੱਗਿਆ ਕਰੇ। ਇਕ ਦਿਨ ਐਵੇਂ ਹੀ ਸਾਈਕਲ ਬੰਗਿਆਂ ਨੂੰ ਰੇੜ੍ਹ ਲਿਆ। ਚਰਨ ਕੌਲੀਂ ਮੱਥਾ ਟੇਕਿਆ ਤੇ ਗੁਰਦੁਆਰੇ ਦੀ ਦੁੱਧ ਚਿੱਟੀ ਸਮੋਸਮੀ ਇਮਾਰਤ ਦਾ ਅਕਸ ਦਿਲ ਵਿੱਚ ਧਸ ਗਿਆ। ਫਿਰ ਕਾਲਜ ਗਿਆ, ਜਿਸ ਦੇ ਹਾਲ ਉੱਤੇ ਕੇਸਰੀ ਨਿਸ਼ਾਨ ਸਾਹਿਬ ਝੂਲਦਾ ਦੇਖਿਆ ਤਾਂ ਮਨ ਨੇ ਫੈਸਲਾ ਕੀਤਾ, ‘ਮੈਂ ਇੱਥੇ ਪੜ੍ਹਾਂਗਾ’।

ਕਿਸੇ ਨੂੰ ਪੁੱਛਿਆ ਨਾ ਦੱਸਿਆ ਮੈ ਚਰਨ ਕੌਲੀਂ ਦਾਖਲਾ ਲੈ ਲਿਆ। ਉਸ ਕਾਲਜ ਨੂੰ ਉਦੋਂ ‘ਚਰਨ ਕੌਲ’ ਹੀ ਕਹਿੰਦੇ ਸਨ, ਜੋ ਹੌਲੀ ਹੌਲੀ ‘ਚਰਨ ਕੰਵਲ’ ਹੋ ਗਿਆ। ਫਿਰ ਇਸਨੂੰ ਪੜ੍ਹਿਆਂ ਲਿਖਿਆਂ ਨੇ ‘ਐੱਸ ਐੱਨ ਕਾਲਜ’ ਬਣਾ ਲਿਆ ਤੇ ਕਾਲਜ ਗੁਰੂ ਕੇ ਚਰਨ ਕੌਲਾਂ ‘ਚੋ ਬਾਹਰ ਹੋ ਗਿਆ।

ਮੈਂ ਰੋਜ ਕਲਾਸਾਂ ਲੌਣੀਆਂ, ਵਿਹਲੇ ਪੀਰੀਅਡ ਗੁਰਦੁਆਰੇ ਜਾਣਾ, ਮੱਥਾ ਟੇਕਣਾ ਤੇ ਪ੍ਰਸ਼ਾਦ ਲੈਣਾ। ਪੇਪਰ ਆਏ ਤਾਂ ਮੇਰੇ ਲਈ ਪਿੰਡੋਂ ਸੁਵੱਖਤੇ ਆਉਣਾ ਮੁਸ਼ਕਲ ਸੀ ਤੇ ਮੈਂ ਗੁਰਦੁਆਰੇ ਦੀ ਸਰਾਂ ਵਿੱਚ ਕਮਰਾ ਲੈ ਲਿਆ। ਰਾਤ ਨੂੰ ਪੜ੍ਹਦਾ ਦੇਖ ਕੇ ਮੁੱਖ ਗ੍ਰੰਥੀ ਮੇਰੇ ਕੋਲ ਆ ਗਿਆ ਤੇ ਗੱਲਾਂ ਬਾਤਾਂ ਕਰਦਿਆਂ ਮੇਰਾ ਦੋਸਤ ਬਣ ਗਿਆ।



ਇਕ ਦਿਨ ਕਹਿਣ ਲੱਗਾ ਕਿ ਉਸ ਨੇ ਕਿਤੇ ਜਾਣਾ ਹੈ ਤੇ ਮੈਂ ਤੜਕੇ ਉਸਦੀ ਰੌਲ਼ ਲਗਾ ਦੇਵਾਂ। ਮੈਂ ਰੌਲ਼ ‘ਤੇ ਬੈਠ ਗਿਆ; ਸਪੀਕਰ ਲੱਗਾ ਹੋਇਆ ਸੀ; ਡਰਦਿਆਂ ਡਰਦਿਆਂ ਪਾਠ ਕੀਤਾ। ਉੱਠਿਆ ਤਾਂ ਪ੍ਰਸ਼ਾਦ ਵਾਲੇ ਬਜ਼ੁਰਗ ਨੇ ਕਿਹਾ ਕਿ ਮੈਨੂੰ ਮੈਨੇਜਰ ਸਾਹਿਬ ਨੇ ਬੁਲਾਇਆ ਹੈ। ਮੈਂ ਹੋਰ ਡਰ ਗਿਆ ਕਿ ਜ਼ਰੂਰ ਗਲਤ ਪਾਠ ਕੀਤਾ ਹੋਣਾ ਹੈ।

ਮੈਨੇਜਰ ਸਾਹਿਬ ਕੋਲ਼ ਗਿਆ ਤਾਂ ਉਹ ਇਸ਼ਨਾਨ ਉਪਰੰਤ ਤਿਆਰ ਬਰ ਤਿਆਰ ਨਿੱਤ-ਨੇਮ ਕਰਕੇ ਹਟੇ ਸਨ। ਉਨ੍ਹਾਂ ਦੇ ਕੋਲ ਗਰਮ ਦੁੱਧ ਦੀ ਗੜਵੀ ਤੇ ਦੋ ਗਲਾਸ ਪਏ ਸਨ। ਉਨ੍ਹਾਂ ਨੇ ਗਲਾਸਾਂ ਵਿੱਚ ਦੁੱਧ ਪਾਇਆ; ਆਪ ਛਕਿਆ ਤੇ ਮੈਨੂੰ ਵੀ ਛਕਾਇਆ; ਮੈਨੂੰ ਥਾਪੜਾ ਦਿੱਤਾ ਤੇ ਰੋਜ ਤੜਕੇ ਰੌਲ਼ ਲਾਉਣ ਲਈ ਆਖਿਆ। ਮੈਂ ਝਿਜਕਿਆ, ਉਨ੍ਹਾਂ ਮੇਰਾ ਅਤਾ ਪਤਾ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਮੇਰੇ ਪਿਤਾ ਜੀ ਦੇ ਚੰਗੇ ਜਾਣੂੰ ਸਨ। ਮੈਂ ਉਨ੍ਹਾਂ ਬਾਬਤ ਕੁਝ ਨਾ ਪੁੱਛ ਸਕਿਆ। ਬਾਹਰ ਆਕੇ ਦੇਖਿਆ ਤਾਂ ਨੇਮ ਪਲੇਟ ‘ਤੇ ‘ਗਿਆਨੀ ਹਰਬੰਸ ਸਿੰਘ ਤੇਗ’ ਲਿਖਿਆ ਹੋਇਆ ਸੀ।

ਮੈਂ ਅਕਸਰ ਉੱਥੇ ਰਹਿਣ ਲੱਗ ਪਿਆ ਤੇ ਮੇਰੇ ਮੱਥੇ ‘ਤੇ ਉਨ੍ਹਾਂ ਦੀ ਸੰਗਤ ਦਾ ਨਸੀਬ ਲਿਖਿਆ ਗਿਆ। ਗੁਰਦੁਆਰੇ ਵਿੱਚ ਹੋਣਾਂ ਤਾਂ ਉਨ੍ਹਾਂ ਦੇ ਸਿਰ ‘ਤੇ ਕੇਸਰੀ ਰੰਗ ਦੀ ਕੇਸਕੀ ਹੋਣੀ ਤੇ ਉਨ੍ਹਾਂ ਨੇ ਨਿੱਕੇ ਮੋਟੇ ਕੰਮ ਲੱਗੇ ਰਹਿਣਾ। ਇਕ ਦਫ਼ਾ ਉਹ ਹਥੌੜਾ ਹਥੌੜੀ ਲੈਕੇ ਗੁਰਦੁਆਰੇ ਦੇ ਪੁਰਾਣੇ ਜਿੰਦਰੇ ਠੀਕ ਕਰ ਰਹੇ ਸਨ ਕਿ ਇਕ ਐੱਨ ਆਰ ਆਈ ਬੀਬੀ ਆਈ ਤੇ ਕਹਿਣ ਲੱਗੀ ‘ਮੈਨੇਜਰ ਸਾਹਿਬ ਨੂੰ ਮਿਲਣਾ’। ਉਹ ਕਹਿਣ ਲੱਗੇ ‘ਦੱਸੋ’। ਬੀਬੀ ਕਹੇ ‘ਨਹੀਂ, ਉਨ੍ਹਾਂ ਨੂੰ ਹੀ ਮਿਲਣਾ’। ਉਹ ਸਮਝ ਗਏ ਕਿ ਬੀਬੀ ਨੇ ਦਫ਼ਤਰਾਂ ‘ਚ ਸਜ ਧਜ ਕੇ ਬੈਠੇ ਮੈਨੇਜਰ ਹੀ ਦੇਖੇ ਹੋਣਗੇ, ਕੰਮ ਕਰਦੇ ਨਹੀਂ। ਉਸ ਬੀਬੀ ਨੂੰ ਸੱਚ ਦੱਸਣ ਦਾ ਕੋਈ ਫ਼ਾਇਦਾ ਨਹੀਂ ਸੀ। ਉਨ੍ਹਾਂ ਬੀਬੀ ਨੂੰ ਆਖਿਆ, ‘ਉਹ ਦਫਤਰ ਵਿੱਚ ਨੌਂ ਵਜੇ ਮਿਲਣਗੇ।

ਇਸ ਮੈਨੇਜਰ ਨੂੰ ਅੰਮ੍ਰਿਤਪਾਨ ਕਰਨ ਸਮੇਂ ਪੰਚ ਪਰਵਾਣ ਪੰਚ ਪ੍ਰਧਾਨ ਸਿੰਘਾਂ ਨੇ ਆਦੇਸ਼ ਦਿੱਤਾ ਸੀ ਕਿ ਅੱਜ ਤੋਂ ਤੁਹਾਡਾ ਕਰਮ ਨਾਸ, ਕੁੱਲ ਨਾਸ ਤੇ ਜਾਤ ਵਰਣ ਸਭ ਨਾਸ ਹੈ। ਉਸਨੇ ਗੁਰੂ ਦੀ ਸਿੱਖਿਆ ਦੀਖਿਆ ਮਨੋਂ ਧਾਰਣ ਕਰ ਲਈ ਤੇ ਆਪਣਾ ਤਖ਼ੱਲਸ ‘ਤੇਗ’ ਰੱਖ ਲਿਆ।

ਦਿਨ ਵੇਲੇ ਉਹ ਇਧਰ ਉਧਰ ਕਈ ਪਾਸੇ ਗੁਰਮਤਿ ਸਮਾਗਮਾਂ ਵਿਚ ਹਾਜ਼ਰੀ ਭਰਦੇ। ਉਨ੍ਹਾਂ ਦੇ ਜਾਣ ਅਤੇ ਆਉਣ ਦਾ ਪਤਾ ਰਾਜਦੂਤ ਮੋਟਰ ਸਾਈਕਲ ਦੇ ਸਟਾਰਟ ਅਤੇ ਬੰਦ ਹੋਣ ਤੋਂ ਲੱਗਦਾ। ਕਣਕ ਵੰਨਾ ਰੰਗ, ਪਤਲਾ ਸਰੀਰ, ਨੀਲੀ ਦਸਤਾਰ, ਸਲੇਟੀ ਕਮੀਜ਼ ਪਜਾਮਾਂ ਤੇ ਤਿੰਨ ਫੁੱਟੀ ਕਿਰਪਾਨ; ਪੈਰੀਂ ਹਮੇਸ਼ਾ ਗੁਰਗਾਬੀ ਹੋਣੀ ਤੇ ਸਰਦੀਆਂ ਵਿੱਚ ਓਵਰਕੋਟ। ਉਨ੍ਹਾਂ ਦੇ ਗਲ਼ੇ ਵਿਚ ਕੁਝ ਖਾਰਿਸ਼ ਜਹੀ ਰਹਿੰਦੀ ਸੀ ਤੇ ਉਹ ਰੁਕ ਰੁਕ ਕੇ ਖੰਘੂਰੇ ਮਾਰਦੇ। ਗੁਰਦੁਆਰੇ ਦੇ ਅੰਦਰ ਤਕ ਪਤਾ ਲੱਗਦਾ ਕਿ ਤੇਗ ਸਾਹਿਬ ਦਫਤਰ ‘ਚ ਬੈਠੇ ਹਨ। ਆਸਾ ਦੀ ਵਾਰ ਦੇ ਭੋਗ ਸਮੇਂ ਉਹ ਬੜੇ ਸਲੀਕੇ ਨਾਲ਼ ਗੁਰਦੁਆਰੇ ਦੇ ਅੰਦਰ ਆਉਂਦੇ, ਬੇਹੱਦ ਇਤਮਿਨਾਨ ਅਤੇ ਸਤਿਕਾਰ ਵਿਚ ਮੱਥਾ ਟੇਕਦੇ ਤੇ ਮਾਇਕ ‘ਤੇ ਜਾ ਖੜ੍ਹਦੇ।

ਪਹਿਲਾਂ ਬੜੀ ਹੀ ਭਾਵਪੂਰਤ ਤੇ ਪੁਰਜੋਰ ਤਕਰੀਰ ਕਰਦੇ; ਕੌਮੀਂ ਮਸਲੇ ਉਭਾਰਦੇ ਤੇ ਬਾਣੀ ਦੇ ਹਵਾਲੇ ਦਿੰਦੇ। ਇਤਿਹਾਸਕ ਵਾਕਿਆਤ ਦੀ ਯਥਾਸ਼ਕਤ ਵਿਆਖਿਆ ਕਰਦੇ ਤੇ ਵਰਤਮਾਨ ਨਾਲ਼ ਜੋੜਦੇ। ਸੰਗਤ ਦੀਆਂ ਅੱਖਾਂ ਵਿੱਚ ਚਮਕ ਆਉਂਦੀ ਤੇ ਵਿਸ਼ੇਸ਼ ਕਿਸਮ ਦਾ ਉਤਸ਼ਾਹ ਝਲਕਾਂ ਮਾਰਦਾ। ਉਹ ਆਪਣੇ ਪੂਰੇ ਜਲੌਅ ਵਿਚ ਹੁੰਦੇ ਤੇ ਕਿਸੇ ਦਾ ਲਿਹਾਜ ਨਾ ਕਰਦੇ।

ਅਖੀਰ, ਜਿਸ ਵੱਲੋਂ ਅਖੰਡ ਪਾਠ ਰਖਾਇਆ ਹੁੰਦਾ, ਉਸ ਦਾ ਨਾਂ ਲੈ ਕੇ ਆਖਦੇ ਕਿ ‘ਅੱਜ ਗੁਰੂ ਘਰ ਵਲ੍ਹੋਂ ਉਨ੍ਹਾਂ ਨੂੰ ਸਿਰੋਪਾ ਬਖ਼ਸ਼ਿਸ਼ ਹੋਣੈਂ’। ਫਿਰ ਸਿਰੋਪਾ ਦੇ ਕੇ ਜੈਕਾਰਾ ਛੱਡਦੇ ਤੇ ਪ੍ਰਸ਼ਾਦ ਵਰਤਦਾ। ਤੇਗ ਸਾਹਿਬ ਦਫਤਰ ਵਿਚ ਬੈਠਦੇ ਤੇ ਉੱਥੇ ਤਿੰਨ ਅਖਬਾਰਾਂ ਪਈਆਂ ਹੁੰਦੀਆਂ; ਸੁਰਖ਼ੀਆਂ ‘ਤੇ ਚਰਚਾ ਛਿੜਦੀ; ਤੇਗ ਸਾਹਿਬ ਪੰਥਕ ਦ੍ਰਿਸ਼ਟੀਕੋਣ ਸਪਸ਼ਟ ਕਰਦੇ; ਖੰਘੂਰੇ ਮਾਰਦੇ ਤੇ ਗੜ੍ਹਕਦੇ। ਸ਼ਾਇਦ ਸ਼ਿਰੋਮਣੀ ਕਮੇਟੀ ਦਾ ਇਹੀ ਇਕ ਗੁਰਦੁਆਰਾ ਸੀ, ਜਿਥੇ ਦਾ ਮੈਨੇਜਰ, ਮੈਨੇਜਰ ਨਹੀਂ, ਬਲਕਿ ਪੰਥਕ ਸਰੋਕਾਰਾਂ ਨੂੰ ਤਨੋ ਮਨੋ ਪ੍ਰਣਾਇਆ ਹੋਇਆ ਜਥੇਦਾਰ ਸੀ।

ਉਹ ਸਫਲ ਪ੍ਰਬੰਧਕ, ਸੇਵਾ ਅਤੇ ਸਿਮਰਨ ਵਾਲਾ ਇਨਸਾਨ ਸੀ। ਮੈਂ ਆਪਣੀਆਂ ਇਨ੍ਹਾਂ ਅੱਖਾਂ ਨਾਲ ਉਸਨੂੰ ਹੱਥਾਂ ਨਾਲ਼ ਗੁਰਦੁਆਰੇ ਦੀਆਂ ਟੌਇਲਿਟਸ ਸਾਫ ਕਰਦਿਆਂ ਦੇਖਿਆ ਸੀ। ਗਰਮੀਆਂ ਦੇ ਦਿਨ ਸਨ; ਪਸੀਨੋ ਪਸੀਨਾ ਹੋਏ ਹੋਏ ਉਹ ਭਗਤ ਪੂਰਨ ਸਿੰਘ ਲੱਗ ਰਹੇ ਸਨ। ਗੁਰਦੁਆਰੇ ਦਾ ਕਿਹੜਾ ਕੰਮ ਸੀ, ਜੋ ਉਹ ਆਪਣੇ ਹੱਥੀਂ ਨਹੀਂ ਸੀ ਕਰ ਸਕਦੇ।

ਯਾਦ ਆਇਆ, ਉਹ ਮੈਨੂੰ ਕਦੀ ਕਦੀ ਅਵਤਾਰ ਸਿੰਘ ਦੀ ਬਜਾਏ ਮੱਖਣ ਸਿੰਘ ਕਹਿੰਦੇ ਤੇ ਖੁਸ਼ ਹੁੰਦੇ। ਪਤਾ ਨਹੀਂ ਕਿਸੇ ! ਇਸਦਾ ਰਾਜ ਨਾ ਕਦੇ ਮੈਂ ਪੁੱਛਿਆ ਤੇ ਨਾ ਉਨ੍ਹਾਂ ਦੱਸਿਆ। ਉਹ ਗਿਆਨੀ ਦਿੱਤ ਸਿੰਘ ਦੀ ਬੇਹੱਦ ਤਾਰੀਫ ਕਰਦੇ। ਸੁਆਮੀ ਦਇਆਨੰਦ ਦਾ ਨਾਂ, ਲੈਣਾ ਤਾਂ ਕਿਤੇ ਰਿਹਾ, ਸੁਣਨਾ ਵੀ ਪਸੰਦ ਨਾ ਕਰਦੇ; ਕਹਿਣਾ ‘ਉਸ ਬੰਦੇ ਨੇ ਸਿੱਖੀ ਨੂੰ ਬਹੁਤ ਢਾਹ ਲਾਈ ਹੈ।

ਕਿਸੇ ਨੂੰ ਹੈਰਾਨੀ ਹੋ ਸਕਦੀ ਹੈ ਕਿ ਉਹ ਸ਼ਤਰੰਜ ਦੇ ਬੜੇ ਮਾਹਿਰ ਖਿਲਾੜੀ ਅਤੇ ਸ਼ੌਕੀਨ ਸਨ। ਉਹ ਲੱਕੜ ਦੀ ਸ਼ਤਰੰਜ ਲੈਕੇ ਅਕਸਰ ਮੇਰੇ ਕਮਰੇ ਵਿੱਚ ਆਉਂਦੇ ਤੇ ਸ਼ਤਰੰਜ ਦੀਆਂ ਬਾਜ਼ੀਆਂ ਲਾ ਲਾ ਖੁਸ਼ ਹੁੰਦੇ। ਪਿਆਦੇ, ਫੀਲ੍ਹੇ, ਕਿਸ਼ਤੀ, ਘੋੜੇ ਤੇ ਰਾਜੇ ਵਜ਼ੀਰ ਦਾ ਮੈਨੂੰ ਉਨ੍ਹਾਂ ਤੋਂ ਹੀ ਪਤਾ ਲੱਗਾ। ਕਦੀ ਕਦੀ ਅਸੀਂ ਸਰੋਵਰ ਦੀ ਪਰਿਕਰਮਾ ਵਿੱਚ ਸ਼ਤਰੰਜ ਖੇਡਦੇ ਹੋਣਾ ਤਾਂ ਕਿਸੇ ਸੜੀਅਲ ਸਿੱਖ ਨੇ ਇਵੇਂ ਦੇਖਣਾ, ਜਿਵੇਂ ਅਸੀਂ ਜੂਆ ਖੇਡਦੇ ਹੋਈਏ। ਤੇਗ ਸਾਹਿਬ ਤਾੜ ਜਾਂਦੇ ਤੇ ਆਖਦੇ, ‘ਇਨ੍ਹਾਂ ਨੂੰ ਪਰਿਕਰਮਾ ‘ਚ ਸ਼ਤਰੰਜ ਚੁਭਦੀ ਹੈ, ਹੱਟੀ ਅੰਦਰ ਬੇਈਮਾਨੀ ਨਹੀਂ ਚੁਭਦੀ।

**ਬਾਕੀ ਸਫ਼ਾ 32 ’ਤੇ**

## ਪੰਥਕ ਵਿਦਵਾਨ ਗਿਆਨੀ ਹਰਬੰਸ ਸਿੰਘ ‘ਤੇਗ’ ਸਦੀਵੀ ਵਿਛੋੜਾ ਦੇ ਗਏ

**ਸੈਨਹੋਜ਼ੇ/ਤਰਲੋਚਨ ਸਿੰਘ ਦੁਪਾਲਪੁਰ :**

ਪੰਥ ਪ੍ਰਸਿੱਧ ਵਿਦਵਾਨ ਕਥਾਕਾਰ ਅਤੇ ਦੋ ਕਿਤਾਬਾਂ ਦੇ ਲੇਖਕ ਗਿਆਨੀ ਹਰਬੰਸ ਸਿੰਘ ਤੇਗ ਲਗਭਗ ਤਿੰਨ ਮਹੀਨੇ ਜ਼ਿੰਦਗੀ-ਮੌਤ ਵਿਚਾਲੇ ਜੂਝਦਿਆਂ 8 ਜੁਲਾਈ ਵਾਲ਼ੇ ਦਿਨ ਅਕਾਲ ਚਲਾਣਾ ਕਰ ਗਏ। ਇਸੇ ਵਰ੍ਹੇ 26 ਮਾਰਚ ਨੂੰ ਉਨ੍ਹਾਂ ਦਾ ਪੰਜਾਬ ਵਿਚ ਆਪਣੇ ਪਿੰਡ ਭਾਰਟਾ ਖੁਰਦ (ਜ਼ਿਲ੍ਹਾ ਨਵਾਂ ਸ਼ਹਿਰ) ਲਾਗੇ ਇਕ ਭਿਆਨਕ ਐਕਸੀਡੈਂਟ ਹੋ ਗਿਆ ਸੀ। ਉਹ ਉਦੋਂ ਤੋਂ ਹੀ ਬੇਹੋਸ਼ ਚਲੇ ਆ ਰਹੇ ਸਨ। ਦੋ ਮਹੀਨੇ ਡੀਐਮਸੀ ਲੁਧਿਆਣਾ ਵਿਖੇ ਦਾਖਲ ਰਹਿਣ ਤੋਂ ਬਾਅਦ ਉਹ ਢਾਹਾਂ-ਕਲੇਰਾਂ ਹਸਪਤਾਲ ਵਿਚ ਦਾਖਲ ਰਹੇ। ਲਗਭਗ ਤਿੰਨ ਮਹੀਨੇ ਬੇਹੋਸ਼ੀ ਦੀ ਹਾਲਤ ਵਿਚ ਰਹਿੰਦਿਆਂ ਉਨ੍ਹਾਂ ਸਵਾਸ ਤਿਆਗ ਦਿੱਤੇ। 2 ਫਰਵਰੀ 1945 ਨੂੰ ਭਾਰਟਾ ਖੁਰਦ ਦੇ ਸਧਾਰਨ ਕਿਸਾਨ ਪਰਿਵਾਰ ਵਿਚ ਸਰਦਾਰ ਪ੍ਰੀਤਮ ਸਿੰਘ ਦੇ ਘਰ ਜਨਮੇ ਗਿਆਨੀ ਤੇਗ ਸਕੂਲੀ ਵਿੱਦਿਆ ਮਗਰੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਜਾ ਦਾਖਲ ਹੋਏ, ਜਿੱਥੇ ਉਹ ਵਿੱਦਿਆ-ਮਾਰਤੰਡ ਪ੍ਰਿੰਸੀਪਲ ਧਰਮਾਨੰਤ ਸਿੰਘ ਅਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਵਿਦਿਆਰਥੀ ਰਹੇ। ਇੱਥੋਂ ਉਹ ਸ਼੍ਰੋਮਣੀ ਕਮੇਟੀ ਵਿਚ ਬਤੌਰ ਪ੍ਰਚਾਰਕ ਚਲੇ ਗਏ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਨ ਦੀ ਡਿਊਟੀ ਨਿਭਾਉਣ ਉਪਰੰਤ ਉਹ ਲੰਬਾਂ ਸਮਾਂ ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਮੈਨੇਜਰ ਤੇ ਕਥਾਵਾਚਕ ਵਜੋਂ ਤਾਇਨਾਤ ਰਹੇ।

ਪੰਥਕ ਮੋਰਚਿਆਂ ਦੌਰਾਨ ਉਹ ਆਪਣੇ ਹੋਰ ਪਰਿਵਾਰਕ ਮੈਂਬਰਾਂ ਨਾਲ ਜੇਲ੍ਹਾਂ ਵਿਚ ਵੀ ਗਏ। ਪੰਜਾਬ ਦੇ ਚਲੰਤ ਮਾਮਲਿਆਂ ਬਾਰੇ ਉਨ੍ਹਾਂ ਦੇ ਲੇਖ ਅਖਬਾਰਾਂ ਤੇ ਮੈਗਜ਼ੀਨਾਂ ਵਿਚ ਛਪਦੇ ਹੀ ਰਹਿੰਦੇ ਸਨ। ਗੁਰਮਤਿ ਫਿਲਾਸਫੀ ਬਾਰੇ ਆਪ ਜੀ ਨੇ ਦੋ ਕਿਤਾਬਾਂ ਵੀ ਲਿਖੀਆਂ। ਕੁਝ ਸਾਲ ਇੰਗਲੈਂਡ ਦੇ ਪ੍ਰਚਾਰ ਦੌਰੇ ਤੋਂ ਬਾਅਦ ਉਹ ਇਲਾਕੇ ਵਿਚ ਹੀ ਨਿਸ਼ਕਾਮ ਪ੍ਰਚਾਰਕ ਵਜੋਂ ਵਿਚਰਦੇ ਰਹੇ। 74 ਸਾਲ ਦੀ ਉਮਰ ਹੋ ਜਾਣ ਦੇ ਬਾਵਜੂਦ ਉਹ ਰੋਜ਼ਾਨਾ ਖੇਤਾਂ ਵਿਚ ਜਾ ਕੇ ਕਹੀ-ਰੰਬਾ ਚਲਾਉਂਦੇ ਰਹਿੰਦੇ ਸਨ। ਦੁਨੀਆ ਭਰ ਦੇ ਰੇਡੀਉ-ਟੀਵੀ ਉਨ੍ਹਾਂ ਦੇ ਵਿਚਾਰਾਂ ਨੂੰ ਅਕਸਰ ‘ਲਾਈਵ’ ਦਿਖਾਉਂਦੇ-ਸੁਣਾਉਂਦੇ ਰਹਿੰਦੇ ਸਨ। ਸਥਾਨਕ ਪੱਧਰ ਉੱਤੇ ਹੁੰਦੇ ਸੰਘਰਸ਼ਮਈ ਲੋਕ-ਘੋਲ਼ਾਂ ਵਿਚ ਵੀ ਉਹ ਸਰਗਰਮ ਹਿੱਸਾ ਲੈਂਦੇ ਸਨ। ਕਥਾ-ਵਿਚਾਰ ਜਾਂ ਉਂਞ ਭਾਸ਼ਣ ਕਰਦਿਆਂ ਉਹ ਕਿਸੇ ਵੱਡੇ ਤੋਂ ਵੱਡੇ ਆਗੂ ਦੀ ਵੀ ਪਰਵਾਹ ਨਹੀਂ ਸਨ ਕਰਦੇ ਸਗੋਂ ਬੜੀ ਬੇਬਾਕੀ ਨਾਲ਼ ਖਰੀਆਂ ਖਰੀਆਂ ਸੁਣਾ ਦਿੰਦੇ ਸਨ। ਆਪਣੇ ਪਿੰਡ ਵਿਚਲੇ ਹੋਰ ਕਈ ਸੁਧਾਰਾਂ ਦੇ ਨਾਲ਼-ਨਾਲ਼ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਵਿਚ ਲਾਇਬਰੇਰੀ ਕਾਇਮ ਕਰਨ ਸਦਕਾ, ਉਨ੍ਹਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ। ਸਿੱਖ ਜਗਤ ਵਿਚ ‘ਤੇਗ’ ਤਖੱਲਸਵਾਲ਼ੀਆਂ ਸਿਰਫ ਦੋ ਹੀ ਸਖਸ਼ੀਅਤਾਂ ਹੋਈਆਂ ਹਨ, ਪਹਿਲੇ ਗਿਆਨੀ ਸੰਤ ਸਿੰਘ ਤੇਗ ਜੋ ਜੰਮੂ ਕਸ਼ਮੀਰ ਨਾਲ ਸਬੰਧਿਤ ਸਨ। ਦੂਜੇ ਇਹ ਨਵਾਂਸ਼ਹਿਰ ਜ਼ਿਲ੍ਹੇ ਦੇ ਗਿਆਨੀ ਹਰਬੰਸ ਸਿੰਘ ਤੇਗ। ਵਾਹਿਗੁਰੂ ਦੇ ਹੁਕਮ ਵਿਚ ਪੰਥਕ ਪਿੜ ਦੀਆਂ ਇਹ ਦੋਵੇਂ ਤੇਗਾਂ ਹੁਣ ਅਲੋਪ ਹੋ ਗਈਆਂ।

# ‘ਸੋਹਲੇ ਗੁਰ ਪੰਥ ਕੇ’

## ਭਾਖਾ ਦੇ ਸਿੱਖ ਸਰੂਪ ਦੀ ਕਵਿਤਾ

-ਪ੍ਰਭਸ਼ਰਨਬੀਰ ਸਿੰਘ



ਕਵੀ ਸ਼ਬਦਾਂ ਦਾ ਚਰਵਾਹਾ ਹੁੰਦੈ। ਸ਼ਬਦ ਉਸਦੀ ਅਪਣੱਤ ਭਰੀ ਨਿਗ੍ਹਾ ਹੇਠ ਮੌਲਦੇ ਹਨ। ਅਜਿਹੇ ਖਿੜੇ ਹੋਏ ਸ਼ਬਦ ਬੋਲੀ ਦੇ ਬਾਗ਼ ਨੂੰ ਮਹਿਕਦਾ ਰੱਖਦੇ ਹਨ। ਕਵੀ ਤੋਂ ਬਿਨਾਂ ਸ਼ਬਦਾਂ ਦੀ ਹੋਂਦ ਖੀਣ ਹੋਣ ਲੱਗਦੀ ਹੈ। ਜਦੋਂ ਸ਼ਬਦ ਆਪਣੀ ਤਾਕਤ ਗੁਆ ਲੈਂਦੇ ਹਨ ਤਾਂ ਬੋਲੀ ਦਾ ਬਾਗ਼ ਵੀ ਮੁਰਝਾਉਣ ਲੱਗਦਾ ਹੈ। ਮੌਲਿਕ ਕਵਿਤਾ ਦੀ ਆਮਦ ਕਿਸੇ ਬੋਲੀ ਦੀ ਲੰਮੀ ਉਮਰ ਲਈ ਮਾਂ ਦੀ ਆਸੀਸ ਵਰਗੀ ਹੁੰਦੀ ਹੈ। ਇਸਦਾ ਵਿਗਿਆਨਕ ਤਰਕ ਤਾਂ ਭਾਵੇਂ ਕੋਈ ਨਹੀਂ ਹੁੰਦਾ, ਪਰ ਇਹ ਜੀਵਨ ਨੂੰ ਖੇੜਾ ਬਿਨਾਂ ਸ਼ੱਕ ਬਖਸ਼ਦੀ ਹੈ।

ਅਰਵਿੰਦਰ ਸਿੰਘ ਦੀ ਕਾਵਿ-ਪੁਸਤਕ ‘ਸੋਹਲੇ ਗੁਰ ਪੰਥ ਕੇ’ ਸਾਡੀ ਬੋਲੀ ਦੇ ਪਵਿੱਤਰ ਅੰਸ਼ਾਂ ਦੀ ਪਹਿਰੇਦਾਰੀ ਕਰਦੀ ਹੈ। ਉਸਦੀ ਕਵਿਤਾ ਬਹੁਤ ਸਾਰੀ ਅਜੋਕੀ ਪੰਜਾਬੀ ਕਵਿਤਾ ਵਾਂਗ ਰੋਗੀ ਹਉਂ ਵਿਚੋਂ ਪੈਦਾ ਨਹੀਂ ਹੁੰਦੀ, ਸਗੋਂ ਹਉਂ-ਨਿਵਾਰਣ ਵੱਲ ਸੇਧਿਤ ਹੈ। ਇਸੇ ਲਈ ਇਹ ਕਵਿਤਾ ਉਸਨੇ ਨਹੀਂ ਲਿਖੀ, ਉਸਦੇ ਰਾਹੀਂ ਲਿਖੀ ਗਈ ਹੈ। ਉਸਨੇ ਤਾਂ ਸਿਰਫ ਆਪਣਾ ਆਪਾ ਉਸ ਸੋਮੇ ਦੇ ਹਵਾਲੇ ਕੀਤਾ ਹੈ ਜਿਥੋਂ ਇਹ ਸਾਰੇ ਸ਼ਬਦ ਉਗਮਦੇ ਹਨ। ਇਹ ਸੋਮਾ ਗੁਰਬਾਣੀ ਅਤੇ ਸਿੱਖ ਸਾਹਿਤ ਹੈ। ਕਵੀ ਦੀ ਰੂਹ ਇਸ ਸੋਮੇ ਅੰਦਰ ਵਸਦੀ-ਵਿਗਸਦੀ ਹੈ। ਇਸ ਸੋਮੇ ਅੰਦਰ ਵਿਗਸੇ ਬਗੈਰ ਮੌਲਿਕ ਕਵਿਤਾ ਦੀ ਸਿਰਜਣਾ ਸੰਭਵ ਨਹੀਂ।

ਅਸੀਂ ਜੇ ਅੱਜ ਇਸ ਸੋਮੇ ਤੋਂ ਦੂਰ ਹੋ ਚੁੱਕੇ ਹਾਂ ਤਾਂ ਉਸਦਾ ਕਾਰਨ ਇਹੀ ਹੈ ਕਿ ਆਧੁਨਿਕਤਾ ਨੇ ਸਾਡਾ ਬੋਲੀ ਨਾਲ ਰਿਸ਼ਤਾ ਕਮਜ਼ੋਰ ਕਰ ਦਿੱਤੈ। ਪੱਛਮੀ ਪ੍ਰਭਾਵ ਅਧੀਨ ਅਸੀਂ ਵੀ ਬੋਲੀ ਦੇ ਸਰੂਪ ਬਾਰੇ ਦੋ ਭੁਲੇਖਿਆਂ ਦੇ ਸ਼ਿਕਾਰ ਹੋ ਚੁੱਕੇ ਹਾਂ। ਪਹਿਲਾ ਇਹ ਕਿ ਬੋਲੀ ਮਨੁੱਖੀ ਉਪਜ ਹੈ ਅਤੇ ਦੂਜਾ ਇਹ ਕਿ ਬੋਲੀ ਵਿਚਾਰਾਂ ਦੇ ਵਟਾਂਦਰੇ ਦਾ ਸਾਧਨ ਮਾਤਰ ਹੈ। ਪਰ ਸਾਡੀ ਪ੍ਰੰਪਰਾ ਸਾਨੂੰ ਦੱਸਦੀ ਹੈ ਕਿ ਬੋਲੀ ਜਾਂ ਭਾਖਾ ਮਨੁੱਖੀ ਉਪਜ ਨਹੀਂ, ਸਗੋਂ ਸਮੁੱਚੀ ਕਾਇਨਾਤ ਦੀ ਸਿਰਜਣਾ ਹੀ ਵਾਕ ਵਿਚੋਂ ਹੋਈ ਹੈ। ਗੁਰੂ ਨਾਨਕ ਜਪੁਜੀ ਸਾਹਿਬ ਵਿਚ ਫੁਰਮਾਉਂਦੇ ਹਨ:

ਕੀਤਾ ਪਸਾਉ ਏਕੋ ਕਵਾਉ

ਸ਼ਬਦ ਦੀ ਹੋਂਦ ਆਦਿ-ਜੁਗਾਦੀ ਹੈ। ਬਾਕੀ ਸਾਰਾ ਪਸਾਰਾ ਸ਼ਬਦ ਵਿਚੋਂ ਹੀ ਉਪਜਦਾ ਹੈ। ਸ਼ਬਦ ਰਾਹੀਂ ਹੀ ਵਾਹਿਗੁਰੂ ਦੀ ਸਾਜੀ ਅਨੰਤ ਕਾਇਨਾਤ ਦੀ ਅਸਚਰਜਤਾ ਵਿਸਮਾਦ ਦਾ ਰੂਪ ਧਾਰਨ ਕਰਦੀ ਹੈ। ਸ਼ਬਦ ਹੀ ਆਤਮਾ ਨੂੰ ਪਾਰਬ੍ਰਹਮ ਵਿਚ ਵਿਲੀਨ ਕਰਾਉਂਦਾ ਹੈ। ਸ਼ਬਦ ਦੀ ਤਾਕਤ ਦੁਆਰਾ ਹੀ ਬੂੰਦ ਦਾ ਸਾਗਰ ਨਾਲ ਮਿਲਾਪ ਹੁੰਦਾ ਹੈ। ਅਰਵਿੰਦਰ ਸਿੰਘ ਦੇ ਬੋਲ ਸ਼ਬਦ ਦੇ ਮਾਖਿਉਂ ਨਾਲ ਲਬਰੇਜ਼ ਹਨ।

ਸੱਚ ਖਾਲਸ ਸੂਰਤ ਹੈ
ਸ਼ਬਦੀ ਪ੍ਰਤੀਤ ਹੋਂਵਦਾ
ਆਪ ਅਕਾਲ ਅਮੂਰਤ ਐ (੮੭)

ਪਰ ਜਦੋਂ ਬਸਤੀਵਾਦ ਦੇ ਪ੍ਰਭਾਵ ਅਧੀਨ ਅਸੀਂ ਬੋਲੀ ਨੂੰ ਮਹਿਜ਼ ਜਾਣਕਾਰੀ ਦੇ ਵਟਾਂਦਰੇ ਦਾ ਸਾਧਨ ਮਿਥ ਲਿਆ ਤਾਂ ਅਸੀਂ ਬੋਲੀ ਦੀ ਬਖਸ਼ਿਸ਼ ਤੋਂ ਵਾਂਝੇ ਹੋ ਗਏ। ਪੰਜਾਬੀ ਕਵਿਤਾ ਵੀ ਵਿਚਾਰਧਾਰਾ ਦੇ ਪ੍ਰਸਾਰ ਦਾ ਸਾਧਨ ਬਣ ਕੇ ਰਹਿ ਗਈ। ਅੱਜ ਜੇ ਪੰਜਾਬੀ ਵਿਚ ਮੌਲਿਕ ਕਵਿਤਾ ਅਤੇ ਚਿੰਤਨ ਪ੍ਰਾਪਤ ਨਹੀਂ ਹੋ ਰਿਹਾ ਤਾਂ ਉਸਦਾ ਸਭ ਤੋਂ ਵੱਡਾ ਕਾਰਨ ਬੋਲੀ ਦੇ ਸਰੂਪ ਨੂੰ ਸਮਝਣ ਵਿਚ ਕੁਤਾਹੀ ਕਰਨਾ ਹੈ। ਪੰਜਾਬ ਦਾ ਸੱਭਿਆਚਾਰਕ ਉਜਾੜਾ ਵੀ ਇਸੇ ਗੱਲ ਦੀ ਦੇਣ ਹੈ। ਇਸ ਪੁਸਤਕ ਦੀ ਵਿਲੱਖਣਤਾ ਇਹ ਹੈ ਕਿ ਬੋਲੀ ਦਾ ਸਿੱਖ ਸਰੂਪ ਕਵੀ ਦੇ ਅਵਚੇਤਨ ਅੰਦਰ ਸਹਿਜ ਹੀ ਰਮਿਆ ਹੋਇਆ ਹੈ। ਉਸਨੇ ਇਸ ਸਰੂਪ ਨੂੰ ਸਮਝਿਆ ਨਹੀਂ, ਸਗੋਂ ਜੀਵਿਆ ਹੈ। ਅਰਵਿੰਦਰ ਸਿੰਘ ਵੱਲੋਂ ਉਕਰੇ ਗਏ ਗੁਰੂ ਪੰਥ ਕੇ ਸੋਹਲਿਆਂ ਦੀ ਵੱਡੀ ਦੇਣ ਇਹ ਹੈ ਕਿ ਇਹਨਾਂ ਰਾਹੀਂ ਸਾਨੂੰ ਬੋਲੀ ਦੇ ਉਸ ਪਾਰਗਰਾਮੀ ਸਰੂਪ ਦੇ ਝਲਕਾਰੇ ਮਿਲਦੇ ਹਨ ਜਿਸ ਦਾ ਪ੍ਰਕਾਸ਼ ਗੁਰਬਾਣੀ ਰਾਹੀਂ ਹੋਇਆ ਸੀ। ਸਿੱਖ ਇਤਿਹਾਸ ਸ਼ਬਦ ਦੇ ਪ੍ਰਕਾਸ਼ ਵਿਚੋਂ ਉਗਮਦਾ ਹੈ। ਸ਼ਬਦ-ਪ੍ਰਕਾਸ਼ ਦੀ ਸਿਰਜਣਾਤਮਕ ਪੁਨਰ-ਵਿਆਖਿਆ ਤੋਂ ਬਿਨਾਂ ਇਸਨੂੰ ਨਵੀਂ ਦਿਸ਼ਾ ਵੀ ਨਹੀਂ ਦਿੱਤੀ ਜਾ ਸਕਦੀ। ਕਵੀ ਦੇ ਬੋਲ ਅਜਿਹਾ ਕਰਨ ਦੀ ਤਾਂਘ ਪਾਲਦੇ ਹਨ। ਉਸਦੇ ਬੋਲ ਇਤਿਹਾਸ ਦੀ ਪੇਸ਼ਕਾਰੀ ਨਹੀਂ ਕਰਦੇ, ਸਗੋਂ ਇਤਿਹਾਸ-ਸਿਰਜਣਾ ਦੇ ਅਲੌਕਿਕ ਖਿਣਾਂ ਦੀ ਕੰਬਣੀ ਵਿਚ ਲਰਜ਼ਦੇ ਹਨ।

ਪਿੰਡਿਆਂ ਦਾ ਲਹੂ ਮਸ ਬਣੇਗਾ
ਸੂਰਿਆਂ ਦੀ ਸ਼ਹਾਦਤ ਉੱਤੇ
ਧਰਤੀ ਫਿਰ ਇਤਿਹਾਸ ਲਿਖੇਗੀ
ਸਮਿਆਂ ਦੇ ਕਾਗਦ ਦੇ ਉੱਤੇ (੭੧)

ਉਸਦੇ ਬੋਲਾਂ ਵਿਚ ਖੰਡੇ ਖੜਕਦੇ ਹਨ, ਸਿਰ ਤਲੀਆਂ ਉੱਤੇ ਨੱਚਦੇ ਦਿਸਦੇ ਹਨ ਤੇ ਅਨੰਤ ਕੁਦਰਤ ਵਿਚ ਬੇਰੋਕ ਚੱਲ ਰਿਹਾ ਗੁਰੂ ਨਾਨਕ ਦਾ ਆਰਤਾ ਦ੍ਰਿਸ਼ਟਮਾਨ ਹੁੰਦਾ ਹੈ। ਅਜਿਹੀ ਕਵਿਤਾ ਦੀ ਆਮਦ ਸਮੇਂ ਦੀਆਂ ਜੁਗਗਰਦੀਆਂ ਝੱਲ ਰਹੀ ਸਾਡੀ ਕੌਮ ਤੇ ਸਾਡੀ ਬੋਲੀ, ਦੋਹਾਂ ਲਈ ਵਡਭਾਗੀ ਹੈ। ਵਾਹਿਗੁਰੂ ਮਿਹਰ ਕਰਕੇ ਉਸਤੋਂ ਇਸੇ ਤਰਾਂ ਸੇਵਾ ਲੈਂਦੇ ਰਹਿਣ।

# ਪੰਜਾਬੀ ਗਾਇਕ ਸਤਿੰਦਰ ਸਰਤਾਜ ਦੀ ਨਵੀਂ ਐਲਬਮ 'ਗੁਰਮੁਖੀ ਦਾ ਬੇਟਾ' 'ਤੇ ਸੰਜੀਦਾ ਚਰਚਾ ਛਿੜੀ

- ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਨੂੰ ਸਮਰਪਿਤ ਹੈ ਐਲਬਮ
- 'ਗੁਰਮੁਖੀ ਦਾ ਬੇਟਾ' ਐਲਬਮ ਕਿਸਾਨਾਂ ਤੋਂ ਲੈ ਕੇ ਇਸ ਜ਼ਮੀਨ ਨੂੰ ਪਿਆਰ ਕਰਨ ਵਾਲ਼ਿਆਂ ਨੂੰ ਆਪਣੇ ਖ਼ਾਸ ਕਲਾਵੇ 'ਚ ਲੈਂਦੀ ਹੈ
- ਪੰਜਾਬ ਸੂਫ਼ੀਆਂ ਦੀ ਧਰਤੀ ਹੈ, ਸਾਡੇ ਖ਼ੂਨ ਵਿੱਚ ਸੂਫ਼ੀਵਾਦ ਹੈ, ਭਾਵੇਂ ਸਾਨੂੰ ਉਸ ਦਾ ਇਲਮ ਨਹੀਂ ਪਰ ਉਹ ਹੈ।




**ਜਲੰਧਰ/ਬਿਊਰੋ ਨਿਊਜ਼ :**
ਪੰਜਾਬੀ ਸੂਫੀ ਗਵੱਈਏ ਸਤਿੰਦਰ ਸਰਤਾਜ ਦੀ ਗੀਤ ਐਲਬਮ ਦਰਿਆਈ ਤਰਜ਼ਾਂ ਦਾ ਪਹਿਲਾ ਗੀਤ 'ਗੁਰਮੁਖੀ ਦਾ ਬੇਟਾ' ਰਿਲੀਜ਼ ਹੋ ਚੁੱਕਿਆ ਹੈ। ਗਾਣੇ ਦੇ ਰਿਲੀਜ਼ ਮੌਕੇ ਸਤਿੰਦਰ ਸਰਤਾਜ ਦਾ ਕਹਿਣਾ ਹੈ ਕਿ ਇਹ ਸ਼ਾਇਦ ਪੰਜਾਬੀ ਸੰਗੀਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਇਸ ਦੀ ਮੂਲ ਭਾਸ਼ਾ ਦੇ ਅੱਖਰਾਂ ਦੀ ਵਡਿਆਈ ਦੇ ਆਧਾਰ 'ਤੇ ਇਸ ਦਾ ਗਾਣਾ ਬਣਾਇਆ ਗਿਆ ਹੋਵੇ। ਇਸ ਗੀਤ ਦੇ ਬੋਲ ਸਤਿੰਦਰ ਸਰਤਾਜ ਨੇ ਲਿਖੇ ਹਨ। ਇਸ ਗੀਤ ਨੂੰ ਪੰਜਾਬੀ ਭਾਸ਼ਾ ਗੁਰਮੁਖੀ ਨੂੰ ਸਮਰਪਿਤ ਕੀਤਾ ਗਿਆ ਹੈ। ਦੁਨੀਆ ਭਰ ਵਿਚ ਪ੍ਰਸਿੱਧ ਸੂਫ਼ੀ ਗਾਇਕ ਸਤਿੰਦਰ ਸਰਤਾਜ ਦਾ ਨਵਾਂ ਗੀਤ 'ਗੁਰਮੁਖੀ ਦਾ ਬੇਟਾ' ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂੰਹਦਾ ਹੋਇਆ ਲੋਕਾਂ ਦੇ ਦਿਲਾਂ ਵਿਚ ਬਾਖ਼ੂਬੀ ਘਰ ਕਰ ਰਿਹਾ ਹੈ। ਇਸ ਗੀਤ ਦੇ ਚਰਚੇ ਪੰਜਾਬ ਤੋਂ ਬਾਹਰ ਦੇਸ਼ਾਂ-ਵਿਦੇਸ਼ਾਂ ਵਿਚ ਵੀ ਜ਼ੋਰਾਂ-ਸ਼ੋਰਾਂ 'ਤੇ ਹੋ ਰਹੇ ਹਨ। ਪੰਜਾਬ ਦੇ ਸੱਤ ਦਰਿਆਵਾਂ ਨੂੰ ਸਮਰਪਿਤ ਸਰਤਾਜ ਦਾ ਇਹ ਗੀਤ ਉਸ ਮਹਿਕਦੇ ਪੁਰਾਤਨ ਪੰਜਾਬ ਨੂੰ ਦਰਸਾਉਂਦਾ ਹੈ , ਜਿੱਥੇ ਇਤਿਹਾਸ ਦੀਆਂ ਕਈ ਰਚਨਾਵਾਂ ਦਰਿਆਵਾਂ ਦੇ ਕਿਨਾਰਿਆਂ ਉਤੇ ਬੈਠ ਰਚੀਆਂ ਗਈਆਂ। ਸਤਿੰਦਰ ਸਰਤਾਜ ਦੇ ਇਸ ਗੀਤ ਨੂੰ ਮਿਊਜ਼ਿਕ ਬੀਟ ਮਨਿਸਟਰ ਨੇ ਦਿੱਤਾ ਹੈ ਅਤੇ ਡਾਇਰੈਕਸ਼ਨ ਸੰਦੀਪ ਸ਼ਰਮਾ ਨੇ ਕੀਤਾ ਹੈ। ਇਸ ਸਬੰਧੀ ਸਤਿੰਦਰ ਸਰਤਾਜ ਨਾਲ ਹੋਈ ਗੱਲਬਾਤ ਦੇ ਅੰਸ਼ ਪੇਸ਼ ਹਨ।

**ਸਵਾਲ : ਕੀ ਅਜੋਕੀ ਪੰਜਾਬੀ ਗਾਇਕੀ ਨੂੰ ਸੁਧਾਰਨ ਲਈ ਕਾਨੂੰਨ ਦਾ ਸਹਾਰਾ ਲੈਣਾ ਜ਼ਰੂਰੀ ਹੈ ?**
ਜੁਆਬ-ਇਸ ਦੇ ਲਈ ਨੌਜਵਾਨਾਂ ਦੀ ਮਾਨਸਿਕਤਾ 'ਤੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਦੇ ਹਾਣ ਦਾ ਹੋ ਕੇ ਹੀ ਉਨ੍ਹਾਂ ਨਾਲ ਗੱਲ ਕੀਤੀ ਜਾ ਸਕਦੀ ਹੈ। ਜੋਰ ਜ਼ਬਰਦਸਤੀ ਨਾਲ ਉਹ ਨਹੀਂ ਹੋ ਸਕਦਾ ਜੋ ਪਿਆਰ ਨਾਲ ਹੋ ਸਕਦਾ ਹੈ। ਜੇ ਇਸ ਬਾਰੇ ਕੋਈ ਕਾਨੂੰਨ ਬਣ ਜਾਂਦਾ ਹੈ, ਫਿਰ ਵੇਖਣਾ ਹੋਏਗਾ ਕਿ ਉਹਦੇ ਕਾਇਦੇ ਕੀ ਹਨ, ਕੀ ਧਾਰਾਵਾਂ ਹਨ, ਉਹ ਕਿਵੇਂ ਕੰਮ ਕਰੇਗਾ।

**ਸਵਾਲ : ਕੀ ਇਕੱਲੀ ਗਾਇਕੀ ਵਿਗੜਦੇ ਸਮਾਜ ਲਈ ਜਿੰਮੇਵਾਰ ਹੈ ?**
ਜੁਆਬ-ਤਿੰਨ ਤੋਂ ਚਾਰ ਸਾਲ ਪਹਿਲਾਂ ਤੱਕ ਮੈਂ ਵੀ ਇਹੀ ਸੋਚਦਾ ਸੀ ਕਿ ਗਾਇਕੀ ਅਤੇ ਜੁਰਮ ਦਾ ਕੋਈ ਲੈਣਾ ਦੇਣਾ ਨਹੀਂ। ਇਹ ਮਨੋਰੰਜਨ ਹੈ, ਲੋਕੀਂ ਸੁਣਦੇ ਹਨ ਅਤੇ ਅੱਗੇ ਵਧ ਜਾਂਦੇ ਹਨ। ਪਰ ਜਦੋਂ ਮੈਂ ਪੰਜਾਬ ਵਿੱਚ ਵਾਪਰੀਆਂ ਦੋ ਤਿੰਨ ਘਟਨਾਵਾਂ ਵੇਖੀਆਂ ਕਿ ਕਿਸੇ ਦੇ ਕਤਲ ਤੋਂ ਬਾਅਦ ਇਹ ਗਾਣੇ ਚਲਾਏ ਗਏ ਅਤੇ ਜਸ਼ਨ ਮਨਾਇਆ ਗਿਆ, ਫਿਰ ਮੈਂ ਵੀ ਸੋਚਣ 'ਤੇ ਮਜਬੂਰ ਹੋ ਗਿਆ। ਕਿਤੇ ਨਾ ਕਿਤੇ ਸੰਗੀਤ ਜ਼ਰੂਰ ਸਾਡੇ 'ਤੇ ਅਸਰ ਛੱਡਦਾ ਹੈ, ਉਸ ਦਾ ਕਿੰਨਾ ਪ੍ਰਭਾਵ ਪੈਂਦਾ ਹੈ, ਇਹ ਵੇਖਣ ਦੀ ਲੋੜ ਹੈ।

**ਸਵਾਲ : ਤੁਸੀਂ ਹਿੰਸਕ ਗਾਇਕੀ ਖ਼ਿਲਾਫ਼ ਕੋਈ ਮੁਹਿੰਮ ਕਿਉਂ ਨਹੀਂ ਚਲਾਉਂਦੇ ?**
ਜੁਆਬ-ਮੈਨੂੰ ਨਹੀਂ ਲੱਗਦਾ ਕਿ ਇਹ ਇੰਨਾ ਵੱਡਾ ਮਸਲਾ ਹੈ ਕਿ ਮੁਹਿੰਮ ਚਲਾਈ ਜਾਏ, ਕੋਈ ਵਰਲਡ ਵਾਰ ਜਿੰਨੀ ਵੱਡੀ ਗੱਲ ਨਹੀਂ ਹੈ। ਜੋ ਕੰਮ ਪਿਆਰ ਨਾਲ ਹੋ ਜਾਏ ਉਸਦੇ ਲਈ ਲੜਣ ਦੀ ਕੀ ਲੋੜ ਹੈ। ਮੈਂ ਗਾਇਕਾਂ ਨੂੰ ਵੀ ਕਹਿੰਦਾ ਹਾਂ ਕਿ ਥੋੜ੍ਹੇ ਜਿਹੇ ਉਹੋ ਜਿਹੇ ਗੀਤ ਗਾ ਲਵੋ ਜਿਸ ਨਾਲ ਤੁਹਾਡਾ ਕੰਮ ਵੀ ਸਰ ਜਾਏ ਅਤੇ ਸਮਾਜ ਨੂੰ ਵਿਗਾੜਣ ਵਾਲੀ ਗੱਲ ਵੀ ਨਾ ਹੋਏ। ਪਰ ਮੇਰਾ ਵੱਧ ਹੱਕ ਮੇਰੇ ਸਰੋਤਿਆਂ 'ਤੇ ਹੈ। ਜੇ ਤੁਸੀਂ ਚੰਗਾ ਸੁਣੋਗੇ ਤਾਂ ਗਾਇਕ ਵੀ ਚੰਗਾ ਗਾਉਣ ਦੀ ਕੋਸ਼ਿਸ਼ ਕਰਨਗੇ।

**ਸਵਾਲ : ਕੀ ਪੰਜਾਬ ਦੇ ਸਰੋਤੇ ਸੂਫ਼ੀ ਗਾਇਕੀ ਨੂੰ ਸਮਝਦੇ ਹਨ ?**
ਜੁਆਬ-ਪੰਜਾਬ ਵਿੱਚ ਉਹ ਸਰੋਤੇ ਹਨ ਜੋ ਸੂਫ਼ੀ ਗਾਇਕੀ ਨੂੰ ਸਮਝਦੇ ਹਨ ਪਰ ਇੱਕ ਹੱਦ ਤੱਕ। ਪੰਜਾਬ ਸੂਫ਼ੀਆਂ ਦੀ ਧਰਤੀ ਹੈ, ਸਾਡੇ ਖ਼ੂਨ ਵਿੱਚ ਸੂਫ਼ੀਵਾਦ ਹੈ, ਭਾਵੇਂ ਸਾਨੂੰ ਉਸ ਦਾ ਇਲਮ ਨਹੀਂ ਪਰ ਉਹ ਹੈ। ਇਸ ਲਈ ਹੁਣ ਤੱਕ ਸੂਫ਼ੀ ਗਾਇਕੀ ਚੱਲਦੀ ਆ ਰਹੀ ਹੈ।

**ਸਵਾਲ : ਕੀ ਪੰਜਾਬੀ ਮਾਂ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ ?**
ਜੁਆਬ-ਹਾਂ, ਇਹ ਗੱਲ ਹੈ ਕਿ ਹੌਲੀ ਹੌਲੀ ਪੰਜਾਬ ਦੇ ਲੋਕ ਆਪਣੀ ਹੀ ਬੋਲੀ ਤੋਂ ਦੂਰ ਹੋ ਰਹੇ ਹਨ। ਦੂਜੀਆਂ ਬੋਲੀਆਂ ਸਿੱਖਣਾ ਵਧੀਆ ਗੱਲ ਹੈ ਪਰ ਜੇ ਤੁਹਾਨੂੰ ਆਪਣੀ ਹੀ ਬੋਲੀ ਨਹੀਂ ਆਉਂਦੀ ਤਾਂ ਇੰਝ ਲਗਦਾ ਹੈ ਕਿ ਤੁਹਾਨੂੰ ਆਪਣੇ ਹੀ ਘਰ ਨਾਲ ਮੁਹੱਬਤ ਨਹੀਂ ਹੈ। ਇਸ ਲਈ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ ਵਰਨਾ ਪੰਜਾਬੀਆਂ ਨੂੰ ਕੋਸ਼ ਦਾ ਸਹਾਰਾ ਲੈਣਾ ਪਏਗਾ।

**ਸਵਾਲ : ਤੁਹਾਡੇ ਗੀਤਾਂ ਦੀ ਸ਼ਬਦਾਵਲੀ ਵੀ ਬਹੁਤ ਡੂੰਘੀ ਹੁੰਦੀ ਹੈ, ਕੀ ਇਸ ਕਰਕੇ ਤੁਸੀਂ ਵੀ ਨੌਜਵਾਨ ਸਰੋਤੇ ਗਵਾ ਦਿੰਦੇ ਹੋ ?**
ਜੁਆਬ-ਨਹੀਂ, ਪੰਜਾਬ ਵਿੱਚ ਕਈ ਸੂਝਵਾਨ ਨੌਜਵਾਨ ਵੀ ਹਨ ਜੋ ਪੰਜਾਬੀ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਬਲਕਿ ਮੈਂ ਤਾਂ ਇਹ ਕਹਿੰਦਾ ਹਾਂ ਕਿ ਮੰਡੀਰ ਵੀ ਸਿਆਣੀ ਹੈ। ਸਾਨੂੰ ਸਿਰਫ ਉਨ੍ਹਾਂ ਦੇ ਦੂਜੇ ਪੱਖ 'ਤੇ ਰੌਸ਼ਨੀ ਪਾਉਣ ਦੀ ਲੋੜ ਹੈ।

**ਸਵਾਲ:** ਕੀ ਤੁਸੀਂ ਚਾਹੁੰਦੇ ਹੋ ਕਿ ਚੜ੍ਹਦਾ ਅਤੇ ਲਹਿੰਦਾ ਪੰਜਾਬ ਇੱਕ ਹੋ ਜਾਣ ?
ਜੁਆਬ-ਬਿਲਕੁਲ ਚਾਹੁੰਦਾ ਹਾਂ, ਪਰ ਹੁਣ ਇਹ ਸੰਭਵ ਨਹੀਂ ਹੈ ਕਿਉਂਕਿ ਦੋ ਦੇਸ ਬਣ ਚੁੱਕੇ ਹਨ। ਪਰ ਜਿਹੜੇ ਬੂਹੇ ਬੰਦ ਰਹਿੰਦੇ ਹਨ ਉਨ੍ਹਾਂ ਨੂੰ ਖੋਲ੍ਹਿਆ ਜਾ ਸਕਦਾ ਹੈ। ਆਪਣੇ ਰਿਸ਼ਤਿਆਂ ਨੂੰ ਵਧੀਆ ਬਣਾਇਆ ਜਾ ਸਕਦਾ ਹੈ। ਉਥੋਂ ਦੀ ਭਾਸ਼ਾ, ਖਾਣਾ, ਪਹਿਰਾਵਾ ਮੈਨੂੰ ਬਹੁਤ ਪਸੰਦ ਹੈ। ਮੇਰੀ ਰੀਝ ਹੈ ਕਿ ਮੈਂ ਸਰਹੱਦ ਪਾਰ ਜਾਵਾਂ। ਮੇਰੇ ਨਵੇਂ ਗਾਣੇ ਵਿੱਚ ਵੀ ਮੈਂ ਦੋਵੇਂ ਹਿੰਦੁਸਤਾਨ ਅਤੇ ਪਾਕਿਸਤਾਨ ਦਾ ਜ਼ਿਕਰ ਕੀਤਾ ਹੈ।

**ਸਵਾਲ : ਤੁਹਾਡਾ ਪੱਗ ਬੰਨਣ ਦਾ ਅੰਦਾਜ਼ ਸੋਹਣਾ ਹੈ, ਇਸ ਦੇ ਪਿੱਛੇ ਵੀ ਕੋਈ ਕਹਾਣੀ ਹੈ ?**
ਜੁਆਬ-ਸੰਨ 2004 ਵਿੱਚ ਮੈਂ ਆਪਣਾ ਸਟਾਈਲ ਬਦਲਿਆ ਸੀ। ਦਸਤਾਰ ਸਿਰਫ ਪੰਜਾਬ ਵਿੱਚ ਹੀ ਨਹੀਂ ਬਲਕਿ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਬੰਨ੍ਹੀ ਜਾਂਦੀ ਹੈ। ਇਸ ਲਈ ਮੈਂ ਚਾਹੁੰਦਾ ਸੀ ਕਿ ਸਰਬੱਤ ਦੀ ਦਸਤਾਰ ਹੋਵੇ।

**ਸਵਾਲ : ਤੁਸੀਂ ਨਵੀਂ ਐਲਬਮ 'ਗੁਰਮੁਖੀ ਦਾ ਬੇਟਾ' ਬਾਰੇ ਕੀ ਕਹਿਣਾ ਚਾਹੁੰਦੇ ਹੋ ?**
ਜੁਆਬ-ਸਾਨੂੰ ਲਿੱਪੀ ਦੀ ਮਹਤੱਤਾ ਦੀ ਸਮਝ ਹੋਣੀ ਜ਼ਰੂਰੀ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਬੋਲੀ ਮਰ ਰਹੀ ਹੈ ਪਰ ਦਰਅਸਲ ਲਿੱਪੀ ਹੀ ਬੋਲੀ ਨੂੰ ਸਾਂਭ ਕੇ ਰੱਖਦੀ ਹੈ। ਪੰਜਾਬੀ ਹੋਣ ਕਰਕੇ ਮੈਨੂੰ ਮਾਣ ਹੈ ਕਿ ਅਸੀਂ ਉਸ ਕੌਮ ਵਿੱਚੋਂ ਹਾਂ ਜ਼ਿਹਨਾਂ ਕੋਲ ਉਹਨਾਂ ਦੇ ਆਪਣੇ ਅੱਖਰ ਹਨ। ਇਸ ਲਈ ਆਉ ਇਸ ਖ਼ਜ਼ਾਨੇ ਨੂੰ ਨਿਵਾਜੀਏ ਤੇ ਵਡਿਆਈਏ।
ਮੇਰਾ ਇਹ ਗਾਣਾ ਸਤਲੁਜ ਦਰਿਆ ਨੂੰ ਸਮਰਪਿਤ ਹੈ। 'ਮੈਂ ਗੁਰਮੁਖੀ ਦਾ ਬੇਟਾ, ਮੈਨੂੰ ਤੋਰਦੇ ਨੇ ਅੱਖਰ, ਮਾਂ ਖੇਲਣੇ ਨੂੰ ਦਿੱਤੇ, ਬੜੀ ਲੋਰ ਦੇ ਨੇ ਅੱਖਰ'। ਗੁਰਮੁਖੀ ਦਾ ਬੇਟਾ ਕਿਸਾਨਾਂ ਤੋਂ ਲੈ ਕੇ ਇਸ ਜ਼ਮੀਨ ਨੂੰ ਪਿਆਰ ਕਰਨ ਵਾਲ਼ਿਆਂ ਨੂੰ ਆਪਣੇ ਖ਼ਾਸ ਕਲਾਵੇ ਵਿੱਚ ਲੈਂਦਾ ਹੈ। ਬਾਰਵੀਂ ਸਦੀ ਤੋਂ ਹੀ ਪੰਜਾਬੀ ਅਤੇ ਸੂਫ਼ੀਆਂ ਦਾ ਸ਼ਲਾਘਾਯੋਗ ਵਿਸ਼ੇਸ਼ ਸੰਬੰਧ ਜੁੜਦਾ ਹੈ, ਸ਼ੇਖ ਫਰੀਦ ਜੀ ਨੂੰ ਪੰਜਾਬੀ ਬੋਲੀ ਦਾ ਪਹਿਲਾ ਕਵੀ ਸਮਝਿਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਸ਼ਬਦ ਇਸ ਤੋਂ ਬਾਅਦ ਹੀ ਲਿਖਤਾਂ ਵਿੱਚ ਆਇਆ, ਨਹੀਂ ਤਾਂ ਇਹ ਧਰਤੀ ਸਿੰਧ ਸੱਭਿਅਤਾ ਤੋਂ ਹੀ ਸਪਤ ਸਿੰਧੂ ਦੇ ਨਾਮ ਨਾਲ ਜਾਣੀ ਜਾਂਦੀ ਸੀ। ਇਤਿਹਾਸਕਾਰਾਂ ਮੁਤਾਬਕ ਗੁਰਮੁਖੀ ਲਿੱਪੀ ਦੀਆਂ ਜੜਾਂ 13ਵੀਂ ਸਦੀ ਤੋਂ ਸ਼ਾਰਦਾ, ਟਾਂਕਰੀ ਅਤੇ ਲੰਡੇ ਵਿੱਚ ਪਈਆਂ ਸਨ ਅਤੇ ਸਿੱਖ ਗੁਰੂਆਂ ਨੇ ਇਸ ਨੂੰ ਲਿੱਪੀ ਬਣਾਇਆ ਅਤੇ ਗੁਰਮੁਖਾਂ ਨੇ ਇਸ ਨੂੰ ਗੁਰਮੁਖੀ ਦਾ ਨਾਮ ਦਿੱਤਾ ਤੇ ਪ੍ਰਚਾਰਿਆ।

**ਸਵਾਲ: ਤੁਸੀਂ ਇਹ ਗੀਤ ਸਤਲੁਜ ਦਰਿਆ ਨੂੰ ਸਮਰਪਿਤ ਕੀਤਾ ਹੈ, ਇਸ ਦਾ ਕੀ ਮਤਲਬ ਹੈ ?**
ਜਵਾਬ-ਇਸ ਦੀ ਵਜ੍ਹਾ ਇਹ ਹੈ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਜੀ ਹੁਰਾਂ ਦਾ ਰਾਜ ਸੀ ਤੇ ਜਦੋਂ ਬ੍ਰਿਟਿਸ਼ ਰਾਜ ਦੀ ਸੰਧੀ ਹੋਈ ਤਾਂ ਇਹ ਸਤਲੁਜ ਦਰਿਆ 'ਤੇ ਹੋਈ। ਇਸ ਦਾ ਮਤਲਬ ਇਹ ਉਦੋਂ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਮੇਰਾ ਇਹ ਨਿੱਜੀ ਤੌਰ 'ਤੇ ਮੰਨਣਾ ਹੈ ਕਿ ਉਸ ਵੇਲੇ ਦੀਆਂ ਸਾਰੀਆਂ ਪੰਜਾਬੀ ਰਚਨਾਵਾਂ ਇਸ ਦੇ ਕਿਨਾਰੇ 'ਤੇ ਹੋਈਆਂ ਹੋਣੀਆਂ ਸਨ, ਕਿਉਂਕਿ ਇਹ ਸੀਮਾ ਸੀ। ਜਿਹੜੀ ਵੱਡੀ ਮਹੱਤਵਪੂਰਨ ਉਦਾਹਰਨ ਮੇਰੇ ਕੋਲ ਹੈ, ਉਹ ਹੈ 'ਚੌਪਈ ਸਾਹਿਬ' ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਵਿਭੌਰ ਸਾਹਿਬ ਬੈਠ ਕੇ ਲਿਖਿਆ ਸੀ। ਇਹ ਸਤਲੁਜ ਦਰਿਆ ਉਸ ਚੀਜ਼ ਦਾ ਗਵਾਹ ਹੈ, ਇਹ ਪਾਣੀ ਆਲਮ ਤੋਂ ਵਗਦੇ ਨੇ, ਪ੍ਰਾਚੀਨ ਸਮੇਂ ਤੋਂ ਚਲਦੇ ਆ ਰਹੇ ਹਨ। ਇਨ੍ਹਾਂ ਦਰਿਆਵਾਂ ਦੇ ਨਾਂਅ ਬਦਲੇ ਗਏ ਤੇ ਹੁਣ ਸਾਡੇ ਲਈ ਇਹ ਸੱਤ ਦਰਿਆ ਹਨ ਤੇ ਮੈਂ ਸੱਤਾਂ ਦਰਿਆਵਾਂ ਨੂੰ ਇਹ ਗੀਤ ਸਮਰਪਿਤ ਕਰਦਾ ਹਾਂ।

**ਸਵਾਲ: ਤੁਹਾਡੇ ਗੀਤਾਂ ਦੇ ਬੋਲ ਅੱਜ ਦੇ ਨੌਜਵਾਨਾਂ ਲਈ ਕਈ ਵਾਰ ਸਮਝਣੇ ਔਖੇ ਹੋ ਜਾਂਦੇ ਹਨ ਤੇ ਤੁਹਾਡੇ ਲਈ ਇਹ ਕਿੰਨਾ ਕੁ ਮੁਸ਼ਕਿਲ ਹੁੰਦਾ ਹੈ, ਜਦੋਂ ਤੁਸੀਂ ਗੀਤ ਲਿਖਦੇ ਹੋ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਮਝ ਆ ਸਕੇ ?**
ਜਵਾਬ-ਪਹਿਲਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਿਰਜਣਹਾਰ ਦਾ ਮਤਲਬ ਇਹੀ ਹੈ ਕਿ ਤੁਹਾਨੂੰ ਜੇਕਰ ਕੋਈ ਅਸਲੀਅਤ ਵਿਚ ਖ਼ਿਆਲ ਆ ਰਿਹਾ ਹੈ ਤਾਂ ਉਸ ਨੂੰ ਉਤਾਰੋ। ਉਸ ਵਿਚ ਜੇਕਰ ਬਣਾਵਟ ਪਾਉਣ ਦੀ ਕੋਸ਼ਿਸ਼ ਕਰੋਗੇ ਤਾਂ ਉਹ ਸੋਹਣਾ ਤਾਂ ਹੋ ਸਕਦਾ ਹੈ ਪਰ ਅਸਰਦਾਰ ਨਹੀਂ ਹੋਣਾ। ਮੈਂ ਯੂਐਸ ਵਿਚ ਇਹੋ ਜਿਹੇ ਲੋਕ ਸੁਣੇ ਨੇ, ਜਿਹੜੇ ਕਹਿੰਦੇ ਨੇ ਕਿ ਸਾਨ ਫਰਾਂਸਿਸਕੋ ਤੋਂ ਲੌਸ ਏਂਜਲਸ ਤੱਕ 6 ਘੰਟੇ ਦਾ ਸਫ਼ਰ ਹੈ ਤੇ ਸਾਰੇ ਰਸਤੇ ਇਕੋ ਹੀ ਗੀਤ ਚੱਲਦਾ ਹੈ। ਇਹ ਕਿਵੇਂ ਜੇ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ?- ਇਸ ਦਾ ਮਤਲਬ ਹੈ ਕਿ ਉਸ ਵਿਚ ਕੋਈ ਵਿਸਮਾਦੀ, ਇਲਾਹੀ ਰੰਗਤ ਹੈ। ਇਹ ਜ਼ਰੂਰੀ ਨਹੀਂ ਹੁੰਦਾ ਕਿ ਲਫ਼ਜ਼ ਸਿੱਧੇ ਤੁਹਾਡੇ ਜ਼ਹਿਨ ਵਿਚ ਪੈਣ, ਜੇ ਇਸ ਤਰ੍ਹਾਂ ਦੀ ਗੱਲ ਹੈ ਤਾਂ ਗੁਰਬਾਣੀ ਤਾਂ ਸਿਰਫ਼ 2 ਫ਼ੀਸਦੀ ਲੋਕਾਂ ਨੂੰ ਸਮਝ ਆਉਂਦੀ ਹੋਣੀ ਹੈ ਪਰ ਸ਼ਬਦ ਸੁਣ ਕੇ ਸਕੂਨ ਬਹੁਤ ਮਿਲਦਾ ਹੈ।
ਇਸ ਲਈ ਇਹੋ ਜਿਹੇ ਅਫ਼ਸਾਨੇ, ਤਸ਼ਬੀਹਾਂ, ਲਿਟਰੇਚਰ, ਰੰਗਤ, ਲਫ਼ਜ਼ ਜਾਂ ਵੰਨਗੀ ਕੁਝ ਵੀ ਕਹਿ ਲਓ, ਚਾਹੇ ਅਨੋਖਾ ਹੋਵੇ, ਚਾਹੇ ਪੁਰਾਤਨ ਹੋਵੇ ਪਰ ਉਹਦਾ ਅਸਰ ਤੁਹਾਡੇ ਜ਼ਹਿਨ 'ਤੇ ਹੋਣਾ ਬਹੁਤ ਜ਼ਰੂਰੀ ਹੈ। 'ਗੁਰਮੁਖੀ ਦਾ ਬੇਟਾ' ਜਦੋਂ ਅਸੀਂ ਆਪਣੇ ਘਰ ਵਿਚ ਹੀ ਪਲੇਅ ਕੀਤਾ ਤਾਂ ਉਸ ਨੂੰ ਸੁਣ ਕੇ ਕਈਆਂ ਨੇ ਕਿਹਾ ਕਿ ਸਮਝ ਤਾਂ ਨਹੀਂ ਆਈ ਪਰ ਚੰਗਾ ਬਹੁਤ ਲੱਗਿਆ। ਇਹ ਕਿਸੇ ਵੀ ਸਿਰਜਣਹਾਰ ਲਈ ਬਹੁਤ ਵੱਡੀ ਉਪਲੱਬਧੀ ਹੁੰਦੀ ਹੈ ਕਿ ਉਸ ਦੀ ਚੀਜ਼ ਸਮਝ ਨਾ ਆਵੇ ਪਰ ਅਸਰ ਪੂਰਾ ਵਿਖਾਵੇ। ਇਹ ਲਫ਼ਜ਼ ਜਿਹੜੇ ਨੇ, ਮੈਂ ਕੋਈ ਆਪਣੇ ਕੋਲੋਂ ਨਹੀਂ ਲੈ ਕੇ ਆਇਆ। ਇਹ ਮੈਂ ਵੀ ਇੱਥੋਂ ਹੀ ਸਿੱਖੇ ਨੇ, ਪੜ੍ਹੇ ਨੇ। ਮੇਰੀ ਪੈਦਾਇਸ਼, ਪਰਵਰਿਸ਼ ਇਸੇ ਪੰਜਾਬ ਦੀ ਹੈ ਪਰ ਮੇਰੀ ਮੁਹੱਬਤ ਹੈ ਉਰਦੂ, ਅਰਬੀਅਨ ਤੇ ਹੋਰ ਕਈ ਭਾਸ਼ਾਵਾਂ ਨਾਲ।

ਅੰਮ੍ਰਿਤਸਰ ਟਾਈਮਜ਼ AMRITSAR TIMES
10 ਜੁਲਾਈ 2019 ਤੋਂ 16 ਜੁਲਾਈ 2019

## ਭਾਰਤ ਚ ਮੋਦੀ ਦੀ ਜਿੱਤ ਤੋਂ ਬਾਅਦ ਹਮਲਾਵਰ ਹੋਇਆ ਹਿੰਦੂਤਵ

**-ਮਨਜੀਤ ਸਿੰਘ ਟਿਵਾਣਾ**

ਸਵਾ ਕੁ ਮਹੀਨਾ ਹੀ ਹੋਇਆ ਹੈ ਕਿ ਭਾਰਤ ਵਿਚ ਭਾਰਤੀ ਜਨਤਾ ਪਾਰਟੀ ਲਗਾਤਾਰ ਦੂਜੀ ਵਾਰ ਕੇਂਦਰ ਦੀ ਸੱਤਾ ਉਤੇ ਬਿਰਾਜਮਾਨ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਇਸ ਪਾਰਟੀ ਦੀ ਪਹਿਲੀ ਸਰਕਾਰ ਦੇ ਪੰਜ ਸਾਲ ਦਾ ਦੇਸ਼ ਦੀਆਂ ਘੱਟ ਗਿਣਤੀਆਂ ਪ੍ਰਤੀ ਰਿਕਾਰਡ ਬਹੁਤ ਹੀ ਮਾੜਾ ਰਿਹਾ ਹੈ। ਪੂਰੇ ਪੰਜ ਸਾਲ ਹੀ ਕੱਟੜਵਾਦੀ ਹਿੰਦੂ ਸੋਚ ਵਾਲੀਆਂ ਜਥੇਬੰਦੀਆਂ ਪੂਰੇ ਦੇਸ਼ ਵਿਚ ਹੀ ਦਨਦਨਾਉਂਦੀਆਂ ਰਹੀਆਂ ਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਸ਼ਰ੍ਹੇਆਮ ਨਿਸ਼ਾਨਾ ਬਣਾਇਆ ਜਾਂਦਾ ਰਿਹਾ। ਅਜਿਹੀਆਂ ਘਟਨਾਵਾਂ ਉਤੇ ਪ੍ਰਧਾਨ ਮੰਤਰੀ ਅਕਸਰ ਚੁੱਪ ਹੀ ਰਹੇ ਤੇ ਇਹ ਇਕ ਤਰ੍ਹਾਂ ਨਾਲ ਹਿੰਦੂਤਵੀ ਹਿੰਸਾ ਨੂੰ ਮੂਕ ਸਹਿਮਤੀ ਦੇਣ ਵਰਗਾ ਸੀ। ਇਥੋਂ ਤਕ ਕਿ ਸਰਕਾਰ ਦੇ ਕਈ ਮੰਤਰੀ ਤੇ ਭਾਜਪਾ ਆਗੂ ਸ਼ਰੇਆਮ ਹਿੰਦੂਤਵੀਆਂ ਦੇ ਹੱਕ ਵਿਚ ਬੋਲਦੇ ਤੇ ਖੜ੍ਹਦੇ ਵੀ ਰਹੇ।

ਹੁਣ ਜਦੋਂ ਨਰਿੰਦਰ ਮੋਦੀ ਦੀ ਹੀ ਅਗਵਾਈ ਵਿਚ ਦੁਬਾਰਾ ਭਾਜਪਾ ਦੀ ਸਰਕਾਰ ਬਣੀ ਹੈ, ਤਾਂ ਹਾਲਾਤ ਪਹਿਲਾਂ ਤੋਂ ਵੀ ਬਦਤਰ ਤੇ ਸੰਗੀਨ ਰੂਪ ਧਾਰਨ ਕਰਦੇ ਜਾ ਰਹੇ ਹਨ। ਮਹੀਨੇ ਕੁ ਦੇ ਵਕਫੇ ਵਿਚ ਹੀ ਘੱਟ ਗਿਣਤੀਆਂ ਨੂੰ ਕਦੇ "ਜੈ ਸ਼੍ਰੀਰਾਮ" ਦੇ ਨਾਹਰੇ ਦੇ ਨਾਮ ਉਤੇ, ਕਦੇ ਗਊ ਰੱਖਿਆ ਤੇ ਕਦੇ ਹੋਰ ਬਹਾਨੇ ਨਿਸ਼ਾਨੇ ਉਤੇ ਲੈ ਕੇ ਭਾਰੀ ਮਾਰ ਕੁੱਟ ਕਰਨ ਤੇ ਜਾਨੋਂ ਮਾਰ ਦੇਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਜੇਕਰ ਇਸ ਤਾਜ਼ਾ ਹਿੰਸਾ ਦੇ ਵਰਤਾਰੇ ਨੂੰ ਹੋਰ ਗਹਿਰਾਈ ਨਾਲ ਸਮਝਣਾ ਹੋਵੇ ਤਾਂ ਹਾਲ ਹੀ ਵਿਚ ਨਰਿੰਦਰ ਮੋਦੀ ਤੇ ਭਾਜਪਾ ਦੀ ਜਿੱਤ ਉਤੇ ਵਿਸ਼ਵ ਦੇ ਨਾਮੀ ਮੀਡੀਆ ਦੀਆਂ ਭਾਵਪੂਰਤ ਟਿੱਪਣੀਆਂ ਸਾਨੂੰ ਗਹਿਰੇ ਇਸ਼ਾਰੇ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਅਮਰੀਕਾ ਦੇ ਨਾਮਵਰ ਅਖਬਾਰ 'ਵਾਸ਼ਿੰਗਟਨ ਪੋਸਟ' ਮੁਤਾਬਿਕ ਨਰਿੰਦਰ ਮੋਦੀ ਦੀ ਜਿੱਤ ਉਸ ਧਾਰਮਿਕ ਰਾਸ਼ਟਰਵਾਦ ਦੀ ਜਿੱਤ ਹੈ ਜਿਸ ਵਿਚ ਭਾਰਤ ਨੂੰ ਧਰਮ ਨਿਰਪੱਖਤਾ ਦੀ ਰਾਹ ਤੋਂ ਵੱਖ ਹਿੰਦੂ ਰਾਸ਼ਟਰ ਦੇ ਰੂਪ ਵਿਚ ਦੇਖਿਆ ਜਾਣ ਲੱਗਿਆ ਹੈ। ਇਕ ਹੋਰ ਅਮਰੀਕੀ ਅਖਬਾਰ 'ਨਿਊਯਾਰਕ ਟਾਈਮਜ਼' ਨੇ ਨਰਿੰਦਰ ਮੋਦੀ ਦੀ ਜਿੱਤ 'ਤੇ ਇਕ ਵਿਸ਼ੇਸ਼ ਰਿਪੋਰਟ 'ਭਾਰਤ ਦੇ ਚੌਕੀਦਾਰ ਨਰਿੰਦਰ ਮੋਦੀ ਦੀ ਇਤਿਹਾਸਕ ਜਿੱਤ' ਸਿਰਲੇਖ ਦੇ ਨਾਲ ਛਾਇਆ ਕੀਤੀ ਸੀ। ਇਸ ਰਿਪੋਰਟ ਵਿਚ ਲਿਖਿਆ ਗਿਆ ਕਿ ਮੋਦੀ ਨੇ ਪੂਰੇ ਚੋਣ ਪ੍ਰਚਾਰ ਵਿਚ ਆਪਣੇ ਆਪ ਨੂੰ ਭਾਰਤ ਦਾ ਚੌਕੀਦਾਰ ਦੱਸਿਆ ਜਦਕਿ ਉਹਨਾਂ ਦੇ ਪਹਿਲੇ ਕਾਰਜਕਾਲ ਦੌਰਾਨ ਭਾਰਤ ਦੀਆਂ ਘੱਟ ਗਿਣਤੀਆਂ ਨੇ ਆਪਣੇ-ਆਪ ਨੂੰ ਕਦੇ ਵੀ ਸੁਰੱਖਿਅਤ ਮਹਿਸੂਸ ਨਹੀਂ ਸੀ ਕੀਤਾ। ਬ੍ਰਿਟੇਨ ਦੇ ਪ੍ਰਸਿੱਧ ਅਖਬਾਰ 'ਦ ਗਾਰਡਿਅਨ' ਨੇ ਭਾਰਤ ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ 'ਤੇ ਲਿਖਿਆ ਕਿ ਮੋਦੀ ਦੀ ਅਸਧਾਰਨ ਪ੍ਰਸਿੱਧੀ ਦੇ ਚਲਦਿਆਂ ਭਾਰਤੀ ਸਿਆਸਤ ਹੁਣ ਹਿੰਦੂ ਰਾਸ਼ਟਰਵਾਦ ਦੇ ਨਵੇਂ ਯੁੱਗ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਅਖਬਾਰ ਨੇ ਆਪਣੀ ਸੰਪਾਦਕੀ ਵਿਚ ਮੋਦੀ 'ਤੇ ਸਖ਼ਤ ਟਿੱਪਣੀ ਕੀਤੀ। ਇਸ ਦੇ ਮੁਤਾਬਿਕ ਬ੍ਰੈਗਜ਼ਿਟ, ਡੋਨਾਲਡ ਟਰੰਪ ਅਤੇ ਨਰਿੰਦਰ ਮੋਦੀ ਦੀ ਸਫਲਤਾ ਦਾ ਬੀਜ ਸਥਾਨਕ ਨਸਲਵਾਦ ਅਤੇ ਅਸਮਾਨਤਾ ਦੁਆਰਾ ਬੋਇਆ ਗਿਆ ਹੈ। 'ਦ ਗਾਰਡੀਅਨ' ਨੇ ਇਕ ਹੋਰ ਸੰਪਾਦਕੀ ਵਿਚ ਲਿਖਿਆ ਕਿ ਭਾਰਤ ਦੀ ਆਤਮਾ ਲਈ ਮੋਦੀ ਦੀ ਜਿੱਤ ਬੁਰੀ ਹੈ। ਅਖਬਾਰ ਨੇ ਸਾਫ ਤੌਰ 'ਤੇ ਲਿਖਿਆ ਹੈ ਕਿ ਦੁਨੀਆ ਨੂੰ ਇਕ ਹੋਰ ਪ੍ਰਸਿੱਧ ਰਾਸ਼ਟਰਵਾਦੀ ਨੇਤਾ ਦੀ ਜ਼ਰੂਰਤ ਨਹੀਂ ਹੈ ਜੋ ਕਿ ਕਿਸੇ ਵੀ ਘੱਟ ਗਿਣਤੀ ਨੂੰ ਦੂਜੇ ਦਰਜੇ ਦਾ ਨਾਗਰਿਕ ਮੰਨਦਾ ਹੋਵੇ। ਭਾਰਤੀ ਲੋਕ ਸਭਾ ਸਭਾ ਚੋਣਾਂ ਤੋਂ ਪਹਿਲਾਂ ਅਮਰੀਕਾ ਸਰਕਾਰ ਦੇ ਵਿਦੇਸ਼ ਵਿਭਾਗ ਨੇ ਸਾਰੇ ਦੇਸ਼ਾਂ ਅੰਦਰ ਧਾਰਮਕ ਆਜ਼ਾਦੀ ਬਾਰੇ ਰਿਪੋਰਟ ਜਾਰੀ ਕੀਤੀ ਸੀ। ਇਸ ਵਿਚ ਵੀ ਭਾਰਤ ਅੰਦਰ ਫ਼ਿਰਕੂਵਾਦ ਫੈਲਣ ਬਾਰੇ ਚਿੰਤਾ ਪ੍ਰਗਟ ਕੀਤੀ ਗਈ ਸੀ। ਰਿਪੋਰਟ ਮੁਤਾਬਕ ਭਾਰਤ ਵਿਚ ਧਾਰਮਕ ਆਜ਼ਾਦੀ ਅਤੇ ਵੱਖਵਾਦੀ ਫ਼ਿਰਕੂ ਸੋਚ ਹਾਵੀ ਹੈ। ਇਸ ਵਿਚ ਕੇਂਦਰ ਸਰਕਾਰ ਉਤੇ ਇਸ ਫ਼ਿਰਕੂ ਸੋਚ ਨੂੰ ਵਧਾਉਣ ਅਤੇ ਉਤਸ਼ਾਹਤ ਕਰਨ ਦੀ ਸਿੱਧੀ ਜ਼ਿੰਮੇਵਾਰੀ ਵੀ ਮੜ੍ਹੀ ਗਈ ਹੈ।

ਅਕਸਰ ਹੀ ਕਿਹਾ ਜਾਂਦਾ ਹੈ ਕਿ ਭਾਰਤ ਦੀ ਸਹਿਣਸ਼ੀਲਤਾ ਸਦੀਆਂ ਪੁਰਾਣੀ ਹੈ। ਇਹ ਗੰਗਾ-ਯਮੁਨਾ ਦੀ ਸਾਂਝੀ ਤਹਿਜ਼ੀਬ ਹੈ। ਇਥੇ ਹਰ ਇਕ ਨੂੰ ਗਲੇ ਨਾਲ ਹੀ ਲਗਾਇਆ ਜਾਂਦਾ ਹੈ। ਦਰਅਸਲ ਇਹ ਵੀ ਇਥੋਂ ਦੇ ਚਾਣਕਿਆਵਾਦੀਆਂ ਦਾ ਮਿੱਥਕ ਜੁਮਲਾ ਹੀ ਹੈ। ਅਜਿਹਾ ਕਹਿਣ ਵਾਲੇ ਬੜੀ ਅਸਾਨੀ ਨਾਲ ਭੁੱਲ ਜਾਂਦੇ ਹਨ ਕਿ ਦਲਿਤਾਂ ਨੂੰ ਅਛੂਤ ਕਹਿ ਕੇ ਜੋ ਸਲੂਕ ਸਦੀਆਂ ਤੋਂ ਉਨ੍ਹਾਂ ਨਾਲ ਇਸ ਧਰਤੀ ਉਤੇ ਕੀਤਾ ਗਿਆ, ਦੁਨੀਆ ਵਿਚ ਹੋਰ ਕਿਸੇ ਸਮਾਜ ਵਿਚ, ਇਸ ਤਰ੍ਹਾਂ ਕਿਸੇ ਨਾਲ ਨਹੀਂ ਹੋਇਆ। ਸਦੀਆਂ ਪਹਿਲਾਂ ਬੋਧੀਆਂ ਨੂੰ ਜਿਵੇਂ ਜ਼ਿੰਦਾ ਸਾੜਿਆ ਗਿਆ, ਸਿੱਖਾਂ ਨਾਲ ਹੁਣੇ-ਹੁਣੇ ਸੰਨ 1984 ਵਿਚ ਜੋ ਕੁਝ ਕੀਤਾ ਗਿਆ ਤੇ ਮੁਸਲਮਾਨਾਂ ਨਾਲ ਸੰਨ 2002 ਵਿਚ ਜੋ ਹੋਇਆ, ਸਭ ਤਵਾਰੀਖ ਵਿਚ ਦਰਜ ਹੈ।

ਹੁਣੇ ਜਿਹੇ ਕਿੰਨੇ ਹੀ ਹਾਦਸੇ ਸਾਡੇ ਸਾਹਮਣੇ ਆ ਚੁੱਕੇ ਹਨ ਅਤੇ ਮੋਦੀ ਦੀ ਜਿੱਤ ਤੋਂ ਬਾਅਦ ਫ਼ਿਰਕੂਵਾਦ ਹੋਰ ਤਾਕਤਵਰ ਮਹਿਸੂਸ ਕਰ ਰਿਹਾ ਹੈ। ਇਸ ਤਰ੍ਹਾਂ ਦੇ ਅਪਰਾਧਾਂ 'ਚ ਸਾਲ 20 14 ਤੋਂ ਬਾਅਦ 554 ਫ਼ੀ ਸਦੀ ਵਾਧਾ ਹੋਇਆ ਹੈ। ਰਾਸ਼ਟਰਵਾਦ ਦੇ ਨਾਂ 'ਤੇ ਨਫ਼ਰਤ ਨੂੰ ਹਵਾ ਦੇਣਾ ਤਾਂ ਪਾਪ ਹੈ ਹੀ ਪਰ ਜ਼ਿੰਮੇਵਾਰ ਅਹੁਦਿਆਂ ਉਤੇ ਬੈਠੇ ਲੋਕਾਂ ਦਾ ਉਸ ਤੋਂ ਮੂੰਹ ਪਰੇ ਕਰ ਲੈਣਾ ਘੋਰ ਪਾਪ ਮੰਨਿਆ ਜਾਂਦਾ ਹੈ। ਆਪਣੇ ਮਨੁੱਖੀ ਅਧਿਕਾਰਾਂ ਦੀ ਆੜ ਹੇਠ ਕਿਸੇ ਹੋਰ ਦੇ ਅਧਿਕਾਰਾਂ ਨੂੰ ਕੁਚਲਣਾ ਵੱਡਾ ਗੁਨਾਹ ਹੀ ਹੁੰਦਾ ਹੈ। ਅਜਿਹੀਆਂ ਘਟਨਾਵਾਂ ਨੇ ਇਹ ਸੁਆਲ ਖੜ੍ਹੇ ਕੀਤੇ ਹਨ ਕਿ ਕੀ ਇਹ ਦੇਸ਼ ਸਿਰਫ਼ ਹਿੰਦੂਆਂ ਦਾ ਹੈ? ਕੀ ਇਸ ਦੇਸ਼ ਦਾ ਕਾਨੂੰਨ, ਸਰਕਾਰ, ਸਰਕਾਰੀ ਮਸ਼ੀਨਰੀ ਵੀ ਸਿਰਫ਼ ਹਿੰਦੂਆਂ ਲਈ ਹੈ? ਦੇਸ਼ ਵਿਚ ਭਗਵੇਂ ਅੱਤਵਾਦ ਦੇ ਖ਼ੌਫ਼ ਨੂੰ ਗੂੜਾ ਕਰਨ ਦੀ ਰਣਨੀਤੀ ਉਤੇ ਜ਼ੋਰ-ਸ਼ੋਰ ਨਾਲ ਅਮਲ ਹੋ ਰਿਹਾ ਹੈ। ਇਕ ਤਾਂ ਇਸ ਨਾਲ ਭੋਲੇ-ਭਾਲੇ ਆਮ ਹਿੰਦੂਆਂ ਦੀਆਂ ਵੋਟਾਂ ਨੂੰ ਹਿੰਦੂਤਵੀਆਂ ਦੀ ਸਰਕਾਰ ਬਣਾਉਣ ਦੇ ਹੱਕ ਵਿਚ ਜ਼ਰਬਾਂ ਆਉਂਦੀਆਂ ਹਨ, ਦੂਜਾ ਦੇਸ਼ ਦੇ ਘੱਟ ਗਿਣਤੀ ਭਾਈਚਾਰਿਆਂ ਨੂੰ ਕਿਸੇ ਵੀ ਤਰੀਕੇ ਹਿੰਦੂਆਂ ਵਿਚ ਜਜ਼ਬ ਕਰਨ ਦੀ ਸੰਘੀ ਸੋਚ ਨੂੰ ਬਲ ਮਿਲਦਾ ਹੈ। ਭਾਰਤ ਵਿਚ ਵਾਪਰੀਆਂ ਜਾਂ ਵਾਪਰ ਰਹੀਆਂ ਘਟਨਾਵਾਂ ਵਿਚੋਂ ਇਸ ਅਮਲ ਦੇ ਨਕਸ਼ ਸਹਿਜੇ ਹੀ ਪਹਿਚਾਣੇ ਜਾ ਸਕਦੇ ਹਨ। ਸਾਡੇ ਸਾਹਮਣੇ ਬਹੁਤ ਸਾਰੀਆਂ ਉਦਾਹਰਣਾਂ ਹਨ। ਸੁਨੇਹਾ ਸਾਫ ਹੈ ਕਿ ਅਸੀਂ ਹੁਣ ਇੰਝ ਹੀ ਕਰਾਂਗੇ। ਦਲਿਤ ਸਮਾਜ ਨੂੰ ਵੀ ਗੁੱਝੀ ਚਿਤਾਵਨੀ ਹੈ ਕਿ ਤੁਸੀਂ ਭਾਜਪਾ ਜਾਂ ਕਾਂਗਰਸ ਵਿਚ ਜਾ ਕੇ ਵੀ ਤਾ ਹੀ ਬਚ ਸਕਦੇ ਹੋ ਜੇ ਸੰਘ ਦੀ ਜੁੱਤੀ ਹੇਠ ਰਹਿਣਾ ਪਸੰਦ ਕਰੋਗੇ। ਕਿਸੇ ਵੀ ਧਿਰ ਨੂੰ ਹੁਣ ਭਗਵਿਆਂ ਦੇ ਅਸਲ ਨਿਸ਼ਾਨੇ ਬਾਰੇ ਕਿਸੇ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਦੀ ਪਹਿਰੇਦਾਰੀ



**ਖਾਲਸਾ ਰਾਜ ਦੇ ਖਾਤਮੇ ਤੋਂ ਬਾਅਦ ਅੰਗਰੇਜ਼ ਕਾਲ ਦੌਰਾਨ ਸਰਕਾਰ ਨੇ ਆਪਣੇ ਟਾਊਟ ਇੱਥੇ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ ਅਤੇ ਖਾਲਸਾ ਪੰਥ ਵਿਰੋਧੀ ਪੁਜ਼ੀਸ਼ਨਾਂ ਲਈਆਂ। ਅਰੂਟ ਸਿੰਘ ਸਰਬਰ੍ਹਾ ਦਾ ਜ਼ਲ੍ਹਿਆਂਵਾਲੇ ਬਾਗ ਸਾਕੇ ਦੇ ਜ਼ਿੰਮੇਵਾਰ ਦੋਸ਼ੀ ਡਾਇਰ ਨੂੰ ਸਿਰੋਪਾ ਦੇਣਾ ਇਸ ਗੱਲ ਦਾ ਸਬੂਤ ਹੈ। ਬਾਬਾ ਖੇਮ ਸਿੰਘ ਬੇਦੀ ਵੇਲੇ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਵਿਚੋਂ ਇਸ ਲਈ ਖਾਰਜ ਕੀਤਾ ਗਿਆ, ਕਿਉਂਕਿ ਉਹਨਾਂ ਨੇ ਪੰਥ ਦੇ ਹੱਕ ਵਿਚ ਪੁਜ਼ੀਸ਼ਨਾਂ ਲਈਆਂ ਸਨ ਤੇ ਦਰਬਾਰ ਸਾਹਿਬ ਵਿਚੋਂ ਮੂਰਤੀਆਂ ਚੁਕਾਈਆਂ ਸਨ। 12 ਅਕਤੂਬਰ 1920 ਨੂੰ ਜਦੋਂ ਕੁਝ ਸ਼ੂਦਰ ਤੋਂ ਬਣੇ ਸਿੱਖ ਅਕਾਲ ਤਖ਼ਤ ਸਾਹਿਬ ਕੜਾਹ ਪ੍ਰਸ਼ਾਦ ਭੇਟ ਕਰਨ ਗਏ, ਬੁੰਗਾ ਅਕਾਲ, ਆਕਾਲ ਤਖ਼ਤ ਦਾ ਗ੍ਰੰਥੀ ਦੌੜ ਗਿਆ। ਇਸ ਤੋਂ ਬਾਅਦ ਪੰਥ ਦਾ ਇਕੱਠ ਹੋਇਆ ਤਾਂ ਤੇਜਾ ਸਿੰਘ ਭੁੱਚਰ ਨੂੰ ਸਿੱਖਾਂ ਜਥੇਦਾਰ ਨਿਯੁਕਤ ਕੀਤਾ ਗਿਆ ਸੀ ਅਤੇ ਉਸਨੂੰ ਅਕਾਲ ਤਖ਼ਤ ਦਾ ਜਥੇਦਾਰ ਕਿਹਾ ਗਿਆ।**

**ਰਜਿੰਦਰ ਸਿੰਘ**

ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦਾ ਸਥਾਪਨਾ ਦਿਵਸ ਮਨਾਇਆ। ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨੂੰ ਸਥਾਪਨਾ ਦਿਵਸ 'ਤੇ ਵਧਾਈ ਦਿੰਦਿਆਂ ਕਿਹਾ ਕਿ ਸਿੱਖ ਵਿਰੋਧੀਆਂ ਵੱਲੋਂ ਸਿੱਖ ਮਨਾਂ ਵਿਚ ਅਕਾਲ ਤਖ਼ਤ ਦਾ ਮਾਣ-ਸਨਮਾਨ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਸਿੱਖ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਅਕਾਲ ਤਖ਼ਤ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਸੀ ਕਿ ਵੱਖ ਵੱਖ ਸਮਿਆਂ ਦੀਆਂ ਸਰਕਾਰਾਂ ਨੇ ਸਿੱਧੇ-ਅਸਿੱਧੇ ਤੌਰ 'ਤੇ ਅਕਾਲ ਤਖ਼ਤ ਨੂੰ ਢਾਹ ਲਾਉਣ ਦਾ ਯਤਨ ਕੀਤਾ ਹੈ ਪਰ ਅਕਾਲ ਤਖ਼ਤ ਨੇ ਹਮੇਸ਼ਾਂ ਹੀ ਦਮਨਕਾਰੀ ਨੀਤੀਆਂ ਦਾ ਮੋੜਵਾਂ ਜਵਾਬ ਦਿੱਤਾ ਹੈ। ਇਸ ਲਈ ਲੋੜ ਹੈ ਕਿ ਸਮੁੱਚੀ ਕੌਮ ਅਕਾਲ ਤਖ਼ਤ ਨੂੰ ਸਮਰਪਿਤ ਹੋ ਕੇ ਕੌਮੀ ਤੌਰ 'ਤੇ ਵਿਚਰੇ ਅਤੇ ਸਮੁੱਚੀ ਮਨੁੱਖਤਾ ਵਿਚ ਗੁਰੂ ਸਾਹਿਬ ਦੇ ਫਲਸਫੇ ਦਾ ਪ੍ਰਚਾਰ ਪ੍ਰਸਾਰ ਕਰੇ। ਦੂਜੇ ਪਾਸੇ ਅਕਾਲ ਤਖ਼ਤ ਦੀ ਸਥਾਪਨਾ ਦਿਵਸ ਮੌਕੇ ਜੇਲ੍ਹ ਵਿਚ ਬੰਦ ਸਰਬੱਤ ਖਾਲਸਾ ਵਲੋਂ ਚੁਣੇ ਗਏ ਸਿੰਘ ਸਾਹਿਬ ਜਗਤਾਰ ਸਿੰਘ ਹਵਾਰਾ ਨੇ ਵੀ ਜਥੇਦਾਰ ਵਜੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਕੇ ਕਿਹਾ ਕਿ ਸਿੱਖ ਕੌਮ ਕਦੇ ਆਪਣੇ ਉੱਪਰ ਗ਼ੁਲਾਮ ਮਾਨਸਿਕਤਾ ਭਾਰੂ ਨਾ ਹੋਣ ਦੇਵੇ। ਉਨ੍ਹਾਂ ਆਖਿਆ ਕਿ ਸਿੱਖ ਕੌਮ ਇਸ ਗੱਲ ਦੀ ਪੀੜ ਮਹਿਸੂਸ ਕਰਦੀ ਹੈ ਕਿ ਰਾਜਸੀ ਆਗੂਆਂ ਦੇ ਇੱਕ ਹਿੱਸੇ ਨੇ ਆਪਣੇ ਸਵਾਰਥੀ ਮੰਤਵਾਂ ਖ਼ਾਤਰ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਨੂੰ ਢਾਹ ਲਾਈ ਹੈ।

ਜੇਕਰ ਦੋਹਾਂ ਵਿਚਾਰਾਂ ਦਾ ਅਧਿਐਨ ਕਰੀਏ ਤਾਂ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਦੀ ਗੱਲ ਸੱਚੀ ਸੁੱਚੀ ਤੇ ਇਤਿਹਾਸਕ ਪ੍ਰਸੰਗ ਵਿਚ ਸਹੀ ਦਿਖਾਈ ਦਿੰਦੀ ਹੈ। ਅਸੀਂ ਸਮਝਦੇ ਹਾਂ ਕਿ ਗਿਆਨੀ ਹਰਪ੍ਰੀਤ ਸਿੰਘ ਬਹੁਤ ਵਧੀਆ ਸਿੱਖ ਸਖਸ਼ੀਅਤ ਹੋਣਗੇ ਤੇ ਸਿੱਖੀ ਬਾਰੇ ਗਿਆਨ ਵੀ ਹੋਵੇਗਾ, ਪਰ ਉਹ ਅਜ਼ਾਦ ਹਸਤੀ ਦੇ ਮਾਲਕ ਨਹੀਂ ਹਨ, ਕਿਉਂਕਿ ਇੱਥੇ ਅਕਾਲ ਤਖ਼ਤ ਸਾਹਿਬ ਦੀ ਸਰਬਉੱਚ ਹੋਂਦ ਨੂੰ ਖਤਮ ਕੀਤਾ ਜਾ ਚੁੱਕਾ ਹੈ। ਇਸ ਗੱਲ ਦੀ ਨਰਾਜ਼ਗੀ ਸੰਗਤ ਵਿਚ ਵੀ ਹੈ, ਕਿਉਂਕਿ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਅਜੇ ਤੱਕ ਪੰਥ ਦਾ ਪਹਿਰੀ ਨਹੀਂ ਬਣ ਸਕਿਆ। ਯਾਦ ਰਹੇ ਕਿ ਅਕਾਲ ਤਖ਼ਤ ਸਾਹਿਬ ਨੂੰ ਅਕਾਲ ਬੁੰਗੇ ਵਜੋਂ 1608 ਵਿੱਚ ਗੁਰੂ ਹਰਗੋਬਿੰਦ ਸਾਹਿਬ ਨੇ ਸਿਰਜਿਆ ਸੀ। 31 ਦਸੰਬਰ 1612 ਨੂੰ ਜਦੋਂ ਉਹ ਦਿੱਲੀ ਗਏ, ਜਿੱਥੋਂ ਉਹਨਾਂ ਨੂੰ ਗਵਾਲੀਅਰ ਦੇ ਕਿਲੇ ਵਿੱਚ ਲਿਜਾਇਆ ਗਿਆ ਸੀ, ਦਿੱਲੀ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਦੀ ਸੇਵਾ ਅਤੇ ਦੇਖਭਾਲ ਲਈ ਅਤੇ ਭਾਈ ਗੁਰਦਾਸ ਜੀ ਨੂੰ ਅਕਾਲ ਤਖ਼ਤ ਦੀਆਂ ਸੇਵਾਵਾਂ ਨਿਭਾਉਣ ਲਈ ਕਿਹਾ ਸੀ।

ਭਾਈ ਗੁਰਦਾਸ ਜੀ ਦੀ ਨਿਯੁਕਤੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਦੀ ਪਹਿਰੇਦਾਰੀ ਵਜੋਂ ਹੋਈ ਸੀ। ਉਹ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਹੀਂ ਸਨ। ਇਹੀ ਪੁਜ਼ੀਸ਼ਨ ਪੰਥ ਵਿਚ ਕਾਇਮ ਹੋਣੀ ਚਾਹੀਦੀ ਹੈ। 15 ਅਪ੍ਰੈਲ 1634 ਦੀ ਲੜਾਈ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ-ਕਾ-ਚੱਕ (ਅੰਮ੍ਰਿਤਸਰ) ਛੱਡ ਦਿੱਤਾ ਅਤੇ ਕਰਤਾਰਪੁਰ (ਜਲੰਧਰ) ਵਿੱਚ ਕੁਝ ਮਹੀਨਿਆਂ ਦੀ ਗੁਜ਼ਾਰਨ ਤੋਂ ਬਾਅਦ ਮਈ 1635 ਵਿੱਚ ਉਹ ਕੀਰਤਪੁਰ ਸਾਹਿਬ ਚਲੇ ਗਏ। 1634 ਅਤੇ 1696 ਦੇ ਵਿਚਕਾਰ (ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪਿਰਥੀ ਚੰਦ ਦੇ ਪੁਤੱਰ ਹਰਜੀ ਦੀ ਮੌਤ ਤਕ), ਅੰਮ੍ਰਿਤਸਰ ਪਿਰਥੀ ਚੰਦ ਦੇ ਵੰਸ਼ ਦੇ ਅਧੀਨ ਸੀ ਅਤੇ, ਇਸ ਸਮੇਂ ਦੌਰਾਨ ਅਕਾਲ ਤਖ਼ਤ ਉਤੇ ਵੀ ਉਹਨਾਂ ਦਾ ਹੀ ਕੰਟਰੋਲ ਸੀ। 1697 ਵਿੱਚ ਹਰਜੀ ਦੇ ਤਿੰਨੇ ਪੁੱਤਰਾਂ ਨੇ ਇਸ ਸ਼ਹਿਰ ਨੂੰ ਛੱਡਣ ਦਾ ਫ਼ੈਸਲਾ ਕੀਤਾ ਅਤੇ ਉਹ ਵੱਖੋ-ਵੱਖਰੇ ਸਥਾਨਾਂ ਤੇ ਚਲੇ ਗਏ। ਅਪ੍ਰੈਲ 1698 ਵਿੱਚ, ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦੇ ਨਿਗਰਾਨ ਨਿਯੁਕਤ ਕੀਤਾ (ਉਹ ਵੀ ਜਥੇਦਾਰ ਨਹੀਂ ਸਨ) ਖਾਲਸਾ ਪੰਥ ਦੇ ਪਹਿਰੇਦਾਰ ਸਨ। 18ਵੀਂ ਸਦੀ ਦੌਰਾਨ ਖਾਲਸਾ ਪੰਥ ਆਪਣੇ ਸਮੁੱਚੇ ਪੰਥਕ ਫੈਸਲੇ ਇਸ ਤਖ਼ਤ ਦੇ ਰਾਹੀਂ ਲੈਂਦਾ ਰਿਹਾ ਹੈ। ਬੰਦਈ ਖਾਲਸਾ ਤੇ ਤੱਥ ਖਾਲਸਾ ਦੇ ਝਗੜੇ 18ਵੀਂ ਸਦੀ ਦੌਰਾਨ ਭਾਈ ਮਨੀ ਸਿੰਘ ਹੁਰਾਂ ਨੇ ਹੱਲ ਕੀਤੇ ਸਨ। ਭਾਈ ਮਨੀ ਸਿੰਘ ਤੋਂ ਬਾਅਦ ਸ. ਦਰਬਾਰਾ ਸਿੰਘ ਨੇ ਪੰਥਕ ਜਥੇਦਾਰ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਰੇਦਾਰੀ ਸੰਭਾਲੀ ਸੀ। ਬਾਅਦ ਵਿਚ ਇਹ ਪਹਿਰੇਦਾਰੀ ਸ਼ਹੀਦ ਮਿਸਲਾਂ ਕੋਲ ਰਹੀ। ਇਸ ਵਿਚ ਬਾਬਾ ਨੈਣਾ ਸਿੰਘ, ਬਾਬਾ ਗੁਰਬਖਸ਼ ਸਿੰਘ, ਬਾਬਾ ਸਾਹਿਬ ਸਿੰਘ ਬੇਦੀ, ਬਾਬਾ ਅਕਾਲੀ ਫੂਲਾ ਸਿੰਘ ਸ਼ਾਮਲ ਸਨ। ਸਰਬੱਤ ਖਾਲਸਾ ਰਾਹੀਂ ਪੰਥਕ ਫੈਸਲੇ ਲਏ ਜਾਂਦੇ ਸਨ ਤੇ ਇਥੋਂ ਤੱਕ ਦਿੱਲੀ ਤਖ਼ਤ 'ਤੇ 17 ਹਮਲੇ ਸਾਂਝੇ ਤੌਰ 'ਤੇ ਮਿਸਲਦਾਰਾਂ ਨੇ ਕੀਤੇ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਕਾਲੀ ਫੂਲਾ ਸਿੰਘ ਜੀ ਨੇ ਇਹ ਜ਼ਿੰਮੇਵਾਰੀ ਬਹੁਤ ਵਧੀਆ ਢੰਗ ਨਾਲ ਨਿਭਾਈ। ਮਹਾਰਾਜਾ ਰਣਜੀਤ ਸਿੰਘ ਵੀ ਉਹਨਾਂ ਦਾ ਬਹੁਤ ਸਤਿਕਾਰ ਕਰਦਾ ਸੀ। ਇਹ ਸੀ ਅਕਾਲ ਤਖ਼ਤ ਦੀ ਪਹਿਰੇਦਾਰੀ ਕਰਨ ਵਾਲੇ ਸਿੰਘਾਂ ਸੂਰਮਿਆਂ ਦਾ ਸਤਿਕਾਰ।

ਖਾਲਸਾ ਰਾਜ ਦੇ ਖਾਤਮੇ ਤੋਂ ਬਾਅਦ ਅੰਗਰੇਜ਼ ਕਾਲ ਦੌਰਾਨ ਸਰਕਾਰ ਨੇ ਆਪਣੇ ਟਾਊਟ ਇੱਥੇ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ ਅਤੇ ਖਾਲਸਾ ਪੰਥ ਵਿਰੋਧੀ ਪੁਜ਼ੀਸ਼ਨਾਂ ਲਈਆਂ। ਅਰੂਟ ਸਿੰਘ ਸਰਬਰ੍ਹਾ ਦਾ ਜ਼ਲ੍ਹਿਆਂਵਾਲੇ ਬਾਗ ਸਾਕੇ ਦੇ ਜ਼ਿੰਮੇਵਾਰ ਦੋਸ਼ੀ ਡਾਇਰ ਨੂੰ ਸਿਰੋਪਾ ਦੇਣਾ ਇਸ ਗੱਲ ਦਾ ਸਬੂਤ ਹੈ। ਬਾਬਾ ਖੇਮ ਸਿੰਘ ਬੇਦੀ ਵੇਲੇ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਵਿਚੋਂ ਇਸ ਲਈ ਖਾਰਜ ਕੀਤਾ ਗਿਆ, ਕਿਉਂਕਿ ਉਹਨਾਂ ਨੇ ਪੰਥ ਦੇ ਹੱਕ ਵਿਚ ਪੁਜ਼ੀਸ਼ਨਾਂ ਲਈਆਂ ਸਨ ਤੇ ਦਰਬਾਰ ਸਾਹਿਬ ਵਿਚੋਂ ਮੂਰਤੀਆਂ ਚੁਕਾਈਆਂ ਸਨ। 12 ਅਕਤੂਬਰ 1920 ਨੂੰ ਜਦੋਂ ਕੁਝ ਸ਼ੂਦਰ ਤੋਂ ਬਣੇ ਸਿੱਖ ਅਕਾਲ ਤਖ਼ਤ ਸਾਹਿਬ ਕੜਾਹ ਪ੍ਰਸ਼ਾਦ ਭੇਟ ਕਰਨ ਗਏ, ਬੁੰਗਾ ਅਕਾਲ, ਆਕਾਲ ਤਖ਼ਤ ਦਾ ਗ੍ਰੰਥੀ ਦੌੜ ਗਿਆ। ਇਸ ਤੋਂ ਬਾਅਦ ਪੰਥ ਦਾ ਇਕੱਠ ਹੋਇਆ ਤਾਂ ਤੇਜਾ ਸਿੰਘ ਭੁੱਚਰ ਨੂੰ ਸਿੱਖਾਂ ਜਥੇਦਾਰ ਨਿਯੁਕਤ ਕੀਤਾ ਗਿਆ ਸੀ ਅਤੇ ਉਸਨੂੰ ਅਕਾਲ ਤਖ਼ਤ ਦਾ ਜਥੇਦਾਰ ਕਿਹਾ ਗਿਆ।

ਜਦੋਂ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ ਤਾਂ ਅਕਾਲ ਤਖ਼ਤ ਦਾ ਜਥੇਦਾਰ ਗੁਰਦੁਆਰਾ ਐਕਟ ਦੇ ਅਧੀਨ ਹੋ ਗਿਆ, ਇਸ ਤੋਂ ਬਾਅਦ ਅਕਾਲ ਤਖ਼ਤ ਦੀ ਪੁਜ਼ੀਸਨ ਵਧੀਆ ਤੇ ਪੰਥਕ ਸਿਧਾਂਤਾਂ ਅਨੁਸਾਰ ਨਹੀਂ ਰਹੀ। ਭਾਵੇਂ ਖਾੜਕੂਵਾਦ ਵੇਲੇ ਸਰਬੱਤ ਖਾਲਸਾ ਵੀ ਹੁੰਦੇ ਰਹੇ, ਪਰ ਖਾੜਕੂ ਲਹਿਰ ਤੋਂ ਬਾਅਦ ਇਹ ਸਭ ਖਤਮ ਹੋ ਗਿਆ। ਅਕਾਲ ਤਖ਼ਤ ਦੇ ਜਥੇਦਾਰ ਦੀ ਪੁਜ਼ੀਸ਼ਨ ਹੁਣ ਇਹ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਅਧੀਨ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਅਧੀਨ ਸ਼੍ਰੋਮਣੀ ਕਮੇਟੀ ਹੈ ਤੇ ਸ਼੍ਰੋਮਣੀ ਕਮੇਟੀ ਹੀ ਅਕਾਲ ਤਖ਼ਤ ਦੇ ਜਥੇਦਾਰ ਦੀ ਚੋਣ ਕਰਦੀ ਹੈ। ਪਰ ਅਕਾਲ ਤਖ਼ਤ ਦੇ ਜਥੇਦਾਰ ਦਾ ਅਹੁਦਾ ਅਜ਼ਾਦ ਤੇ ਖੁਦਮੁਖਤਿਆਰ ਹਸਤੀ ਵਾਲਾ ਨਹੀਂ ਹੈ। ਇਸੇ ਲਈ ਅਕਾਲ ਤਖ਼ਤ ਦਾ ਜਥੇਦਾਰ ਪੰਥ ਵਿਚ ਆਪਣਾ ਸਥਾਨ ਨਹੀਂ ਬਣਾ ਸਕਿਆ। ਸਾਨੂੰ ਅਕਾਲ ਤਖ਼ਤ ਸਾਹਿਬ ਤੇ ਸਰਬੱਤ ਖਾਲਸਾ ਬਾਰੇ ਗੁਰਮਤਿ ਰੌਸ਼ਨੀ ਵਿਚ ਖੁਦਮੁਖਤਿਆਰੀ ਵਾਲੇ ਸਿਧਾਂਤ ਲਾਗੂ ਕਰਨ ਦੀ ਲੋੜ ਹੈ। ਅਸੀਂ ਤਾਂ ਹੀ ਆਪਣੀ ਕੌਮੀਅਤ ਨੂੰ ਅੱਗੇ ਲਿਜਾ ਸਕਾਂਗੇ। ਇਸ ਗੱਲ ਨੂੰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਜਲਦੀ ਸਮਝਣ। ਜ਼ਿਆਦਾ ਲੋੜ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਸਮਝਣ ਦੀ ਹੈ ਕਿ ਉਹ ਪੰਥ ਵਿਚ ਆਪਣੀ ਪੁਜ਼ੀਸ਼ਨ ਬਹਾਲ ਕਰਨ ਦੇ ਲਈ ਅਕਾਲ ਤਖ਼ਤ ਸਾਹਿਬ ਦੀ ਅਜ਼ਾਦ ਹਸਤੀ ਨੂੰ ਹੋਂਦ ਵਿਚ ਲਿਆਉਣ। ਇਸ ਨਾਲ ਹੀ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦਾ ਵਿਕਾਸ ਹੋ ਸਕੇਗਾ।

# ਪੰਜਾਬ ਵਿਚ ਮੌਲਿਕ ਚਿੰਤਕਾਂ ਦਾ ਮੈਦਾਨ ਖਾਲੀ ਕਿਉਂ ?

**ਕਰਮਜੀਤ ਸਿੰਘ ਚੰਡੀਗੜ੍ਹ**
(99150-91063)



ਹਾਲ ਹੀ 'ਚ ਪੰਜਾਬੀ ਟ੍ਰਿਬਿਊਨ ਅਖਬਾਰ ਵਿਚ ਛਪੀਆਂ ਦੋ ਵਿਦਵਤਾ ਭਰਪੂਰ ਰਚਨਾਵਾਂ 'ਸਾਹਿਤ ਤੇ ਚਿੰਤਨ ਪਰੰਪਰਾ' ਅਤੇ 'ਤਰਕਹੀਣ ਫ਼ੈਸਲਿਆਂ ਪਿਛਲਾ ਤਰਕ' ਵਿਚ ਲੇਖਕਾਂ ਕਰਮਵਾਰ ਸਵਰਾਜਬੀਰ ਅਤੇ ਕੰਵਲਜੀਤ ਸਿੰਘ ਚਿੰਤਨ ਨਾਲ ਜੁੜੇ ਡੂੰਘੇ ਫਿਕਰਾਂ ਦੀ ਯਾਦ ਕਰਵਾ ਰਹੇ ਹਨ। ਇਹ ਰਚਨਾਵਾਂ ਜਿੱਥੇ ਜਾਗਦੇ ਤੇ ਜਗਾਉਣ ਵਾਲੇ ਬੰਦਿਆਂ ਲਈ ਵੱਡੀ ਲਲਕਾਰ ਤੇ ਵੰਗਾਰ ਬਣ ਕੇ ਆਈਆਂ ਹਨ, ਉਥੇ ਤੁਹਾਨੂੰ ਕਿਸੇ ਹੱਦ ਤਕ ਪ੍ਰੇਸ਼ਾਨ ਵੀ ਕਰਦੀਆਂ ਹਨ ਅਤੇ ਸਤਾਉਂਦੀਆਂ ਵੀ ਹਨ। ਇਕ ਲੇਖਕ ਦੀ ਪਿਆਸ ਇਹ ਜਾਨਣ ਵਿਚ ਹੈ ਕਿ ਪੰਜਾਬ ਦੀ ਜਰਖੇਜ਼ ਜ਼ਮੀਨ 'ਤੇ ਵੀਹਵੀਂ ਸਦੀ ਵਿਚ ਕੋਈ ਵੱਡਾ ਮੌਲਿਕ ਚਿੰਤਕ ਆਖਰਕਾਰ ਕਿਉਂ ਨਹੀਂ ਪੈਦਾ ਹੋਇਆ-ਇੱਕ ਅਜਿਹਾ ਚਿੰਤਕ ਜੋ ਪੰਜਾਬ ਦੀ ਮਿੱਟੀ ਦੇ ਅਦੁਭਤ, ਅਣਪਛਾਤੇ, ਅਣਦਿਸਦੇ-ਦਿਸਦੇ, ਅਣਦੇਖੇ ਅਤੇ ਅਣਵੰਡੇ ਰੰਗਾਂ ਦੇ ਸਾਰੇ ਭੇਤਾਂ ਅਤੇ ਰਹੱਸਾਂ ਨੂੰ ਜੱਗ ਜ਼ਾਹਰ ਕਰ ਦੇਵੇ, ਆਪਣੇ ਕਲਾਵੇ ਵਿਚ ਸਮੇਟ ਲਏ। ਦੂਜੇ ਸ਼ਬਦਾਂ ਵਿਚ ਘੁੱਪ ਹਨੇਰੇ ਵਿਚੋਂ ਕੋਈ ਵੀ ਚੰਦ ਬਣ ਕੇ ਸਾਹਮਣੇ ਕਿਉਂ ਨਹੀਂ ਆ ਸਕਿਆ ?

ਦੂਜੇ ਪਾਸੇ ਗੰਭੀਰ ਕਾਰਨਾਂ ਦੀ ਗਹਿਰਾਈ ਵਿਚ ਉਤਰਿਆ ਦੂਜਾ ਲੇਖਕ ਸੱਚਮੁੱਚ ਬਹੁਤ ਦੂਰ ਤਕ ਗਿਆ ਹੈ। ਇਸ ਲੇਖਕ ਨੇ ਨਰਿੰਦਰ ਮੋਦੀ ਦੀ ਜਿੱਤ ਦੇ ਪ੍ਰਸੰਗ ਵਿਚ ਉਨ੍ਹਾਂ ਵਿਦਵਾਨਾਂ ਨੂੰ ਸਵਾਲਾਂ ਦੇ ਘੇਰੇ ਵਿਚ ਖੜ੍ਹਾ ਕਰ ਦਿੱਤਾ ਹੈ ਜੋ ਅਕਸਰ ਸਾਡੇ ਅੰਦਰ ਇਹ ਸਬਕ ਪੱਕਾ ਕਰਦੇ ਆ ਰਹੇ ਹਨ ਕਿ ਦੇਖੋ ਜੀ! ਲੋਕ ਹੀ ਮਹਾਨ ਹੁੰਦੇ ਹਨ, ਰੋਟੀ ਦਾ ਮਸਲਾ ਬਹੁਤ ਵੱਡਾ ਰੋਲ ਅਦਾ ਕਰਦਾ ਹੈ, ਬੇਰੁਜ਼ਗਾਰੀ ਮੁਲਕਾਂ ਦੇ ਤਖ਼ਤੇ ਪਲਟ ਦਿੰਦੀ ਹੈ ਆਦਿ-ਆਦਿ। ਲੇਖਕ ਵੱਲੋਂ ਉਠਾਏ ਇਹ ਨੁਕਤੇ ਵੱਡੀ ਬਹਿਸ ਦੀ ਮੰਗ ਕਰਦੇ ਹਨ ਕਿ ਭਾਰਤ ਵਿਚ ਮੋਦੀ ਦੀ ਜਿੱਤ ਨੇ ਦੇਸ਼ਭਗਤੀ, ਫ਼ੌਜੀ ਤਾਕਤ ਅਤੇ ਧਾਰਮਿਕ ਜਨੂੰਨ ਵਰਗੇ ਅਮੂਰਤ ਮੁੱਦਿਆਂ ਨੂੰ ਸਮੂਰਤ ਕਰ ਕੇ ਕਿਵੇਂ ਵਿਖਾ ਦਿੱਤਾ? ਅਤੇ ਉਨ੍ਹਾਂ ਸਾਰਿਆਂ ਮੁੱਦਿਆਂ ਦੀ ਪਿੱਠ ਕਿਉਂ ਤੇ ਕਿਵੇਂ ਲੁਆ ਦਿੱਤੀ ਜੋ ਸਿੱਧੇ ਤੇ ਅਸਿੱਧੇ ਰੂਪ ਵਿਚ ਰੋਟੀ ਨਾਲ ਜੁੜੇ ਹੋਏ ਸਨ? ਇਹ ਲੇਖਕ ਇਕਪਰਤੀ ਕਾਰਨਾਂ ਤੋਂ ਅੱਗੇ ਲਿਜਾ ਕੇ ਉਸ ਥਾਂ ਵੱਲ ਮੋੜ ਕੱਟਦਾ ਹੈ ਜਿਸ ਨੂੰ ਉਸ ਨੇ 'ਸਮੂਹਕ ਅੰਤਰਮੁੱਖਤਾ' ਦਾ ਨਾਂ ਦਿੱਤਾ ਹੈ। ਇਹੋ ਇਕ ਸੋਚ ਹੈ ਜਿਸ ਨੂੰ 'ਸਮੂਹਕ ਬਾਹਰਮੁਖਤਾ' ਨੇ ਹੁਣ ਤਕ ਰੋਕ ਕੇ ਰੱਖਿਆ ਹੋਇਆ ਸੀ ਜਾਂ ਇਸ ਨੂੰ ਅਣਹੋਇਆ ਕਰਾਰ ਦਿੱਤਾ ਹੋਇਆ ਸੀ।

ਇਹ ਸਮੂਹਿਕ ਅੰਤਰਮੁੱਖਤਾ ਅਤੇ ਸਮੂਹਿਕ ਬਾਹਰਮੁਖਤਾ ਕੀ ਹੁੰਦੀ ਹੈ? ਲੇਖਕ ਕੰਵਲਜੀਤ ਸਿੰਘ ਇਸ ਦੀ ਗੰਭੀਰ ਵਿਆਖਿਆ ਵਿਚ ਨਹੀਂ ਪੈਂਦੇ। ਸ਼ਾਇਦ ਜੇ ਇਸ ਦੀ ਵਿਆਖਿਆ ਹੋਣ ਲੱਗੀ ਤਾਂ ਖੱਬੇ ਪੱਖੀ ਰੁਝਾਨਾਂ ਦੀ ਹਮਾਇਤ ਉੱਤੇ ਉਸਰਿਆ ਇਹ ਲੇਖ ਬਾਹਰਮੁਖਤਾ ਦੇ ਸੰਕਲਪ ਦੀਆਂ ਨੀਹਾਂ ਕਮਜ਼ੋਰ ਕਰ ਦੇਵੇਗਾ। ਪਰ ਇਸ ਲੇਖ ਨੇ ਨਾ ਚਾਹੁੰਦਿਆਂ ਵੀ ਇੱਕ ਗੱਲ ਤਾਂ ਦੱਸ ਹੀ ਦਿੱਤੀ ਹੈ ਕਿ ਸਮਾਜਿਕ ਤੇ ਰਾਜਨੀਤਿਕ ਜੱਦੋਜਹਿਦਾਂ ਨੂੰ ਸਮੂਹਿਕ ਅੰਤਰਮੁੱਖਤਾ ਦੇ ਨਜ਼ਰੀਏ ਤੋਂ ਵੀ ਸਮਝਣ ਦੀ ਲੋੜ ਹੈ।ਕਿਉਂਕਿ ਇਸ ਲੇਖ ਦੀ ਅੰਦਰੂਨੀ ਬਣਤਰ ਵਿੱਚ ਖੱਬੇ ਪੱਖੀ ਰੁਝਾਨ ਨਜ਼ਰ ਆਉਂਦੇ ਜਿਨ੍ਹਾਂ ਦੀ ਉਸਾਰੀ ਕੁੱਲ ਮਿਲਾ ਕੇ ਬਾਹਰ ਮੁੱਖੀ ਸੰਕਲਪਾਂ ਉੱਤੇ ਹੀ ਨਿਰਭਰ ਹੁੰਦੀ ਹੈ।




ਸਮੂਹਿਕ ਬਾਹਰਮੁਖਤਾ ਸਮਾਜਿਕ ਵਿਗਿਆਨਾਂ ਦੇ ਤਰਕ ਅਤੇ ਵਿਗਿਆਨਕ- ਤਰਕ ਮੁਤਾਬਕ ਹੀ ਪਰਿਭਾਸ਼ਿਤ ਹੁੰਦੀ ਹੈ ਜਦਕਿ ਸਮੂਹਿਕ ਅੰਤਰਮੁੱਖਤਾ ਮਨੁੱਖੀ ਮਨਾਂ ਦੇ ਉਸ ਜਗਤ ਨਾਲ ਜੁੜੀ ਹੁੰਦੀ ਹੈ ਜਿਸ ਵਿੱਚ ਸਮਾਜ ਦੇ ਉਤਰਾਵਾਂ ਚੜ੍ਹਾਵਾਂ ਬਾਰੇ ਜਾਂ ਸੰਘਰਸ਼ਾਂ ਦੀ ਤੋਰ ਬਾਰੇ ਜਾਂ ਉਨ੍ਹਾਂ ਦੇ ਭਵਿੱਖ ਬਾਰੇ ਪੱਕੀ ਤਰ੍ਹਾਂ ਕੁਝ ਵੀ ਨਹੀਂ ਕਿਹਾ ਜਾ ਸਕਦਾ। ਹੋ ਸਕਦੈ ਉਹ ਉਤਰਾਵ ਚੜ੍ਹਾਵ ਆਪਣੇ ਆਪ ਵਿਚ ਤਰਕਹੀਣ ਵੀ ਜਾਪਦੇ ਹੋਣ ਪਰ ਫਿਰ ਵੀ ਉਸ ਪਿੱਛੇ ਕੋਈ ਨਾ ਕੋਈ ਤਰਕ ਜ਼ਰੂਰ ਹੁੰਦਾ ਹੈ। ਕੀ ਉਹ ਤਰਕ ਸਾਨੂੰ ਕਿਸੇ ਸਮਾਜ ਦੀ ਸਮੂਹਿਕ ਅੰਤਰਮੁੱਖਤਾ ਵਿੱਚੋਂ ਲੱਭਣੇ ਪੈਣਗੇ ਜਿਵੇਂ ਕਿ ਕੰਵਲਜੀਤ ਸਿੰਘ ਉਸ ਖਾਸ ਦਿਸ਼ਾ ਨੂੰ ਜਾਨਣ ਦੀ ਮਹੱਤਤਾ ਤੇ ਲੋੜ ਦਾ ਅਹਿਸਾਸ ਕਰਾ ਰਹੇ ਹਨ? ਇੱਕ ਹੋਰ ਸਵਾਲ ਵੀ ਬਹਿਸ ਦੀ ਮੰਗ ਕਰਦਾ ਹੈ ਕਿ ਸਮੂਹਿਕ ਅੰਤਰਮੁੱਖਤਾ ਦਾ ਆਪਣਾ ਕੋਈ ਸੁਤੰਤਰ ਵਜੂਦ ਹੁੰਦਾ ਹੈ ਜਾਂ ਇਹ ਸਮੂਹਕ ਬਾਹਰਮੁਖਤਾ ਦਾ ਹੀ ਇੱਕ ਅਤਿ ਸੁਖਸ਼ਮ ਸਰੂਪ ਕਿਹਾ ਜਾ ਸਕਦਾ ਹੈ ਜੋ ਸਮਾਂ ਪਾ ਕੇ ਇਤਿਹਾਸ ਦੇ ਬਾਹਰਮੁਖੀ ਨਕਸ਼ਾ ਵਿੱਚ ਉੱਤਰ ਆਉਂਦਾ ਹੈ ? ਦੂਜੇ ਸ਼ਬਦਾਂ ਵਿੱਚ ਸਮੂਹਕ ਅੰਤਰਮੁੱਖਤਾ ਮਨ ਦੀ ਵਿਗਿਆਨ ਤੋਂ ਅੱਗੇ ਕਿਸੇ ਹੋਰ ਸਲਤਨਤ ਵੱਲ ਜਾਣ ਦਾ ਇਸ਼ਾਰਾ ਕਰਦੀ ਹੈ ਜਿਸ ਨੂੰ ਕਈ ਵਾਰੀ ਆ-ਮਨ ਜਾਂ ਆਤਮਾ ਕਿਹਾ ਜਾਂਦਾ ਹੈ? ਮੋਦੀ ਦੀ ਜਿੱਤ ਦੇ ਅਜਬ ਵਰਤਾਰੇ ਨੇ ਸਾਨੂੰ ਉਸ ਅਮੂਰਤ ਜਗਤ ਦੀ ਭਾਲ ਵਿੱਚ ਤੋਰਿਆ ਹੈ ਜੋ ਸਮੂਰਤ ਹੋ ਕੇ ਸਾਹਮਣੇ ਪ੍ਰਗਟ ਹੋਇਆ।ਇਸ ਲੇਖ ਨੇ ਬਹਿਸ ਨੂੰ ਬਹੁ ਪਰਤੀ ਵੀ ਬਣਾਇਆ ਹੈ ਅਤੇ ਸ਼ਾਇਦ ਅੰਤਰ ਵਿਰੋਧੀ ਵੀ।

ਪੰਜਾਬ ਨੇ ਵੱਡੇ ਮੌਲਿਕ ਚਿੰਤਕ ਕਿਉਂ ਨਹੀਂ ਪੈਦਾ ਕੀਤੇ ? ਜਾਂ ਕੀ ਕਿਸੇ ਯੁੱਗ ਦੀਆਂ ਸੰਕਟ ਗ੍ਰਸਤ ਹਾਲਤਾਂ ਮੌਲਿਕ ਚਿੰਤਨ ਲੈ ਕੇ ਆਉਂਦੀਆਂ ਹਨ? ਜਾਂ ਪੰਜਾਬੀ ਭਾਸ਼ਾ ਤੋਂ ਦੂਰੀ ਵੀ ਮੌਲਿਕ ਚਿੰਤਨ ਦੇ ਰਾਹ ਵਿੱਚ ਰੁਕਾਵਟ ਹੈ ਜਿਵੇਂ ਕਿ ਲੇਖ ਵਿੱਚ ਇਹ ਸੰਕੇਤ ਦਿੱਤੇ ਗਏ ਹਨ? ਜਰਮਨ ਸ਼ਾਇਰ ਰਿਲਕੇ(1875-1926) ਵੱਲੋਂ ਯੁੱਗ ਅਤੇ ਮੌਲਿਕ ਚਿੰਤਕ ਦੇ ਆਪਸੀ ਰਿਸ਼ਤੇ ਬਾਰੇ ਦਿੱਤੀ ਇਹ ਟਿੱਪਣੀ ਹੋਰ ਵੀ ਮਹੱਤਵਪੂਰਨ ਹੈ ਕਿ ਜੇਕਰ ਕੋਈ ਯੁਗ ਵੱਡਾ ਮਨੁੱਖ ਪੈਦਾ ਨਹੀਂ ਕਰਦਾ ਤਾਂ (ਹੋ ਸਕਦੈ ਕਿ )ਵੱਡਾ ਮਨੁੱਖ ਇੱਕ ਯੁੱਗ ਦੀ ਹੀ ਸਿਰਜਣਾ ਕਰ ਦੇਵੇ। ਇਸ ਹਿਸਾਬ ਨਾਲ ਤਾਂ ਕਿਸੇ ਯੁੱਗ ਦੀ ਮਹਿਮਾ ਕਈ ਵਾਰ ਇੱਕੋ ਬੰਦੇ ਉੱਤੇ ਹੀ ਖਲੋ ਜਾਂਦੀ ਹੈ। ਸਪੇਨ ਦਾ ਚਿੱਤਰਕਾਰ ਸਲਵਾਡੋਰ ਡਾਲੀ ਜਦੋਂ ਸੁਚੇ ਮਾਣ ਵਿੱਚ ਇਹ ਐਲਾਨ ਕਰਦਾ ਹੈ ਕਿ ਡਾਲੀ ਤੋਂ ਬਿਨਾਂ ਸਪੇਨ ਕਿਸ ਕੰਮ ਦਾ ਹੈ? ਤਾਂ ਇਕੱਲੇ ਡਾਲੀ ਦਾ ਕਦ ਸਪੇਨ ਦੇ ਬਰਾਬਰ ਹੋ ਜਾਂਦਾ ਹੈ। ਇਹੋ ਜਿਹੇ ਹੁੰਦੇ ਹਨ ਮੌਲਿਕ ਚਿੰਤਕ! ਇਸ ਲਈ ਚਿੰਤਨ ਬਾਰੇ ਸਵਰਾਜਬੀਰ ਵੱਲੋਂ ਉਠਾਏ ਸਵਾਲ ਸਾਨੂੰ ਕਿਸੇ ਵੱਡੀ ਬਹਿਸ ਵੱਲ ਲੈ ਕੇ ਜਾਂਦੇ ਹਨ।ਕੀ ਇਸ ਜਵਾਬ ਵਿੱਚ ਮੰਨਣਯੋਗ ਤਰਕ ਹੈ ਕਿ ਪੰਜਾਬ ਵਿੱਚ ਮੌਲਿਕ ਚਿੰਤਨ ਦੇ ਇਹੋ ਜਿਹੇ ਮੱਠ ਹੀ ਵੀਹਵੀਂ ਸਦੀ ਨੇ ਨਹੀਂ ਦਿੱਤੇ ਜਿਸ ਵਿਚੋਂ ਵੱਡੇ ਚਿੰਤਕ ਉੱਭਰਨ ਦੀ ਰਵਾਇਤ ਪੈਦਾ ਹੁੰਦੀ। ਪੰਜਾਬ ਵਿੱਚ ਸਥਾਪਤ ਡੇਰੇ ਜਾਂ ਕੋਈ ਇੱਕ ਡੇਰਾ ਵੀ ਚਿੰਤਨ ਦੀ ਕੋਈ ਯਾਦਗਾਰੀ ਰਵਾਇਤ ਸਥਾਪਤ ਕਰਦਾ ਨਜ਼ਰ ਨਹੀਂ ਆਉਂਦਾ। ਦੁਨਿਆਵੀ ਸਹੂਲਤਾਂ ਦੇ ਸਮਾਨ ਹੀ ਇਕੱਠੇ ਕਰ ਰੱਖੇ ਹਨ ਇਨ੍ਹਾਂ ਡੇਰਿਆਂ ਨੇ। ਫਿਰ ਕੋਈ ਮੌਲਿਕ ਦਰਸ਼ਨ ਜਾਂ ਦਾਰਸ਼ਨਿਕ ਆਉਂਦਾ ਤਾਂ ਕਿੱਥੋਂ ਆਉਂਦਾ?

ਇੱਕ ਹੋਰ ਸਵਾਲ 'ਤੇ ਵੀ ਵਿਦਵਾਨਾਂ ਨੇ ਅਜੇ ਨਿੱਠ ਕੇ ਵਿਚਾਰ ਕਰਨੀ ਹੈ। ਜਦੋਂ ਗੁਰੂ ਗ੍ਰੰਥ ਸਾਹਿਬ ਹੋਂਦ ਵਿੱਚ ਆ ਗਏ ਤਾਂ ਉਸ ਤੋਂ ਪਿੱਛੋਂ ਵੱਡੀਆਂ ਰਚਨਾਵਾਂ, ਵੱਡੇ ਨਾਵਲਾਂ ਅਤੇ ਮਹਾਨ ਇਤਿਹਾਸਕਾਰਾਂ ਦੀ ਸਿਰਜਣਾ ਕਿਉਂ ਨਹੀਂ ਹੋ ਸਕੀ ?ਸੁਰਿਤ- ਸ਼ਬਦ ਦੀ ਨੀਂਹ ਉੱਤੇ ਉਸਰੇ ਸਮਾਜ ਬਾਰੇ ਵੰਨ -ਸਵੰਨੇ ਸਕੂਲਜ਼ ਆਫ ਥਾਟ ਕਿਉਂ ਵਜੂਦ ਵਿੱਚ ਨਹੀਂ ਆ ਸਕੇ? ਜਦੋਂ ਵਿਸ਼ਵ ਪ੍ਰਸਿੱਧ ਇਤਿਹਾਸਕਾਰ ਟਾਇਨਬੀ ਜਿਸ ਨੇ ਸੱਭਿਆਤਾਵਾਂ ਦੇ ਚੜ੍ਹਦੇ ਤੇ ਲਹਿੰਦੇ ਸੂਰਜਾਂ ਦਾ ਅਤਿ ਗੰਭੀਰ ਮੁਤਾਲਿਆ ਕੀਤਾ ਹੈ, ਉਸ ਦੀ ਭਵਿੱਖਬਾਣੀ ਕਦੋਂ ਅਮਲ ਵਿੱਚ ਉਤਰੇਗੀ ਕਿ ਗੁਰੂ ਗ੍ਰੰਥ ਸਾਹਿਬ ਦੁਨੀਆਂ ਨੂੰ ਆਉਣ ਵਾਲੇ ਦਿਨਾਂ ਵਿੱਚ ਕੋਈ ਵਿਸ਼ੇਸ਼ ਗੱਲ ਦੱਸਣਗੇ।ਫਿਰ ਇੱਕ ਵੱਡਾ ਸਵਾਲ ਸਾਡੇ ਸਾਹਮਣੇ ਆਣ ਖਲੋਤਾ ਹੈ ਕਿ ਇਹ ਵਿਸ਼ੇਸ਼ ਗੱਲ ਕੌਣ ਦੱਸੇਗਾ? ਉਹ ਮੌਲਿਕ ਚਿੰਤਕ ਅਤੇ ਮੌਲਿਕ ਚਿੰਤਨ ਕਿੱਥੇ ਹਨ ਜੋ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿੱਚ ਸੰਸਾਰ ਦੇ ਸਮੂਹਕ -ਅਨੁਭਵ ਨੂੰ ਕਸ਼ੀਦ ਕਰਕੇ ਆਪਣੀ ਗਲਵੱਕੜੀ ਵਿੱਚ ਲੈ ਲੈਣਗੇ ਅਤੇ ਦੁਨੀਆਂ ਨੂੰ ਕੋਈ ਨਵੀਂ ਸੇਧ ਦੇਣਗੇ।ਖਾਲਸਾ ਪੰਥ ਇਸ ਚੈਲਿੰਜ ਦਾ ਹੁੰਗਾਰਾ ਕਦੋਂ ਦੇਵੇਗਾ? ਕੀ ਇਸ ਥਿਊਰੀ ਵਿੱਚ ਚੋਖਾ ਵਜ਼ਨ ਹੈ ਕਿ ਮੂੰਹ ਜ਼ੋਰ ਮੁਖਾਲਿਫ ਹਾਲਤਾਂ ਵੀ ਕਿਸੇ ਮੌਲਿਕ ਚਿੰਤਕ ਨੂੰ ਜਨਮ ਦਿੰਦੀਆਂ ਹਨ? ਜਾਂ ਸੁਲਤਾਨ ਬਾਹੂ ਦੀ ਇਹ ਬਾਗੀ ਸਤਰ ਮੌਲਿਕ ਚਿੰਤਨ ਦਾ ਇੱਕ ਮਾਹੌਲ ਪੈਦਾ ਕਰ ਰਹੀ ਹੈ ਕਿ 'ਉਸੇ ਰਾਹ ਵੱਲ ਜਾਈ ਜਾਈਏ ਬਾਹੂ ਜਿਸ ਥੀਂ ਖਲਕਤ ਡਰਦੀ ਹੂ'

ਕੀ 1917 ਦੇ ਸੋਵੀਅਤ ਇਨਕਲਾਬ ਨੇ ਵੀ ਪੰਜਾਬ ਵਿੱਚ ਮੌਲਿਕ ਚਿੰਤਨ ਦੀ ਲਹਿਰ ਨੂੰ ਰੋਕ ਕੇ ਰਖਿਆ? ਇਸ ਦਿਲਚਸਪ ਸਵਾਲ ਨੂੰ ਵੀ ਬਹਿਸ ਦੇ ਘੇਰੇ ਵਿੱਚ ਲਿਆਂਦਾ ਜਾ ਸਕਦਾ ਹੈ।ਇਹ ਨਿਰਵਿਵਾਦ ਸੱਚ ਹੈ ਕਿ ਇਸ ਇਨਕਲਾਬ ਦੀ ਪਹੁੰਚ, ਪ੍ਰਭਾਵ, ਪ੍ਰਸਾਰ ਅਤੇ ਜਾਹੋ ਜਲਾਲ ਦਾ ਦਾਇਰਾ ਇਸ ਤੱਕ ਦੂਰ ਨਿਕਲ ਗਿਆ ਸੀ ਕਿ ਇਸ ਨੇ ਹਰ ਖੇਤਰ ਦੇ ਸਥਾਪਤ ਵਿਚਾਰ -ਪ੍ਰਵਾਹ ਨੂੰ ਜਾਂ ਪਿਛਾਂਹ ਵਲ ਧਕ ਦਿੱਤਾ ਜਾਂ ਪੂਰੀ ਤਰ੍ਹਾਂ ਕਾਬੂ ਵਿੱਚ ਕਰ ਲਿਆ ਅਤੇ ਜਾਂ ਫਿਰ ਧੁੰਦਲਾ ਕਰਕੇ ਰੱਖ ਦਿੱਤਾ। ਪੰਜਾਬ ਵੀ ਇਸ ਤੋਂ ਬਚ ਨਹੀਂ ਸਕਿਆ। ਵੀਹਵੀਂ ਸਦੀ ਦੇ ਕਈ ਦਹਾਕਿਆਂ ਵਿੱਚ ਮਾਰਕਸਵਾਦ -ਆਧਾਰਿਤ ਵਿਆਖਿਆ ਉੱਤੇ ਹੀ ਸਾਹਿਤ ਦੀ ਉਸਾਰੀ ਹੋਈ।ਆਲੋਚਨਾ ਦੇ ਖੇਤਰ ਵਿੱਚ ਸੇਖੋਂ -ਕਿਸ਼ਨ ਸਿੰਘ ਵਿਚਾਰ -ਪ੍ਰਵਾਹ ਦੀ ਜੋੜੀ ਇਸ ਦੀ ਪ੍ਰਤੱਖ ਮਿਸਾਲ ਹੈ ,ਹਾਲਾਂ ਕਿ ਇਹ ਦੋਵੇਂ ਚਿੰਤਕ ਮਹਾਨ ਸਾਹਿਤ ਦੀ ਵਿਆਖਿਆ ਕਰਦਿਆਂ ਇੱਕ ਦੂਜੇ ਨਾਲ ਟਕਰਾਉਂਦੇ ਨਜ਼ਰ ਵੀ ਆਉਂਦੇ ਹਨ। ਪਰ ਬੁਨਿਆਦ ਵਿੱਚ ਮਾਰਕਸਵਾਦ ਦੇ ਹੀ ਰੰਗ ਭਾਰੂ ਹਨ।ਸੱਤਰਵਿਆਂ ਵਿੱਚ ਨਿਕਲੇ 'ਸੇਧ' ਮੈਗਜ਼ੀਨ ਦੇ ਦਰਜਨਾਂ ਅੰਕ ਇਸੇ ਬਹਿਸ ਨੂੰ ਸਮਰਪਤ ਹਨ। ਇੰਝ ਕੱਚੀਆਂ ਬੁਨਿਆਦਾਂ ਉੱਤੇ ਖੜ੍ਹਾ ਇਹ ਵਿਚਾਰਧਾਰਕ ਢਾਂਚਾ ਹੁਣ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਤਾਂ ਕਰ ਹੀ ਰਿਹਾ ਹੈ, ਕਿਉਂਕਿ ਇਸ ਅਨੁਭਵ ਵਿਚ ਧਰਤ-ਅਸਮਾਨ ਦੇ ਕੁਦਰਤੀ ਨਜ਼ਾਰਿਆਂ ਦੀ ਉਹ ਥਰਥਰਾਹਟ ਨਹੀਂ ਜੋ ਅੰਤਰ-ਮਨ ਅਤੇ ਬਾਹਰਮੁਖੀ -ਮਨ ਨੂੰ ਇੱਕ ਵੱਡਾ ਧਰਵਾਸ ਦਿੰਦੀ ਹੈ।ਭਾਈ ਵੀਰ ਸਿੰਘ ਦੀ ਚਰਚਿਤ ਕਵਿਤਾ 'ਕੰਬਦੀ ਰਹੀ ਕਲਾਈ' ਵਿਚ ਵੀ ਇੱਕ ਗੂੜ੍ਹਾ ਰਹੱਸ ਛੁਪਿਆ ਹੋਇਆ ਹੈ ਕਿ ਜਦ ਤਕ ਚਿੰਤਨ ਦੇ ਵਾਤਾਵਰਨ ਵਿਚ 'ਕੰਬਾਹਟ' ਦੀ ਲੜਾਕੀ ਚਿਣਗ ਸ਼ਾਮਿਲ ਨਹੀਂ ਹੁੰਦੀ, ਉਦੋਂ ਤਕ ਮੌਲਿਕ ਚਿੰਤਕ ਧਰਤੀ 'ਤੇ ਨਹੀਂ ਉਤਰ ਸਕਦੇ।

---

# ਕਰਨਾਟਕ ਰਾਜ 'ਤੇ ਕਬਜ਼ਾ ਕਰਨ ਲੱਗੀ ਭਾਜਪਾ

- **ਭਾਜਪਾ ਵਿਰੋਧੀ ਪਾਰਟੀਆਂ ਕਾਂਗਰਸ ਸਮੇਤ ਜੇਡੀਐੱਮਸ ਦਾ ਸਿਆਸੀ ਸੰਕਟ ਡੂੰਘਾ**
- **ਕਾਂਗਰਸ ਦੇ 21 ਮੰਤਰੀਆਂ ਨੇ ਦਿੱਤਾ ਅਸਤੀਫ਼ਾ**
- **ਬਾਗੀ ਵਿਧਾਇਕਾਂ ਵਲੋਂ ਵਾਪਸੀ ਤੋਂ ਕੋਰੀ ਨਾਂਹ**
- **ਸੰਕਟ ਜਾਰੀ ਰਿਹਾ ਤਾਂ ਲੱਗ ਸਕਦਾ ਹੈ ਰਾਸ਼ਟਰਪਤੀ ਰਾਜ**




**ਵਿਸ਼ੇਸ਼ ਰਿਪੋਰਟ/ਪਰਗਟ ਸਿੰਘ ਜੰਡਿਆਲਾ ਗੁਰੂ**

ਕਰਨਾਟਕ ਦੇ ਡੂੰਘੇ ਹੁੰਦੇ ਜਾ ਰਹੇ ਸਿਆਸੀ ਸੰਕਟ ਵਿੱਚ ਕਾਂਗਰਸ ਤੇ ਜੇਡੀਐੱਸ ਦੀ ਗੱਠਜੋੜ ਸਰਕਾਰ ਨੂੰ ਲੈ ਕੇ ਸਥਿਤੀ ਕੁਝ ਅਜੀਬ ਜਿਹੀ ਅਤੇ ਭੰਬਲਭੂਸੇ ਵਾਲੀ ਬਣੀ ਹੋਈ ਹੈ। ਗੱਠਜੋੜ ਦੇ 13 ਵਿਧਾਇਕਾਂ ਦੇ ਅਸਤੀਫ਼ੇ ਤੇ ਇੱਕ ਆਜ਼ਾਦ ਵਿਧਾਇਕ ਦੇ ਭਾਜਪਾ ਨੂੰ ਹਮਾਇਤ ਦੇ ਦੇਣ ਨਾਲ ਕੁਮਾਰਸਵਾਮੀ ਸਰਕਾਰ ਘੱਟ ਗਿਣਤੀ ਵਿੱਚ ਆ ਗਈ ਹੈ। ਕਾਂਗਰਸ ਦੇ ਬਾਗੀ ਵਿਧਾਇਕਾਂ ਨੇ ਵਾਪਸੀ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਉੱਧਰ ਕਰਨਾਟਕ ਦੇ ਮੁੱਖ ਮੰਤਰੀ ਕੁਮਾਰਾਸੁਆਮੀ ਵੀ ਆਪਣੇ ਵਿਦੇਸ਼ੀ ਦੌਰੇ ਤੋਂ ਵਾਪਸ ਪੁੱਜ ਗਏ ਹਨ ਅਤੇ ਉਨ੍ਹਾਂ ਨੇ ਮੀਟਿੰਗਾਂ ਦਾ ਦੌਰ ਸ਼ੁਰੂ ਕਰ ਦਿੱਤਾ ਹੈ। ਕਰਨਾਟਕ ਵਿਚ ਜਾਰੀ ਸਿਆਸੀ ਸੰਕਟ ਦੌਰਾਨ ਤਾਜ਼ਾ ਬਿਆਨ ਕਾਂਗਰਸ ਦੇ ਬਾਗੀ ਵਿਧਾਇਕ ਐਸ.ਟੀ. ਸੋਮਸ਼ੇਖਰ ਦਾ ਆਇਆ ਹੈ। ਇਸ ਸਬੰਧੀ ਉਨ੍ਹਾਂ ਕਿਹਾ ਹੈ ਕਿ ਅਸੀਂ ਸਾਰੇ 13 ਵਿਧਾਇਕਾਂ ਨੇ ਸਪੀਕਰ ਨੂੰ ਅਸਤੀਫ਼ਾ ਸੌਂਪ ਦਿੱਤਾ ਹੈ ਤੇ ਰਾਜਪਾਲ ਨੂੰ ਇਸ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਅਸੀਂ ਸਾਰੇ ਇਕਜੁੱਟ ਹਾਂ ਤੇ ਕਰਨਾਟਕ ਵਾਪਸ ਆਉਣ ਤੇ ਅਸਤੀਫ਼ਾ ਵਾਪਸ ਲੈਣ ਦਾ ਕੋਈ ਸਵਾਲ ਹੀ ਨਹੀਂ ਹੈ। ਕਾਂਗਰਸ ਨੇ ਆਪਣੇ ਸਾਰੇ ਵਿਧਾਇਕਾਂ ਨੂੰ ਸਰਕੂਲਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਜੋ ਵਿਧਾਇਕ ਬੈਠਕ ਵਿਚ ਸ਼ਾਮਿਲ ਨਹੀਂ ਹੋਣਗੇ, ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਸਿੱਧਾਰਮੱਈਆ ਨੇ ਕਿਹਾ ਸੀ ਕਿ ਅਸੀਂ 5-6 ਵਿਧਾਇਕਾਂ ਦੇ ਸੰਪਰਕ ਵਿਚ ਹਾਂ ਤੇ ਉਨ੍ਹਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਸਿੱਧਾਰਮੱਈਆ ਨੇ ਕਿਹਾ ਕਿ ਕਰਨਾਟਕ ਸਰਕਾਰ ਨੂੰ ਕੋਈ ਖ਼ਤਰਾ ਨਹੀਂ ਹੈ। ਉਨ੍ਹਾਂ ਇਸ ਪੂਰੇ ਸਿਆਸੀ ਘਟਨਾਕ੍ਰਮ ਲਈ ਭਾਜਪਾ ਨੂੰ ਦੋਸ਼ੀ ਠਹਿਰਾਉਂਦਿਆਂ ਵਿਧਾਇਕਾਂ ਦੇ ਅਸਤੀਫ਼ੇ ਨੂੰ ਓਪਰੇਸ਼ਨ ਲੋਟਸ ਕਰਾਰ ਦਿੱਤਾ।

ਮੁੱਖ ਮੰਤਰੀ ਕੁਮਾਰਸਵਾਮੀ ਦੇ ਅਮਰੀਕਾ ਤੋਂ ਪਰਤਣ ਤੋਂ ਪਹਿਲਾਂ ਤਕ ਰਾਸ਼ਟਰੀ ਪ੍ਰਧਾਨ ਐੱਚਡੀ ਦੇਵਗੌੜਾ ਨੇ ਸਥਿਤੀ ਸੰਭਾਲੀ। ਸੋਨੀਆ ਗਾਂਧੀ ਨੇ ਵੀ ਆਪਣੀ ਟੀਮ ਨਾਲ ਗੱਲਬਾਤ ਕੀਤੀ ਤੇ ਮਲਿਕਾਰਜੁਨ ਖੜਗੇ ਨੂੰ ਕਰਨਾਟਕ ਦਾ ਮੁੱਖ ਮੰਤਰੀ ਬਣਾਉਣ ਦੇ ਬਦਲ ਤਲਾਸ਼ੇ ਹਨ। ਜੇਡੀਐੱਸ ਤੇ ਕਾਂਗਰਸ ਵੱਲੋਂ ਇਸ ਸਾਰੇ ਘਟਨਾਕ੍ਰਮ ਨੂੰ 'ਮਿਸ਼ਨ ਕਮਲ' ਦਾ ਹਿੱਸਾ ਦੱਸਿਆ ਜਾ ਰਿਹਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਨਾ ਤਾਂ ਸਰਕਾਰ ਨੂੰ ਕੋਈ ਖ਼ਤਰਾ ਹੈ ਤੇ ਨਾ ਹੀ ਗਠਜੋੜ ਨੂੰ।

ਬਾਗ਼ੀ ਵਿਧਾਇਕਾਂ ਨੇ ਮੁੰਬਈ ਵਿਚ ਜਾ ਡੇਰੇ ਲਾਏ ਹਨ। ਭਾਵੇਂ ਕਰਨਾਟਕ ਭਾਜਪਾ ਦੇ ਪ੍ਰਧਾਨ ਬੀਐੱਸ ਯੇਦੀਯੁਰੱਪਾ ਨੇ ਇਸ ਵਿਚ ਭਾਜਪਾ ਦਾ ਹੱਥ ਹੋਣ ਤੋਂ ਇਨਕਾਰ ਕੀਤਾ ਹੈ ਪਰ ਜੇ ਦੋਵਾਂ ਪਾਰਟੀਆਂ ਦੇ ਹੋਰ ਵਿਧਾਇਕ ਟੁੱਟਦੇ ਹਨ ਤਾਂ ਭਾਜਪਾ ਬਹੁਮਤ ਵਿਚ ਆ ਜਾਂਦੀ ਹੈ।

**ਬਾਗੀ ਵਿਧਾਇਕ ਭਾਜਪਾ ਦੇ ਕਬਜ਼ੇ 'ਚ**

ਕਰਨਾਟਕ ਸਰਕਾਰ ਉੱਤੇ ਜਾਰੀ ਸੰਕਟ ਵਿੱਚ ਹਰ ਪਲ ਨਵੀਂ ਕੜੀ ਜੁੜਦੀ ਜਾ ਰਹੀ ਹੈ। ਹੁਣ ਖ਼ਬਰ ਆ ਰਹੀ ਹੈ ਕਿ ਅਹੁਦੇ ਅਤੇ ਪਾਰਟੀ ਤੋਂ ਅਸਤੀਫਾ ਦੇ ਕੇ ਕਰਨਾਟਕ ਤੋਂ ਮੁੰਬਈ ਦੇ ਸੋਫਿਟੇਲ ਹੋਟਲ ਵਿੱਚ ਰੁਕੇ ਬਾਗ਼ੀ ਵਿਧਾਇਕਾਂ ਨੂੰ ਗੋਆ ਲਿਜਾਇਆ ਜਾ ਰਿਹਾ ਹੈ। ਇਹ ਭਾਜਪਾ ਹਾਈਕਮਾਂਡ ਦੇ ਕਬਜ਼ੇ ਵਿਚ ਹੈ। ਇਸ ਤੋਂ ਪਹਿਲਾਂ ਕਰਨਾਟਕ ਕਾਂਗਰਸ-ਜੇ. ਡੀ. (ਐੱਸ.) ਵਿਧਾਇਕਾਂ ਦੇ ਮੁੰਬਈ ਦੇ ਬਾਂਦਰਾ ਕੁਰਲਾ ਸਥਿਤ ਸੋਫਿਟੇਲ ਹੋਟਲ ਵਿੱਚ ਠਹਿਰਾਅ ਦੌਰਾਨ ਸੂਬੇ ਦੀ ਭਾਜਪਾ ਦੇ ਨੇਤਾਵਾਂ ਨੇ ਉਨ੍ਹਾਂ 'ਤੇ ਨਜ਼ਰ ਰੱਖੀ ਸੀ। ਇਸ ਦੌਰਾਨ, ਭਾਜਪਾ ਨੇਤਾਵਾਂ ਨੇ ਦਾਅਵਾ ਕੀਤਾ ਸੀ ਕਿ ਕੁਝ ਹੋਰ ਬਾਗ਼ੀ ਵਿਧਾਇਕ ਇਸ ਸਮੂਹ ਵਿੱਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਨੇ ਕਰਨਾਟਕ ਦੇ ਉਪ ਮੁੱਖ ਮੰਤਰੀ ਜੀ ਪਰਮੇਸ਼ਵਰ ਦੇ ਦਾਅਵਿਆਂ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਬਾਗ਼ੀ ਵਿਧਾਇਕਾਂ ਨੂੰ ਮੰਤਰੀ ਅਹੁਦੇ ਦਾ ਲਾਲਚ ਦੇਣਾ ਅਤੇ ਮੰਤਰੀਆਂ ਨੂੰ ਨਵੀਂ ਕੌਂਸਲ ਵਿੱਚ ਐਡਜਸਟ ਕੀਤੇ ਜਾਣ ਦੀ ਗੱਲ ਬੇਅਸਰ ਰਹੀ ਹੈ।

ਇਸ ਤਰ੍ਹਾਂ ਕਰਨਾਟਕ ਵਿਚ ਗਠਜੋੜ ਸਰਕਾਰ 'ਤੇ ਸੰਕਟ ਵੱਧ ਗਿਆ ਹੈ ਤੇ ਸਰਕਾਰ ਦੀਆਂ ਮੁਸ਼ਕਲਾਂ ਵਿਚ ਵਾਧਾ ਹੋ ਗਿਆ ਹੈ। ਕਰਨਾਟਕ ਵਿਚ ਜਾਰੀ ਸਿਆਸੀ ਉਤਰਾਅ-ਚੜ੍ਹਾਅ ਸਮੇਤ ਡਿਪਟੀ ਸੀਐੱਮ ਸਮੇਤ ਕਾਂਗਰਸ ਦੇ 21 ਮੰਤਰੀਆਂ ਨੇ ਅਸਤੀਫ਼ਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਸੂਬੇ ਦੇ ਮੰਤਰੀ ਤੇ ਆਜ਼ਾਦ ਵਿਧਾਇਕ ਐੱਚ ਨਾਗੇਸ਼ ਨੇ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਨਾਲ ਹੀ ਮੌਜੂਦਾ ਕਾਂਗਰਸ-ਜੇਡੀਐੱਮਸ ਸਰਕਾਰ ਤੋਂ ਸਮਰਥਨ ਵਾਪਸ ਲੈਣ ਦਾ ਐਲਾਨ ਕੀਤਾ ਸੀ। ਇਸ ਤੋਂ ਸਪੱਸ਼ਟ ਹੈ ਕਿ ਭਾਜਪਾ ਕਰਨਾਕਟਾ ਉੱਪਰ ਆਪਣਾ ਸਿਆਸੀ ਕਬਜ਼ਾ ਕਰਕੇ ਕਾਂਗਰਸ ਦੇ ਪੈਰ ਉਖਾੜਨਾ ਚਾਹੁੰਦੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਕਰਨਾਟਕਾ ਵਿਚ ਇਸ ਤੋਂ ਪਹਿਲਾਂ ਵੀ ਸੂਬੇ ਦੀ ਸਿਆਸਤ ਵਿਚ ਅਜਿਹਾ ਹੁੰਦਾ ਰਿਹਾ ਹੈ ਪਰ ਇਸ ਵਾਰ ਮਸਲਾ ਸਾਖ਼ ਦਾ ਬਣਿਆ ਹੋਇਆ ਹੈ। ਸੂਬੇ ਵਿਚ ਸਿਆਸੀ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਮੌਜੂਦਾ ਸੰਕਟ ਕਾਂਗਰਸ ਦੇ ਅੱਠ ਤੇ ਜਨਤਾ ਦਲ ਸੈਕੂਲਰ ਦੇ ਤਿੰਨ ਵਿਧਾਇਕਾਂ ਵੱਲੋਂ ਅਸਤੀਫ਼ਾ ਦੇਣ ਕਾਰਨ ਪੈਦਾ ਹੋਇਆ ਹੈ। ਇਕ ਕਾਂਗਰਸੀ ਵਿਧਾਇਕ ਨੇ ਕੁੱਝ ਦਿਨ ਪਹਿਲਾਂ ਹੀ ਅਸਤੀਫ਼ਾ ਦਿੱਤਾ ਸੀ। ਇਸ ਦਰਮਿਆਨ ਦਾਅਵੇ ਇਹ ਵੀ ਕੀਤੇ ਜਾ ਰਹੇ ਹਨ ਕਿ ਕੁੱਝ ਹੋਰ ਕਾਂਗਰਸੀ ਤੇ ਜੇਡੀਐੱਸ ਵਿਧਾਇਕ ਵੀ ਅਸਤੀਫ਼ਾ ਦੇ ਸਕਦੇ ਹਨ। ਕਰਨਾਟਕ ਵਿਚ ਗਠਜੋੜ ਦਾ ਭਵਿੱਖ ਕੀ ਹੋਵੇਗਾ? ਸਰਕਾਰ ਬਣੀ ਰਹੇਗੀ ਜਾਂ ਨਹੀਂ? ਕੀ ਹੁਣ ਕਾਂਗਰਸ ਸੱਤਾ ਸੰਭਾਲੇਗੀ? ਕੇਂਦਰੀ ਰਾਜਨੀਤੀ ਵਿਚ ਇਸ ਦੇ ਕੀ ਮਾਅਨੇ ਹਨ? ਅਜਿਹੇ ਸਵਾਲਾਂ ਦੇ ਮੱਦੇਨਜ਼ਰ ਸਿਆਸੀ ਗੁਣਾਂ ਤਕਸੀਮ ਚੱਲ ਰਹੇ ਹਨ। ਅਗਲੇ ਹਫ਼ਤੇ ਸ਼ੁਰੂ ਹੋ ਰਹੇ ਕਰਨਾਟਕ ਵਿਧਾਨ ਸਭਾ ਦੇ ਸੈਸ਼ਨ ਤਕ ਸਥਿਤੀ ਸੰਭਲਦੀ ਹੈ ਕਿ ਨਹੀਂ, ਇਹ ਵੀ ਦੇਖਣ ਵਾਲੀ ਗੱਲ ਹੈ। ਦਰਅਸਲ ਕਰਨਾਟਕ ਵਿਚ ਅਜਿਹੇ ਸਿਆਸੀ ਸੰਕਟ ਦੀ ਉਮੀਦ ਜਨਤਾ ਦਲ (ਸੈਕੂਲਰ) ਦੀ ਸਰਕਾਰ ਬਣਨ ਵੇਲੇ ਤੋਂ ਕੀਤੀ ਜਾ ਰਹੀ ਸੀ।

ਮਈ 2018 ਵਿਚ ਕਰਨਾਟਕ ਵਿਧਾਨ ਸਭਾ ਦੀਆਂ 224 ਸੀਟਾਂ ਲਈ ਹੋਈਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ 105

**ਬਾਕੀ ਸਫ਼ਾ 32 'ਤੇ**




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

### ਸਿੱਖ ਰੈਫਰੈਂਸ ਲਾਇਬਰੇਰੀ ਦੇ ਦਸਤਾਵੇਜ਼ਾਂ ਬਾਰੇ ਕੇਂਦਰ ਸਰਕਾਰ ਬੋਲੀ

# ਦਸਤਾਵੇਜ਼ਾਂ 'ਚੋਂ 53 ਕਿਤਾਬਾਂ ਸ਼੍ਰੋਮਣੀ ਕਮੇਟੀ ਨੂੰ ਵਾਪਸ ਦਿੱਤੀਆਂ ਸਰਕਾਰ ਕੋਲ ਹੋਰ ਕੋਈ ਦਸਤਾਵੇਜ਼ ਨਹੀਂ : ਗ੍ਰਹਿ ਮੰਤਰਾਲਾ

**ਅੰਮ੍ਰਿਤਸਰ/ਏਟੀ ਨਿਊਜ਼ ;**
ਜੂਨ 1984 ਦੇ ਸਾਕਾ ਨੀਲਾ ਤਾਰਾ ਦੌਰਾਨ ਨੁਕਸਾਨੀ ਗਈ ਸਿੱਖ ਰੈਫਰੈਂਸ ਲਾਇਬਰੇਰੀ ਇਕ ਵਾਰ ਫਿਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸਿੱਖ ਪੰਥ ਵਲੋਂ ਕਿਹਾ ਜਾ ਰਿਹਾ ਹੈ ਕਿ ਫ਼ੌਜ ਲਾਇਬਰੇਰੀ 'ਚੋਂ ਕਾਫੀ ਗ੍ਰੰਥ, ਕਿਤਾਬਾਂ ਤੇ ਖਰੜੇ ਲੈ ਗਈ ਸੀ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ ਫ਼ੌਜ ਵੱਲੋਂ ਲਿਜਾਇਆ ਗਿਆ ਵਧੇਰੇ ਸਾਹਿਤ ਵਾਪਸ ਨਹੀਂ ਕੀਤਾ ਗਿਆ। ਪਰ ਹੁਣ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਦਾਅਵਾ ਕੀਤਾ ਹੈ ਕਿ ਜੂਨ ਚੌਰਾਸੀ ਘੱਲੂਘਾਰੇ ਮੌਕੇ ਮੌਕੇ ਸਿੱਖ ਰੈਫਰੈਂਸ ਲਾਇਬਰੇਰੀ ਦਾ ਫੌਜ, ਸੀਬੀਆਈ ਜਾਂ ਹੋਰ ਕਿਸੇ ਏਜੰਸੀ ਵਲੋਂ ਚੁੱਕਿਆ ਗਿਆ ਦਸਤਾਵੇਜ਼ ਹੁਣ ਭਾਰਤ ਸਰਕਾਰ ਕੋਲ ਬਕਾਇਆ ਨਹੀਂ ਹੈ।

ਸੂਚਨਾ ਦੇ ਅਧਿਕਾਰ ਤਹਿਤ ਇਸ ਸਬੰਧੀ ਜਾਣਕਾਰੀ ਦੇ ਜਵਾਬ ਵਿਚ ਭਾਰਤ ਸਰਕਾਰ ਨੇ ਲਿਖਤੀ ਤੌਰ ਉੱਤੇ ਦਾਅਵਾ ਕੀਤਾ ਕਿ ਆਪਰੇਸ਼ਨ ਬਲੂ ਸਟਾਰ ਮੌਕੇ ਚੁੱਕੇ ਗਏ ਸਾਰੇ ਦਸਤਾਵੇਜ਼ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿੱਤੇ ਗਏ ਹਨ। ਗ੍ਰਹਿ ਮੰਤਰਾਲੇ ਨੇ ਇਹ ਵੀ ਦਾਅਵਾ ਕੀਤਾ ਕਿ ਮੁੱਖ ਮੰਤਰੀ ਪੰਜਾਬ ਵਲੋਂ ਇਸ ਬਾਬਤ ਕੋਈ ਚਿੱਠੀ ਜਾਂ ਪੱਤਰ ਮੰਤਰਾਲੇ ਨੂੰ ਨਹੀਂ ਮਿਲਿਆ ਹੈ, ਜਿਸ ਸਬੰਧੀ ਦਾਅਵਾ ਕੁਝ ਸਮਾਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਾਰਚ ਮਹੀਨੇ ਵਿੱਚ ਮੀਡੀਆ ਵਿਚ ਕੀਤਾ ਸੀ। ਗ੍ਰਹਿ ਮੰਤਰਾਲੇ ਨੇ ਮਿਤੀ 12 ਜੂਨ ਦੀ ਆਪਣੀ ਚਿੱਠੀ ਰਾਹੀਂ ਕਿਹਾ ਹੈ, "ਪਹਿਲਾਂ ਹੀ ਸਿੱਖ ਰੈਫਰੈਂਸ ਲਾਇਬਰੇਰੀ ਬਾਰੇ 53 ਕਿਤਾਬਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਾਪਸ ਕਰ ਦਿੱਤੀਆਂ ਗਈਆਂ ਹਨ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਗਿਆ ਕਿ ਇਸ ਮਾਮਲੇ ਬਾਰੇ ਗਠਿਤ ਕੀਤੀ ਗਈ ਕਮੇਟੀ ਮਾਮਲੇ ਦੀ ਦੀ ਜਾਂਚ ਕਰ ਰਹੀ ਹੈ।ਇਸ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ, "ਇਸ ਬਾਰੇ 10 ਜੁਲਾਈ ਨੂੰ ਇੱਕ ਮੀਟਿੰਗ ਰੱਖੀ ਗਈ ਹੈ। ਅੰਮ੍ਰਿਤਸਰ ਵਿੱਚ ਹੋਣ ਵਾਲੀ ਇਸ ਮੀਟਿੰਗ ਵਿੱਚ ਇਹ ਵੇਖਿਆ ਜਾਵੇਗਾ ਕਿ ਹਾਲੇ ਤੱਕ ਇਸ ਮਾਮਲੇ ਵਿੱਚ ਕੀ ਕੀ ਹੋਇਆ ਹੈ ਤੇ ਕੀ ਕਾਰਵਾਈ ਕੀਤੀ ਜਾਣੀ ਜ਼ਰੂਰੀ ਹੈ।"

ਲੇਖਕ ਦਰਸ਼ਨ ਸਿੰਘ ਤਾਤਲਾ ਸਿੰਘ ਦਾ ਕਹਿਣਾ ਹੈ ਕਿਸਿੱਖ ਰੈਫਰੈਂਸ ਲਾਇਬਰੇਰੀ ਨਾਲ ਮੇਰੀ ਵਾਕਫੀ 1980-81 'ਚ ਪਈ ਜਦੋਂ ਮੈਂ ਲੰਦਨ 'ਚ ਬ੍ਰਿਟਿਸ਼ ਮਿਊਜ਼ੀਅਮ 'ਚੋਂ ਪੰਜਾਬ ਦੇ ਦੋ ਪੁਰਾਣੇ ਨਕਸ਼ੇ ਕਢਵਾ ਕੇ ਲਿਆਇਆ ਅਤੇ ਫਰੇਮ ਕਰਵਾ ਕੇ ਇਥੇ ਦੇਣ ਗਿਆ ਸਾਂ। ਉਦੋਂ ਮੈਂ ਇਸ ਲਾਇਬਰੇਰੀ 'ਚ ਪਏ ਗ੍ਰੰਥਾਂ ਦੇ ਖਰੜੇ ਜਾਂ ਪੁਸਤਕਾਂ ਦੇ ਮਹੱਤਵ ਦਾ ਖਾਸ ਖਿਆਲ ਨਹੀਂ ਸੀ ਕੀਤਾ। ਦੂਜੀ ਵਾਰ ਜਾਣ ਦਾ ਇਤਫਾਕ ਉਦੋਂ ਬਣਿਆ, ਜਦ ਮੇਰੇ ਨਾਲ ਅੰਗਰੇਜ਼ ਇਤਿਹਾਸਕਾਰ ਈਅਨ ਟਾਲਬਟ ਸੀ। ਉਸ ਨੇ ਪੰਜਾਬ ਦੀ 1947 ਦੀ ਵੰਡ ਦੀ 50ਵੀਂ ਬਰਸੀ 1997 ਲਈ ਖੋਜ ਪ੍ਰਾਜੈਕਟ ਉਲੀਕਿਆ, ਜਿਸ ਦਾ ਮੈਂ ਭਾਈਵਾਲ ਬਣਿਆ ਅਤੇ ਇਸ ਖੋਜ ਦੇ ਸਿਲਸਿਲੇ ਵਿਚ ਅੰਮ੍ਰਿਤਸਰ ਪੁੱਜੇ। 1947 ਦੇ ਉਜਾੜੇ ਵਿਚ ਜਿਹੜੇ ਲੋਕ ਅੰਮ੍ਰਿਤਸਰ ਤੋਂ ਲਾਹੌਰ ਅਤੇ ਉਧਰੋਂ ਲਾਹੌਰ ਤੋਂ ਅੰਮ੍ਰਿਤਸਰ ਆ ਵਸੇ ਸਨ, ਉਨਾਂ ਵਿਚੋਂ ਕੁਝ ਨਾਲ ਮੁਲਾਕਾਤਾਂ ਕਰ ਕੇ ਉਜਾੜੇ ਦੀਆਂ ਯਾਦਾਂ ਨੂੰ ਸਾਂਭਣਾ, ਸਾਡਾ ਕੰਮ ਸੀ। ਅਸੀਂ ਅਖਬਾਰ ਅਤੇ ਹੋਰ ਲਿਖਤਾਂ ਨੂੰ ਵਾਚਣ ਲਈ ਸਿੱਖ ਰੈਫਰੈਂਸ ਲਾਇਬਰੇਰੀ ਅਤੇ ਖਾਲਸਾ ਕਾਲਜ ਦੀ ਸਿੱਖ ਇਤਿਹਾਸਕ ਲਾਇਬਰੇਰੀ 'ਚ ਪਹੁੰਚੇ। ਸਿੱਖ ਰੈਫਰੈਂਸ ਲਾਇਬਰੇਰੀ ਵਿਚ ਲਾਹੌਰ ਤੋਂ ਛਪਦੇ 'ਸਿਵਲ ਐਂਡ ਮਿਲਟਰੀ ਗਜਟ', 'ਦਿ ਟ੍ਰਿਬਿਊਨ', ਉਰਦੂ ਅਕਾਲੀ ਆਦਿ ਰੋਜ਼ਾਨਾ ਅਖਬਾਰ ਫਾਈਲਾਂ ਵਿਚ ਸਾਂਭੇ ਪਏ ਸਨ। 1997 ਤੋਂ 2001 ਦੇ ਚਾਰ ਸਾਲ ਦੌਰਾਨ ਅਸੀਂ ਇਨਾਂ ਦੋਵਾਂ ਲਾਇਬਰੇਰੀਆਂ ਦੇ ਨਾਲ ਨਾਲ ਮਿਊਂਸਿਪਲ ਕਮੇਟੀ ਦੀ ਲਾਇਬਰੇਰੀ ਤੋਂ ਵੀ ਜਾਣੂ ਹੋ ਗਏ।



ਉਦੋਂ ਤੱਕ 1984 ਦਾ ਘੱਲੂਘਾਰਾ ਵਾਪਰ ਚੁੱਕਾ ਸੀ। ਇਥੇ ਅਸੀਂ ਲਾਇਬਰੇਰੀ ਦੇ ਉਪਰਲੇ ਕਮਰੇ ਵੇਖੇ ਜਿਨਾਂ 'ਚ ਸੜੀਆਂ ਤੇ ਵਿੰਗੀਆਂ ਹੋਈਆਂ ਲੋਹੇ ਦੀਆਂ ਸ਼ੈਲਫਾਂ ਅਜੇ ਵੀ ਪਈਆਂ ਸਨ। ਇਕ ਕਮਰੇ 'ਚ ਰੁਮਾਲਿਆਂ 'ਚ ਢਕੇ ਕੁਝ ਪਵਿੱਤਰ ਗੁਟਕੇ ਅਤੇ ਹੋਰ ਖਰੜੇ ਰੱਖੇ ਜਾ ਰਹੇ ਸਨ। ਉਦੋਂ ਸਾਨੂੰ ਲਾਇਬਰੇਰੀਅਨ ਸਾਹਿਬ ਨੇ ਅੱਗ ਦੌਰਾਨ ਨੁਕਸਾਨ ਬਾਰੇ ਕਾਫੀ ਵਿਸਥਾਰ ਨਾਲ ਦੱਸਿਆ। ਸੁਣ ਕੇ ਹੈਰਾਨੀ ਹੋਈ ਕਿ ਫ਼ੌਜ ਨਾਲ ਲੜਾਈ ਦੌਰਾਨ 2 ਜੂਨ ਤੋਂ 5 ਜੂਨ ਸਵੇਰ ਤਕ ਲਾਇਬਰੇਰੀ ਬਚੀ ਰਹੀ ਸੀ। ਲਾਇਬਰੇਰੀ ਤਾਂ ਲੜਾਈ ਮੁੱਕ ਜਾਣ ਪਿਛੋਂ ਬਦਲੇ ਦੀ ਭਾਵਨਾ ਨਾਲ ਸਾੜੀ ਗਈ, ਜਿਸ ਨਾਲ ਸਾਰੇ ਸ਼ੈਲਫ, ਕੁਰਸੀਆਂ, ਮੇਜ ਆਦਿ ਸੜ ਗਏ। ਉਦੋਂ ਅਸੀਂ ਇਸ ਗੱਲ ਵੱਲ ਧਿਆਨ ਨਾ ਦਿੱਤਾ, ਜਦ ਸਾਨੂੰ ਲਾਇਬਰੇਰੀਅਨ ਨੇ ਇਹ ਕਿਹਾ ਕਿ ਲਾਇਬਰੇਰੀ 'ਚੋਂ ਬਹੁਤ ਸਾਰੀਆਂ ਕਿਤਾਬਾਂ ਅਤੇ ਖਰੜੇ ਫ਼ੌਜ ਵਾਲੇ ਬੋਰੀਆਂ ਵਿਚ ਪਾ ਟਰੱਕਾਂ ਰਾਹੀਂ ਬਾਹਰ ਲੈ ਗਏ ਸਨ, ਜਾਣੀ ਬਹੁਤ ਸਾਰਾ ਲਾਇਬਰੇਰੀ ਦਾ ਮਸੌਦਾ ਅੱਗ ਦੀ ਭੇਟ ਨਹੀਂ ਸੀ ਚੜਿਆ, ਮੇਰੀ ਅਗਿਆਨਤਾ ਜਾਂ ਮੂਰਖਤਾ ਹੀ ਸਮਝੋ ਕਿ ਮੈਂ ਇਸ ਬਾਰੇ ਉਦੋਂ ਕੋਈ ਹੋਰ ਸਵਾਲ ਨਾ ਪੁੱਛਿਆ।

ਇਸ ਲਾਇਬਰੇਰੀ ਨਾਲ ਅਗਲਾ ਸੰਬੰਧ ਉਦੋਂ ਬਣਿਆ, ਜਦੋਂ ਮੈਂ ਗ਼ਦਰ ਲਹਿਰ ਅਤੇ ਕਾਮਾਗਾਟਾ ਮਾਰੂ ਬਾਰੇ ਖੋਜ ਪ੍ਰਾਜੈਕਟ ਅਧੀਨ, ਲੰਦਨ ਦੀ ਬ੍ਰਿਟਿਸ਼ ਲਾਇਬਰੇਰੀ 'ਚੋਂ ਕੁਝ ਸਰਕਾਰੀ ਫਾਈਲਾਂ ਦੀ ਕਾਪੀ ਕਰਾ ਕੇ ਪੰਜਾਬ ਦੀਆਂ ਕੁਝ ਲਾਇਬਰੇਰੀਆ ਦੇਣ ਇਥੇ ਪੁੱਜਾ। ਇਸੇ ਸਮੇਂ ਕਿਸੇ ਪੁਸਤਕ ਦੇ ਸੰਪਾਦਕ ਨੇ ਇਸ ਲਾਇਬਰੇਰੀ ਦੇ ਹੋਏ ਨੁਕਸਾਨ ਸੰਬੰਧੀ ਲੇਖ ਲਿਖਣ ਲਈ ਕਿਹਾ ਤਾਂ ਮੈਂ ਗਹਿਰੀ ਪੁੱਛ-ਗਿੱਛ ਸ਼ੁਰੂ ਕੀਤੀ।

ਇਸ ਲਾਇਬਰੇਰੀ ਨੂੰ ਬਣਾਉਣ ਦਾ ਇਤਿਹਾਸ ਪੜ੍ਹਿਆ, ਜੋ ਖ਼ਾਲਸਾ ਕਾਲਜ ਦੇ ਪ੍ਰੋਫੈਸਰਾਂ ਵਲੋਂ ਸਿੱਖ ਸਰੋਤਾਂ ਨੂੰ ਸਾਂਭਣ ਦੀ ਇੱਛਾ 'ਚੋਂ ਪੈਦਾ ਹੋਇਆ। ਇਸ ਵਿਚ ਗੰਡਾ ਸਿੰਘ, ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਬਾਵਾ ਪਰੇਮ ਸਿੰਘ, ਗੁਰਮੁਖ ਨਿਹਾਲ ਸਿੰਘ ਤੇ ਹੋਰ ਕਿੰਨੇ ਦਾਨਸ਼ਮੰਦਾ ਦੀ ਸੋਚ ਸੀ। ਖਾਸ ਮੌਕਾ ਉਦੋਂ ਬਣਿਆ ਜਦ ਮਹਾਰਾਜਾ ਦਲੀਪ ਸਿੰਘ ਦੀ ਵੱਡੀ ਧੀ ਸ਼ਹਿਜ਼ਾਦੀ ਬੰਬਾ 10 ਫਰਵਰੀ, 1945 ਨੂੰ ਖ਼ਾਲਸਾ ਕਾਲਜ ਦੀ ਸਿੱਖ ਇਤਿਹਾਸ ਸਭਾ ਨੂੰ ਵਿਖਿਆਨ ਦੇਣ ਲਈ ਪਧਾਰੀ। ਸ਼੍ਰੋਮਣੀ ਕਮੇਟੀ ਨੇ 27 ਅਕਤੂਬਰ, 1846 ਨੂੰ 822 ਨੰਬਰ ਮਤੇ 'ਚ ਲਾਇਬਰੇਰੀ ਖੋਲਣ ਦਾ ਫ਼ੈਸਲਾ ਕਰ ਲਿਆ ਸੀ ਪਰ ਇਹ ਲਾਇਬਰੇਰੀ ਗੁਰੂ ਰਾਮਦਾਸ ਸਰਾਂ ਦੇ ਚਾਰ ਨੰਬਰ ਹਾਲ 'ਚ 9 ਫਰਵਰੀ 1947 ਨੂੰ ਖੋਲੀ ਗਈ।

ਲੇਖਕ ਦਰਸ਼ਨ ਸਿੰਘ ਤਾਤਲਾ ਦਾ ਕਹਿਣਾ ਹੈ ਕਿ ਨਨਕਾਣਾ ਸਾਹਿਬ ਪਿਛੋਂ ਦਰਬਾਰ ਸਾਹਿਬ ਸਿੱਖਾਂ ਦਾ ਸਭ ਤੋਂ ਪੂਜਣਯੋਗ ਅਸਥਾਨ ਹੋਣ ਕਰਕੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਗ੍ਰੰਥਾਂ ਦੇ ਲਿਖਣ ਅਤੇ ਸਾਂਭਣ ਦਾ ਸਿਲਸਿਲਾ ਚੱਲ ਪਿਆ ਸੀ, ਜੋ ਮਹਾਰਾਜਾ ਰਣਜੀਤ ਸਿੰਘ ਵੇਲੇ ਵੱਖੋ-ਵੱਖਰੇ ਸ਼ਹਿਜ਼ਾਦਿਆਂ ਵੱਲੋਂ ਉਸਾਰੇ ਬੁੰਗਿਆਂ ਵਿਚ ਹੋਰ ਵੀ ਵਿਕਸਤ ਹੋਇਆ। ਇਹ ਖਰੜੇ ਹੱਥੋਂ ਹੱਥੀ ਸੰਪਰਦਾਵਾਂ ਦੇ ਮੁਖੀਆਂ ਕੋਲ ਚਲੇ ਆਉਂਦੇ ਸਨ। ਸਿੱਖਾਂ, ਸੰਪਰਦਾਵਾਂ ਅਤੇ ਕਈ ਸੰਸਥਾਵਾਂ ਵੱਲੋਂ ਪੁਰਾਣੇ ਹਥ-ਲਿਖਤ ਗ੍ਰੰਥ, ਸੈਂਚੀਆਂ ਆਦਿ ਜਮਾਂ ਕਰਾਈਆਂ ਜਾਣ ਲਗੀਆਂ, ਜੋ ਇਸ ਲਾਇਬਰੇਰੀ ਦੀ ਸਮੱਗਰੀ ਬਣੀ। 1958 ਵਿਚ ਇਹ ਲਾਇਬਰੇਰੀ ਬਾਬਾ ਦੀਪ ਸਿੰਘ ਵਾਲੇ ਬੁੰਗੇ ਵਿਚ ਲਿਆਂਦੀ ਗਈ। ਸ਼੍ਰੋਮਣੀ ਕਮੇਟੀ ਨੇ ਨਜਰਸਾਨੀ ਕਰਨ ਲਈ ਸਿੱਖ ਇਤਿਹਾਸ ਬੋਰਡ ਬਣਾਇਆ। 1947 ਤੋਂ 1950ਵਿਆਂ ਦੇ ਅਖੀਰ ਤਕ ਇਸ ਲਾਇਬਰੇਰੀ ਵਿਚ ਆਏ ਖਰੜਿਆਂ ਅਤੇ ਪੁਸਤਕਾਂ ਦੀ ਪਹਿਲੀ ਸੂਚੀ ਗੰਡਾ ਸਿੰਘ ਹੁਰਾਂ ਦੀ ਹਿੰਮਤ ਨਾਲ ਪ੍ਰਕਾਸ਼ਤ ਹੋਈ, ਜੋ ਪਿਛੋਂ ਬਕਾਇਦਾ ਸੋਧੀ ਗਈ। ਇਸ ਵਿਚ ਗੁਰੂ ਗ੍ਰੰਥ, ਦਸਮ ਗ੍ਰੰਥ ਦੀਆਂ ਹੱਥ ਲਿਖਤ ਬੀੜਾਂ ਤੋਂ ਇਲਾਵਾ ਸਿੱਖ ਇਤਿਹਾਸ ਦੀਆਂ ਹੋਰ ਹੱਥ ਲਿਖਤਾਂ ਅਤੇ ਕਿੰਨੇ ਪੁਰਾਣੇ ਗ੍ਰੰਥ ਸਨ। ਜਿਨਾਂ 'ਚ ਹਿੰਦੂ ਧਰਮ ਦੇ ਸ਼ਾਸਤਰ, ਪੰਜਾਬੀ ਸਾਹਿਤ ਦੀਆ ਹੱਥ-ਲਿਖਤਾਂ, ਉਰਦੂ ਅਤੇ ਫਾਰਸੀ ਦੀਆਂ ਪੁਸਤਕਾਂ ਇਕੱਤਰ ਹੋਏ। ਇਸ ਦੀਆਂ ਸੂਚੀਆਂ ਸਿੱਖ ਇਤਿਹਾਸ ਬੋਰਡ ਨੇ ਛਾਪੀਆਂ। ਇਸੇ ਸਿਲਸਿਲੇ ਵਿਚ ਸ਼ਮਸ਼ੇਰ ਸਿੰਘ ਅਸ਼ੋਕ ਨੇ ਸਿੱਖਾਂ ਦੀਆਂ ਹੱਥ ਲਿਖਤ ਬੀੜਾਂ ਦੀ ਪੁਸਤਕ ਛਾਪੀ।

ਜਦੋਂ 1984 ਦਾ ਘੱਲੂਘਾਰਾ ਵਾਪਰਿਆ ਤਾਂ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਪਏ ਸਿੱਖ ਵਿਰਸੇ ਬਾਰੇ ਫਿਕਰ ਹੋਣਾ ਕੁਦਰਤੀ ਹੀ ਸੀ। ਮਾਰਕ ਤੁਲੀ ਨੇ ਲਿਖਿਆ ਹੈ ਕਿ ਲੜਾਈ ਮੁੱਕਣ ਮੱਗਰੋਂ ਜਦ ਮਦਰਾਸੀ ਫੌਜੀਆਂ ਦੀ ਰੈਜਮੈਂਟ ਸਵੇਰ ਦਾ ਖਾਣਾ ਖਾ ਰਹੀ ਸੀ, ਤਾਂ ਲਾਇਬਰੇਰੀ ਦੇ ਕਿਸੇ ਖੂੰਜੇ ਤੋਂ ਇਕ ਗੋਲੀ ਦੀ ਆਵਾਜ਼ ਸੁਣਦੇ ਸਾਰ ਇਨਾਂ ਫ਼ੌਜੀਆਂ ਨੇ ਜਵਾਬੀ ਗਰਨੇਡਾਂ ਦੀ ਵਰਖਾ ਨਾਲ ਇਸ ਨੂੰ ਅੱਗ ਲੱਗੀ। ਇਸ ਲਾਇਬਰੇਰੀ ਦੀਆਂ ਪੁਸਤਕਾਂ ਅਤੇ ਖਰੜਿਆਂ ਨੂੰ ਬਕਾਇਦਾ ਟਰੱਕਾਂ ਰਾਹੀਂ ਸ਼ਹਿਰ ਦੀ ਛਾਉਣੀ ਪਹੁੰਚਾ ਦਿੱਤਾ ਸੀ, ਜਿੱਥੇ ਕਾਰਵਾਈ ਕਰਦੇ ਹੋਏ ਇਸ ਨੂੰ ਏਅਰਪੋਰਟ ਰਾਹੀਂ ਜਲੰਧਰ ਅਤੇ ਕੁਝ ਹਿੱਸੇ ਨੂੰ ਚੰਡੀਗੜ੍ਹ ਫੌਜ ਦੇ ਕੇਂਦਰ ਵਿਚ ਪਹੁੰਚਾਇਆ ਗਿਆ। ਇਥੇ ਇਸ ਦੀ ਹੋਰ ਪੜਤਾਲ ਕੀਤੀ ਗਈ।

ਕੀ ਕੁਝ ਫ਼ੌਜ ਚੁੱਕ ਕੇ ਲੈ ਗਈ, ਉਸ ਵੱਲੋਂ ਫਿਰ ਕੀ ਮੋੜਿਆ ਗਿਆ, ਇਹ ਸਵਾਲ ਅਹਿਮ ਸਨ। ਫ਼ੌਜ ਵੱਲੋਂ ਕੁਝ ਸਮੱਗਰੀ ਦੀ ਵਾਪਸੀ ਦੀ ਤਸਦੀਕ ਤਾਂ ਫਾਈਲਾਂ ਰਾਹੀਂ ਹੁੰਦੀ ਸੀ ਪਰ ਹਰ ਵਾਰੀ ਕੀ ਮੋੜਿਆ ਗਿਆ ਇਸ ਦੀ ਤਫਸੀਲ ਸਾਫ਼ ਨਹੀਂ। ਰਣਜੀਤ ਸਿੰਘ ਨੰਦਾ, ਜੋ ਪੰਜਾਬ ਪੁਲੀਸ ਚ ਇੰਸਪੈਕਟਰ ਸੀ, ਦੇ ਬਿਆਨਾਂ ਅਨੁਸਾਰ ਜਦ ਇਹ ਸਮੱਗਰੀ ਅੰਮ੍ਰਿਤਸਰ ਏਅਰਪੋਰਟ 'ਤੇ ਉਤਾਰੀ ਤਾਂ ਉਹ ਹਾਜ਼ਰ ਸੀ, ਉਸ ਦੇ ਨਾਲ ਦੂਜੇ ਸਿੱਖ ਪੁਲੀਸ ਅਧਿਕਾਰੀ ਸ਼ਬਦਲ ਸਿਘ ਸਨ, ਜਿਸ ਦੇ ਬਿਆਨ ਵੀ ਇਸ ਦੀ ਹਾਮੀ ਭਰਦੇ ਹਨ। ਕੁਝ ਸਾਲਾਂ ਪਿੱਛੋਂ ਇੱਕ ਅਖਬਾਰ ਵਿਚ ਇਨਾਂ ਦੋਹਾਂ ਅਧਿਕਾਰੀਆਂ ਦੀ ਦਰਬਾਰ ਸਾਹਿਬ ਦੇ ਘੱਲੂਘਾਰੇ ਬਾਰੇ ਟਿੱਪਣੀ ਛਪੀ। ਉਸ ਵਿਚ ਉਨਾਂ ਵੱਲੋਂ ਦੱਸਣ ਅਨੁਸਾਰ ਫੌਜ ਵਲੋਂ ਲਿਸਟ ਬਣਾਈ ਗਈ ਸੀ, ਜੋ ਬਕਾਇਦਾ ਰਜਿਸਟਰਾਂ ਵਿਚ ਵੀ ਚਾੜੀ ਗਈ।

ਜਿਥੋਂ ਤੱਕ ਰੈਫਰੈਂਸ ਲਾਇਬਰੇਰੀ ਦੇ ਨੁਕਸਾਨ ਦਾ ਸਬੰਧ ਹੈ, ਇਸ ਬਾਰੇ ਚੱਲਿਆ ਵਿਵਾਦ ਹੋਰ ਵੀ ਕਸ਼ਟ ਦੇਣ ਵਾਲਾ ਹੈ ਕਿਉਂਕਿ ਇਕ ਪਾਸੇ ਤਾਂ ਸਰਕਾਰ ਵੱਲੋਂ ਬਿਆਨ ਹਨ ਜਿਨਾਂ ਅਨੁਸਾਰ ਬਸਾਰਾ ਮਸੌਦਾ ਵਾਪਿਸ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਲਾਇਬਰੇਰੀ ਦੇ ਅਧਿਕਾਰੀਆਂ ਵੱਲੋਂ ਇਸ ਸਬੰਧੀ ਕਈ ਵੱਖਰੇ ਵੱਖਰੇ ਬਿਆਨ ਆ ਚੁਕੇ ਹਨ, ਜਿਸ ਵਿਚ ਦਵਿੰਦਰ ਸਿੰਘ ਦੁੱਗਲ ਜੋ 1984 ਦੌਰਾਨ ਇਸ ਲਾਇਬਰੇਰੀ ਦੇ ਇੰਚਾਰਜ ਸਨ, ਨੇ ਖਾਲੀ ਕਾਗਜ਼ 'ਤੇ ਫ਼ੌਜੀ ਜਬਰੀ ਹੁਕਮ 'ਤੇ ਦਸਤਖਤ ਕਰਨੋਂ ਇਨਕਾਰ ਕਰ ਦਿੱਤਾ ਸੀ।

ਕਿਤਾਬਾਂ ਵਾਪਸ ਕਰਨ ਬਾਰੇ ਫ਼ੌਜੀ ਅਧਿਕਾਰੀਆਂ ਦੇ ਬਿਆਨ ਵੀ ਮੇਲ ਨਹੀਂ ਖਾਂਦੇ। ਕੇਂਦਰ ਦੀ ਵੀ. ਪੀ. ਸਿੰਘ ਸਰਕਾਰ 'ਚ ਰੱਖਿਆ ਮੰਤਰੀ ਜਾਰਜ ਫਰਨਾਂਡਿਸ ਨੇ ਆਪਣੇ ਬਿਆਨ 'ਚ ਕਿਹਾ ਕਿ ਬਹੁਤ ਸਾਰੇ ਖਰੜੇ ਸੁਰੱਖਿਅਤ ਹਨ, ਜੋ ਸ਼੍ਰੋਮਣੀ ਕਮੇਟੀ ਸੰਪਰਕ ਕਰਕੇ ਲੈ ਲਵੇ। ਫੌਜੀ ਅਧਿਕਾਰੀ ਇਸ ਤੋਂ ਇਨਕਾਰੀ ਹੋਏ ਸਨ। ਇਸ ਸਬੰਧੀ ਸਤਨਾਮ ਸਿੰਘ ਪੰਡੋਰੀ ਮਨਾਵਾਂ (ਜ਼ਿਲਾ ਤਰਨ ਤਾਰਨ) ਵੱਲੋਂ ਹਾਈ ਕੋਰਟ ਵਿਚ ਮੁਕੱਦਮਾ ਵੀ ਕੀਤਾ ਗਿਆ, ਜਿਸ ਨੇ ਇਹ ਮਾਮਲਾ ਨਿਤਾਰਿਆ ਨਹੀਂ, ਸਗੋਂ ਸਰਕਾਰੀ ਵਕੀਲਾਂ ਨੇ ਇਸ ਨੂੰ ਨਿਗੂਣਾ ਸਮਝ ਗੰਧਲਾਇਆ ਹੀ ਹੈ। ਇਸ ਮੁਕੱਦਮੇ ਦੀ ਕਾਪੀ ਕਢਾ ਕੇ ਮੈਂ ਇਸ ਲਾਇਬਰੇਰੀ ਵਿੱਚ ਜਮ੍ਹਾਂ ਕਰਾ ਚੁੱਕਾ ਹਾਂ।

---

# ਨੌਜਵਾਨ ਨੂੰ ਪੁਲਿਸ ਵਲੋਂ ਅਗਵਾ ਕਰਕੇ ਤਸ਼ੱਦਦ ਨਾਲ ਮਾਰਨ ਦਾ ਮਾਮਲਾ

## ਇੰਸਪੈਕਟਰ ਨੌਰੰਗ ਸਿੰਘ ਤੇ 11 ਪੁਲਿਸ ਮੁਲਾਜ਼ਮਾਂ ਸਣੇ 13 ਦੋਸ਼ੀਆਂ ਨੂੰ ਉਮਰ ਕੈਦ

**ਅੰਮ੍ਰਿਤਸਰ/ਏਟੀ ਨਿਊਜ਼ :**
ਸੰਨ 2014 'ਚ ਇਥੇ ਗੁਰੂ ਨਾਨਕ ਦੇਵ ਹਸਪਤਾਲ 'ਚ ਜ਼ੇਰੇ ਇਲਾਜ ਇਕ ਕੈਦੀ ਨੌਜਵਾਨ ਨੂੰ ਪੁਲਿਸ ਵਲੋਂ ਅਗਵਾ ਕਰਕੇ ਕੀਤੇ ਤਸ਼ੱਦਦ ਕਾਰਨ ਉਸ ਦੀ ਮੌਤ ਹੋਣ 'ਤੇ ਉਸ ਦੀ ਲਾਸ਼ ਕੀਰਤਪੁਰ ਸਾਹਿਬ ਵਾਲੀ ਨਹਿਰ 'ਚ ਰੋੜ ਦੇਣ ਦੇ ਚਰਚਿਤ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਸੀ. ਆਈ. ਏ. ਸਟਾਫ਼ ਬਟਾਲਾ ਦੇ ਇੰਚਾਰਜ ਪੁਲਿਸ ਇੰਸ: ਨੌਰੰਗ ਸਿੰਘ, 11 ਹੋਰ ਪੁਲਿਸ ਮੁਲਾਜ਼ਮਾਂ (ਥਾਣੇਦਾਰ ਤੇ ਹੌਲਦਾਰ ਰੈਂਕ) ਸਣੇ 13 ਵਿਅਕਤੀਆਂ ਨੂੰ ਇਥੇ ਵਧੀਕ ਜ਼ਿਲਾ ਸੈਸ਼ਨ ਜੱਜ ਸੰਦੀਪ ਸਿੰਘ ਬਾਜਵਾ ਦੀ ਅਦਾਲਤ ਵਲੋਂ ਉਮਰ ਕੈਦ ਦੀ ਸਜ਼ਾ ਤੇ 10-10 ਹਜ਼ਾਰ ਰੁਪਿਆ ਜੁਰਮਾਨਾ ਸੁਣਾਇਆ ਗਿਆ ਹੈ। ਇਸ ਦੇ ਨਾਲ ਹੀ ਦੋਸ਼ੀਆਂ ਨੂੰ ਅਗਵਾ, ਲਾਸ਼ ਪਾਣੀ 'ਚ ਰੋੜ ਕੇ ਸਬੂਤ ਨਸ਼ਟ ਕਰਨ ਤੇ ਸਾਂਝੇ ਮਕਸਦ ਦੇ ਦੋਸ਼ਾਂ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਵੱਖ-ਵੱਖ ਸਜ਼ਾਵਾਂ ਵੀ ਸੁਣਾਈਆਂ ਗਈਆਂ ਹਨ। ਮਾਮਲੇ ਦੀ ਪੈਰਵਾਈ ਕਰਨ ਵਾਲੇ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਤੇ ਵਕੀਲ ਸਰਬਜੀਤ ਸਿੰਘ ਵੇਰਕਾ ਤੇ ਮ੍ਰਿਤਕ ਦੇ ਭਰਾ ਦਲਬੀਰ ਸਿੰਘ ਅਲਗੋਂ ਕੋਠੀ ਨੇ ਦੱਸਿਆ ਕਿ ਬਿਕਰਮਜੀਤ ਸਿੰਘ ਕੋਹਲਾ ਜੋ ਕਿ ਜੇਲ੍ਹ 'ਚ ਆਪਣੀ ਸਜ਼ਾ ਭੁਗਤ ਰਿਹਾ ਸੀ ਦੇ ਰਿਹਾਅ ਹੋਣ 'ਚ ਕੇਵਲ ਦੋ ਹੀ ਮਹੀਨੇ ਸਨ, ਜਦੋਂ ਕਿ ਉਸ ਦੀ ਸਿਹਤ ਨਾਸਾਜ਼ ਹੋਣ ਕਰਕੇ ਉਸ ਨੂੰ ਜੇਲ੍ਹ ਤੋਂ ਇਥੇ ਗੁਰੂ ਨਾਨਕ ਦੇਵ ਹਸਪਤਾਲ 'ਚ ਦਾਖ਼ਲ ਕਰਵਾ ਦਿੱਤਾ ਗਿਆ ਸੀ। 6 ਮਈ, 2014 ਨੂੰ ਅਚਾਨਕ ਉਸ ਦੇ ਭਰਾ ਨੂੰ ਸੀ. ਆਈ. ਏ. ਸਟਾਫ਼ ਬਟਾਲਾ ਦੇ ਇੰਚਾਰਜ ਇੰਸ: ਨੌਰੰਗ ਸਿੰਘ 'ਤੇ ਆਧਾਰਿਤ ਪੁਲਿਸ ਪਾਰਟੀ ਵਲੋਂ ਚੁੱਕ ਲਿਆ ਗਿਆ ਤੇ ਬਟਾਲਾ ਵਿਖੇ ਇਕ ਟਰੈਕਟਰ ਏਜੰਸੀ ਵਿਖੇ ਲਿਜਾ ਕੇ ਉਥੇ ਉਸ 'ਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ ਤੇ ਇਸ ਉਪਰੰਤ ਪੁਲਿਸ ਨੇ ਸਬੂਤ ਨਸ਼ਟ ਕਰਨ ਲਈ ਲਾਸ਼ ਨੂੰ ਨਹਿਰ 'ਚ ਰੋੜ ਦਿੱਤਾ। ਉਨਾਂ ਅਦਾਲਤੀ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਵੇਂ ਇਹ ਫ਼ੈਸਲਾ ਉਨਾਂ ਨੂੰ ਸੰਤੁਸ਼ਟੀ ਦੇਣ ਵਾਲਾ ਹੈ ਪਰ ਇਸ ਅਣਮਨੁੱਖੀ ਕਾਰੇ ਲਈ ਉਹ ਪੁਲਿਸ ਮੁਲਾਜ਼ਮਾਂ ਦੀ ਫਾਂਸੀ ਦੀ ਸਜ਼ਾ ਲਈ ਉੱਚ ਅਦਾਲਤ ਦਾ ਕੁੰਡਾ ਖੜਕਾਉਣਗੇ, ਤਾਂ ਜੋ ਭਵਿੱਖ 'ਚ ਕੋਈ ਪੁਲਿਸ ਮੁਲਾਜ਼ਮ ਅਜਿਹਾ ਕਰਨ ਦਾ ਹੀਆ ਨਾ ਕਰ ਸਕੇ।

### ਕਿਸ ਨੂੰ ਹੋਈ ਕਿੰਨੀ ਸਜ਼ਾ

ਇਸ ਮਾਮਲੇ 'ਚ ਪੇਸ਼ ਹੋਏ ਸਰਕਾਰੀ ਪੱਖ ਦੇ ਵਕੀਲ ਰਿਤੂ ਕੁਮਾਰੀ ਨੇ ਦੱਸਿਆ ਕਿ ਇੰਸਪੈਕਟਰ ਨੌਰੰਗ ਸਿੰਘ, ਏ.ਐਸ.ਆਈ. ਗੁਲਸ਼ਨਬੀਰ ਸਿੰਘ, ਲਖਵਿੰਦਰ ਸਿੰਘ ਗੁਰਪ੍ਰੀਤ ਸਿੰਘ ਤੇ ਜਗਜੀਤ ਸਿੰਘ ਨੂੰ 302 'ਚ ਉਮਰ ਕੈਦ ਤੇ 10-10 ਹਜ਼ਾਰ ਰੁਪਿਆ ਜੁਰਮਾਨਾ, 120 ਬੀ 'ਚ ਉਮਰ ਕੈਦ ਤੇ 10-10 ਹਜ਼ਾਰ ਜੁਰਮਾਨਾ, 364/120ਬੀ 'ਚ 10-10 ਸਾਲ ਕੈਦ ਤੇ ਪੰਜ-ਪੰਜ ਹਜ਼ਾਰ ਜੁਰਮਾਨਾ, 342 'ਚ ਇਕ-ਇਕ ਸਾਲ ਕੈਦ ਤੇ ਇਕ-ਇਕ ਹਜ਼ਾਰ ਜੁਰਮਾਨਾ, 201 'ਚ 7-7 ਸਾਲ ਕੈਦ ਤੇ ਪੰਜ-ਪੰਜ ਹਜ਼ਾਰ ਜੁਰਮਾਨਾ, ਬਾਕੀਆਂ 'ਚ

**ਬਾਕੀ ਸਫ਼ਾ 32 'ਤੇ**


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
Open Enrollment for Healthcare Starts November 1,2017 to January 31, 2018.
COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


kw DALLAS PRESTON ROAD
KELLERWILLIAMS. REALTY
REALTOR
MLS
Buy Sell Homes
REAL ESTATE
Baljeet Kaur Pannu
REALTOR®
Call/Text: 972-522-9427
Web : www.MyDesiAgent.com
Email : bpannu@kw.com
18383 Preston Rd Ste-150, Dallas TX, 75252
Each office is individually owned and operated


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ATAMRAS KATHA KIRTAN SAMAGAM

## July 10th, 2019 - July 21st, 2019

**Celebrating the 550th Parkash Utsav of Dhan Dhan Guru Nanak Dev Jee & the Parkash Utsav of Dhan Dhan Guru Harkrishan Sahib Jee**


Bhai Sahib Bhai Pinderpal Singh Jee


Bhai Sahib Bhai Harjinder Singh Jee


Sant Anoop Singh Jee (Una Sahib)


Bhai Tejinder Singh Jee (Khanna)


Bhai Gurpreet Singh Jee (Ballarwal)


Bhai Varinder Singh Jee (Delhi)

## Programme

**Wed. July 10th - Buena Park**
Time: 06:00 PM -0 9:00PM
7122 Orangethrope Ave.
Buena Park, CA 90621
Phone: (714) 670 - 8843

**Thur. July 11th - Buena Park**
Time: 6:00 PM - 9:00PM
6911 Stanton Ave.
Buena Park,CA 90621
Phone: (714) 752 - 0506

**Fri. July 12th - Riverside**
Time: 06:00 PM - 09:00PM
7940 Mission Blvd. # A
Jurupa Valley, CA 92509
Phone: (951) 685 - 9701

**Sat. July 13th (Morning) - Palmdale**
Time: 10:00 AM - 01:00 PM
42207 30th St. West
Lancaster, CA 93536
Phone: (818) 626-0581

**Sat. July 13th (Evening)-Riverside**
Time : 06:00 PM - 09:00PM
7940 Mission Blvd. # A
Jurupa Valley, CA 92509
Phone: (951) 685 - 9701

**Sun. July 14th - Hollywood Sikh Temple**
Time: 10:00 AM - 01:00 PM
1966 N. Vermont Ave.
Los Angeles, CA 90027
Phone: (323) 665 - 7707

**Mon. July 15th - Lankershim**
Time: 06:00 PM -0 9:00PM
7640 Lankershim Blvd.
North Hollywood, CA 91605
Phone: (323) 954 - 0412

**Tues. July 16th - Valley Sikh Temple**
Time: 06:00 PM -09:00PM
7400 Jordan Ave.
Canoga Park, CA 91303
Phone: (818) 884 - 2007

## July 17th, 18th, 19th, 20th, & 21st
## at Khalsa Care Foundation
## 9989 Laurel Canyon Blvd. Pacoima, CA 91331

Every Evening Wednesday July 17th - Saturday July 20th Time: 6:00 PM - 9:00PM
Sunday July 21st Time: 10:00 AM - 1:00 PM

**ਹੋਰ ਜਾਣਕਾਰੀ ਲਈ ਭਾਈ ਕਨ੍ਹਈਆ ਜੀ ਸੇਵਾ ਦਲ ਨਾਲ ਸੰਪਰਕ ਕਰੋ :**

ਬਲਦੇਵ ਸਿੰਘ (818) 468-9595, ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157, ਪਰਮਜੀਤ ਸਿੰਘ (626) 354-6653

## ਨਜਾਇਜ਼ ਸਬੰਧਾਂ ਕਾਰਨ ਪਤਨੀ ਦਾ ਕਤਲ

**ਸ਼ਹਿਣਾ/ਏਟੀ ਨਿਊਜ਼ :** ਥਾਣਾ ਸ਼ਹਿਣਾ ਅਧੀਨ ਪੈਂਦੇ ਪਿੰਡ ਉਗੋਕੇ ਵਿਖੇ ਇਕ ਅੱਧਖੜ ਉਮਰ ਦੇ ਵਿਅਕਤੀ ਸ਼ੈਂਬਰ ਸਿੰਘ ਵਲੋਂ ਨਜਾਇਜ਼ ਸਬੰਧਾਂ ਕਾਰਨ ਆਪਣੀ ਪਤਨੀ ਮਨਦੀਪ ਕੌਰ ਦਾ ਲੱਕੜ ਦਾ ਬਾਲਾ ਮਾਰ ਕੇ ਕਤਲ ਕਰ ਦਿੱਤਾ ਗਿਆ। ਥਾਣਾ ਸ਼ਹਿਣਾ ਵਿਖੇ ਮ੍ਰਿਤਕ ਮਨਦੀਪ ਕੌਰ ਦੇ ਪੁੱਤਰ ਸੁਖਵੀਰ ਸਿੰਘ ਵਲੋਂ ਦਿੱਤੇ ਬਿਆਨਾਂ ਅਨੁਸਾਰ ਕਿ ਉਹ ਆਪਣੀ ਮਾਂ ਨੂੰ ਛੁਡਾ ਰਿਹਾ ਸੀ ਤਾਂ ਉਸ ਦੇ ਪਿਤਾ ਸੈਂਬਰ ਸਿੰਘ ਨੇ ਮਾਂ ਦੇ ਸਿਰ ਵਿਚ ਬਾਲਾ ਮਾਰ ਦਿੱਤਾ। ਸੁਖਵੀਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਸੈਂਬਰ ਸਿੰਘ ਦੇ ਪਿੰਡ ਦੀ ਇਕ ਔਰਤ ਨਾਲ ਪਿਛਲੇ 3-4 ਸਾਲ ਤੋਂ ਨਜਾਇਜ਼ ਸਬੰਧ ਸਨ ਅਤੇ ਉਸ ਦੀ ਸ਼ਹਿ 'ਤੇ ਹੀ ਉਸ ਨੇ ਇਹ ਕਾਰਾ ਕੀਤਾ ਹੈ। ਪੁਲੀਸ ਨੇ ਸੁਖਵੀਰ ਸਿੰਘ ਦੇ ਬਿਆਨਾਂ 'ਤੇ ਪਰਚਾ ਦਰਜ ਕਰ ਲਿਆ ਹੈ।

## ਸੰਸਦ ਵਿਚ ਸੁਖਬੀਰ ਨੇ ਉਠਾਏ ਪੰਜਾਬ ਦੇ ਮਸਲੇ

**ਨਵੀਂ ਦਿੱਲੀ/ਏਟੀ ਨਿਊਜ਼ :** ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਸਾਂਸਦਾਂ ਤੋਂ ਬਾਅਦ ਹੁਣ ਅਕਾਲੀ ਦਲ ਦੇ ਪ੍ਰਧਾਨ ਤੇ ਫ਼ਿਰੋਜ਼ਪੁਰ ਤੋਂ ਸੰਸਦ ਮੈਂਬਰ ਸੁਖਬੀਰ ਬਾਦਲ ਨੇ ਨਸ਼ੇ ਦਾ ਮੁੱਦਾ ਬੀਤੇ ਦਿਨੀਂ ਲੋਕ ਸਭਾ ਚੁੱਕਿਆ। ਲੋਕ ਸਭਾ ਵਿਚ ਆਪਣੇ ਭਾਸ਼ਣ ਦੌਰਾਨ ਸੁਖਬੀਰ ਬਾਦਲ ਨੇ ਪੰਜਾਬ ਦੇ ਕਿਸਾਨਾਂ ਅਤੇ ਪਾਣੀ ਦਾ ਮੁੱਦਾ ਵੀ ਚੁੱਕਿਆ ਤੇ ਕਿਸਾਨਾਂ ਨੂੰ ਕਣਕ-ਝੋਨੇ ਦਾ ਬਦਲ ਦੇਣ ਉੱਤੇ ਜ਼ੋਰ ਦਿੱਤਾ। ਸੁਖਬੀਰ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕੀ ਪੰਜਾਬ ਦਾ ਪਾਣੀ ਜੋ ਦੂਜੇ ਸੂਬਿਆਂ ਨੂੰ ਜਾ ਰਿਹਾ ਹੈ, ਉਸ ਦੀ ਵੀ ਕੀਮਤ ਪੰਜਾਬ ਨੂੰ ਮਿਲਣੀ ਚਾਹੀਦਾ ਹੈ। ਨਸ਼ੇ, ਕਿਸਾਨੀ ਤੇ ਪੰਜਾਬ ਦੇ ਪਾਣੀਆਂ ਸਮੇਤ ਸੁਖਬੀਰ ਬਾਦਲ ਵੱਲੋਂ ਲੋਕ ਸਭਾ ਪੰਜਾਬ ਦੀ ਰਾਜਧਾਨੀ ਦਾ ਵੀ ਮੁੱਦਾ ਚੁੱਕਿਆ ਤੇ ਪੰਜਾਬ ਦੀ ਤਰਾਸਦੀ ਦਾ ਹਵਾਲਾ ਦਿੰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਦੇਸ਼ ਵਿਚ ਇਕਲੌਤਾ ਅਜਿਹਾ ਸੂਬਾ ਹੈ ਜਿਸ ਦੀ ਆਪਣੀ ਰਾਜਧਾਨੀ ਨਹੀਂ ਹੈ ਤੇ ਨਾ ਹੀ ਰਾਜਧਾਨੀ ਦਾ ਵਿੱਤੀ ਲਾਭ ਪੰਜਾਬ ਨੂੰ ਹੁਣ ਤੱਕ ਕਦੇ ਮਿਲਿਆ।

## ਸਿੱਖਾਂ ਦਾ ਮਜ਼ਾਕ ਉਡਾਉਣ ਵਾਲੇ ਦੋ ਹੋਰ ਦੋਸ਼ੀ ਗ੍ਰਿਫ਼ਤਾਰ

**ਲੁਧਿਆਣਾ/ਏਟੀ ਨਿਊਜ਼ ;** ਬੀਤੇ ਦਿਨੀਂ ਸ਼ਰਾਬ ਪੀਂਦਿਆਂ ਦੀ ਤੁਲਨਾ ਅੰਮ੍ਰਿਤਪਾਨ ਨਾਲ ਕਰਨ ਵਾਲੇ ਦੋ ਹੋਰ ਦੋਸ਼ੀ ਗ੍ਰਿਫ਼ਤਾਰ ਹੋ ਗਏ ਹਨ। ਅਜਿਹਾ ਕਰਦਿਆਂ ਕਈ ਨੌਜਵਾਨਾਂ ਦੀ ਵੀਡੀਓ ਵਾਇਰਲ ਹੋਣ ਮਗਰੋਂ ਪੁਲਿਸ ਨੇ 11 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ, ਜਿਸ ਵਿੱਚ ਹੁਣ ਕੁੱਲ ਚਾਰ ਜਣੇ ਗ੍ਰਿਫ਼ਤਾਰ ਹੋ ਚੁੱਕੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏਸੀਪੀ ਵਰਿਆਮ ਸਿੰਘ ਨੇ ਦੱਸਿਆ ਕਿ ਪੁਲਿਸ ਕਮਿਸ਼ਨਰ ਲੁਧਿਆਣਾ ਨੇ ਇਸ ਮਾਮਲੇ ਦੇ ਹੱਲ ਲਈ ਇੱਕ ਐਸਆਈਟੀ ਦਾ ਗਠਨ ਕੀਤਾ ਸੀ। ਐਸਆਈਟੀ ਨੂੰ ਗੁਪਤ ਸੂਚਨਾ ਮਿਲੀ ਕਿ ਇਨ੍ਹਾਂ ਚੋਂ ਦੋ ਮੁਲਜ਼ਮ ਮੁੱਲਾਂਪੁਰ ਦਾਖਾ ਵਿੱਚ ਲੁਕੇ ਹੋਏ ਹਨ। ਇੱਥੋਂ ਪੁਲਿਸ ਪਾਰਟੀ ਨੇ ਛਾਪੇਮਾਰੀ ਕਰਕੇ ਅਰਸ਼ਪ੍ਰੀਤ ਅਤੇ ਤਰਨਜੀਤ ਨੂੰ ਗ੍ਰਿਫਤਾਰ ਕਰ ਲਿਆ ਹੈ। ਹਾਲੇ ਵੀ ਕਈ ਮੁਲਜ਼ਮ ਪੁਲਿਸ ਦੀ ਗ੍ਰਿਫ਼ਤ ਵਿੱਚੋਂ ਬਾਹਰ ਹਨ।

# ਉਲੰਪੀਅਨ ਮਹਿੰਦਰ ਸਿੰਘ ਗਿੱਲ ਹੋਣਗੇ 15ਵੇਂ ਵਿਸ਼ਵ ਕਬੱਡੀ ਕੱਪ ਦੇ ਵਿਸ਼ੇਸ਼ ਮਹਿਮਾਨ

### *ਗਾਖ਼ਲ ਪਰਿਵਾਰ ਵਲੋਂ ਹੋਵੇਗਾ ਗੋਲਡ ਮੈਡਲਾਂ ਨਾਲ ਸਨਮਾਨ*

**ਯੂਨੀਅਨ ਸਿਟੀ/ਬਿਊਰੋ ਨਿਊਜ਼ :**
ਯੂਨੀਅਨ ਸਿਟੀ 'ਚ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਇੱਥੇ ਰਾਜਾ ਸਵੀਟਸ ਵਿਖੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਕਬੱਡੀ ਦੇ ਨਾਮੀ ਖਿਡਾਰੀਆਂ



ਦੀ ਸ਼ਮੂਲੀਅਤ, ਕੱਬਡੀ ਕੱਪ ਦੇ ਪ੍ਰਬੰਧਾਂ ਅਤੇ ਹੋਰ ਮਹੱਤਵਪੂਰਨ ਮਸਲਿਆਂ ਸਬੰਧੀ ਵਿਸਥਾਰ 'ਚ ਚਰਚਾ ਕੀਤਾ ਗਈ। ਇਸ ਵਿਚ ਫੈਸਲਾ ਕੀਤਾ ਗਿਆ ਕਿ ਗਾਖ਼ਲ ਪਰਿਵਾਰ ਵਲੋਂ ਕਬੱਡੀ ਵਿਚ ਵੱਡਾ ਨਾਮਣਾ ਖੱਟਣ ਵਾਲੇ ਤੇ ਪਿਛਲੇ ਪਿਛਲੇ ਵਿਸ਼ਵ ਕਬੱਡੀ ਕੱਪਾਂ ਵਿਚ ਆਪਣੀ ਸ਼ਾਨਦਾਰ ਖੇਡ ਨਾਲ ਦਰਸ਼ਕਾਂ ਲਈ ਬੇਹੱਦ ਆਕਰਸ਼ਕ ਬਣੇ ਰਹੇ ਸੰਦੀਪ ਨੰਗਲ ਅੰਬੀਆਂ, ਪਾਲਾ ਜਲਾਲਪੁਰ, ਸੁਲਤਾਨ ਅਤੇ ਖੁਸ਼ੀ ਦੁੱਗਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ। ਗਾਖ਼ਲ ਪਰਿਵਾਰ ਵਲੋਂ ਸ. ਅਮੋਲਕ ਸਿੰਘ ਗਾਖ਼ਲ, ਇਕਬਾਲ ਸਿੰਘ ਗਾਖ਼ਲ ਅਤੇ ਪਲਵਿੰਦਰ ਸਿੰਘ ਗਾਖ਼ਲ ਨੇ ਕਿਹਾ ਕਿ ਉਹ ਆਪਣੇ ਸਪੋਰਟਸਮੈਨ ਰਹੇ ਪਿਤਾ ਸਵ. ਨਸੀਬ ਸਿੰਘ ਗਾਖ਼ਲ ਦੀ ਯਾਦ 'ਚ ਆਏ ਵਰ੍ਹੇ ਕਬੱਡੀ ਨੂੰ ਅੱਗੇ ਲੈ ਕੇ ਜਾਣ ਵਾਲੀਆਂ ਹਸਤੀਆਂ, ਸਾਬਕਾ ਖਿਡਾਰੀਆਂ ਦਾ ਗੋਲਡ ਮੈਡਲਾਂ ਨਾਲ ਸਨਮਾਨ ਕਰਨ ਦੀ ਪ੍ਰੰਪਰਾ ਜਾਰੀ ਰੱਖ ਰਿਹਾ ਹੈ ਅਤੇ ਇਸੇ ਤਹਿਤ ਹੀ ਗਾਖਲ ਪਰਿਵਾਰ ਇਨ੍ਹਾਂ

**ਬਾਕੀ ਸਫ਼ਾ 32 'ਤੇ**

## ਸ਼ੂਟਰ ਦਾਦੀ ਚੰਦਰੋ ਤੋਮਰ ਫਿਰ ਨਿਸ਼ਾਨੇ ਲਾਉਣ ਲਈ ਤਿਆਰ

**ਨਵੀਂ ਦਿੱਲੀ/ਏਟੀ ਨਿਊਜ਼ :**
'ਸ਼ੂਟਰ ਦਾਦੀ' ਦੇ ਨਾਂ ਨਾਲ ਮਸ਼ਹੂਰ ਬਾਗਪਤ ਦੀ ਚੰਦਰੋ ਤੋਮਰ ਆਪਣੀ ਬਿਮਾਰੀ ਨਾਲ ਲੜ ਕੇ ਤੰਦਰੁਸਤ ਹੋ ਗਈ ਹੈ। 87 ਸਾਲ ਦੀ ਚੰਦਰੋ ਤੋਮਰ ਨੇ ਆਪਣੇ ਜੌਹਰੀ ਪਿੰਡ ਦੀਆਂ ਸੈਂਕੜੇ ਲੜਕੀਆਂ ਨੂੰ ਨਾ ਸਿਰਫ ਬੰਦੂਕ ਚਲਾਉਣੀ ਸਿਖਾਈ, ਬਲਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਲੜਕੀਆਂ ਵਿਸ਼ਵ ਪੱਧਰ 'ਤੇ ਆਪਣੇ ਜੌਹਰ ਦਿਖਾਉਣ ਲੱਗੀਆਂ ਹਨ। ਦੋ ਮਹੀਨੇ ਬਿਮਾਰ ਰਹਿਣ ਦੇ ਬਾਅਦ 14 ਜੂਨ ਨੂੰ ਦਾਦੀ ਕਮਜ਼ੋਰੀ ਕਰਕੇ ਘਰ ਵਿੱਚ ਹੀ ਡਿੱਗ ਪਈ ਸੀ। ਇਸ ਕਰਕੇ ਉਨ੍ਹਾਂ ਨੂੰ ਏਮਜ਼ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਉਨ੍ਹਾਂ ਦੇ ਸੱਜੇ ਹੱਥ ਦੀ ਹੱਡੀ ਟੁੱਟ ਗਈ ਸੀ।
ਹੁਣ ਜਦੋਂ ਦਾਦੀ ਇਲਾਜ ਕਰਵਾ ਕੇ ਵਾਪਸ ਆਈ ਤਾਂ ਉਸ ਨੇ ਪਿੰਡ ਵਾਲਿਆਂ ਨੂੰ ਆਪਣੇ ਪਹਿਲੇ ਸੰਬੋਧਨ ਵਿੱਚ ਹੀ ਕਿਹਾ ਕਿ ਗਰੀਬ ਦੇ ਬੱਚਿਆਂ ਦੀ,



ਲੜਕੀਆਂ ਦੇ ਲਈ ਕੰਮ ਕਰੋ। ਭਾਈ ਮੈਂ ਜਦੋਂ ਬੁਢਾਪੇ ਵਿੱਚ ਹਿੰਮਤ ਕਰ ਰਹੀ ਹਾਂ ਤਾਂ ਤੁਸੀਂ ਵੀ ਕਰੋ। ਦੱਸ ਦੇਈਏ ਦਾਦੀ ਚੰਦਰੋ ਦੇ ਤਿਆਰ ਕੀਤੇ ਬੱਚਿਆਂ ਵਿੱਚੋਂ ਕਈ ਬੱਚੇ ਕੌਮੀ ਪੱਧਰ 'ਤੇ ਖੇਡ ਰਹੇ ਹਨ। ਉਨ੍ਹਾਂ ਦੀ ਖ਼ੁਦ ਦੀ ਧੀ ਕੌਮਾਂਤਰੀ ਸ਼ੂਟਰ ਹੈ। ਉਨ੍ਹਾਂ ਦੀ ਧੀ 2010 ਵਿੱਚ ਰਾਈਫਲ ਤੇ ਪਿਸਟਲ ਵਿਸ਼ਵ ਕੱਪ ਵਿੱਚ ਤਗ਼ਮਾ ਜਿੱਤਣ ਵਾਲੀ ਪਹਿਲੀ ਬੀਬੀ ਸੀ। ਉਨ੍ਹਾਂ ਦੀ ਪੋਤੀ ਨੀਤੂ ਸੋਲੰਕੀ ਵੀ ਕੌਮਾਂਤਰੀ ਸ਼ੂਟਰ ਹੈ।

### *ਸੰਘਾ ਪਰਿਵਾਰ ਨੂੰ ਸਦਮਾ*

## ਬੀਬੀ ਤਰਸੇਮ ਕੌਰ ਦਾ ਦੇਹਾਂਤ

**ਯੂਬਾ ਸਿਟੀ/ਏਟੀ ਨਿਊਜ਼ :** ਇਹ ਖ਼ਬਰ ਬੜੇ ਗ਼ਮ ਅਤੇ ਸਦਮੇ ਨਾਲ ਸੁਣੀ-ਪੜ੍ਹੀ ਜਾਵੇਗੀ ਕਿ ਬੀਬੀ ਤਰਸੇਮ ਕੌਰ ਪਤਨੀ ਸਵਰਗੀ ਹਰਪਾਲ ਸਿੰਘ ਸੰਘਾ, ਜੋ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦੇ ਆਗੂ ਸਨ, 6 ਜੁਲਾਈ ਦਿਨ ਸ਼ਨਿਚਰਵਾਰ ਨੂੰ ਯੂਬਾ ਸਿਟੀ ਵਿਚ ਇਸ ਫਾਨੀ ਸੰਸਾਰ ਨੂੰ ਅਚਾਨਕ ਸਦਾ ਲਈ ਛੱਡ ਗਏ ਹਨ।



ਉਹ ਆਪਣੇ ਪਿੱਛੇ ਦੋ ਪੁੱਤਰ, ਰੁਪਿੰਦਰ ਸਿੰਘ ਸੰਘਾ ਅਤੇ ਹਰਵਿੰਦਰ ਸਿੰਘ ਸੰਘਾ, ਨੂੰਹਾਂ ਸੰਨਦੀਪ ਸੰਘਾ, ਪ੍ਰਵਿੰਦਰ ਸੰਘਾ, ਦੋ ਪੋਤੇ, ਚਾਰ ਪੋਤਰੀਆਂ ਨਾਲ ਭਰਿਆ ਪਰਿਵਾਰ ਛੱਡ ਗਏ ਹਨ। ਬੀਬੀ ਤਰਸੇਮ ਕੌਰ ਦਾ ਪੇਕਾ ਪਿੰਡ ਗੋਬਿੰਦਪੁਰ ਸੀ ਅਤੇ ਉਨ੍ਹਾਂ ਦੀ ਸ਼ਾਦੀ ਸ. ਹਰਪਾਲ ਸਿੰਘ ਸੰਘਾ, ਪਿੰਡ ਮਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਹੋਈ ਸੀ। ਬੀਬੀ ਤਰਸੇਮ ਕੌਰ ਜੀ 70 ਵਰ੍ਹਿਆਂ ਦੇ ਸਨ। ਸਮੁੱਚੀ ਇੰਡੋ ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਇਸ ਦੁਖ ਦੀ ਘੜੀ ਵਿਚ ਉਨ੍ਹਾਂ ਦੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੈ। ਬੀਬੀ ਜੀ ਦਾ ਅੰਤਿਮ ਸੰਸਕਾਰ ਯੂਬਾ ਸਿਟੀ ਵਿਚ Ullery Memorial Chapal, ਦਿਨ ਸ਼ਨਿਚਰਵਾਰ 13 ਜੁਲਾਈ 11 ਵਜੇ ਤੋਂ 1 ਵਜੇ ਤੱਕ ਹੋਵੇਗਾ। ਅੰਤਿਮ ਅਰਦਾਸ ਪਤਾ : 817, ਸਿੱਖ ਟੈਂਪਲ ਟਾਇਰਾ ਬਿਊਨਾ ਯੂਬਾ ਸਿਟੀ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ : ਰੁਪਿੰਦਰ ਸਿੰਘ ਬੇਟਾ : 530-682-7810, ਸੰਨਦੀਪ ਕੌਰ : 530-923-1555 ਨਾਲ ਸੰਪਰਕ ਕਰ ਸਕਦੇ ਹੋ।







ਤੀਆਂ 2019
Stockton
Teeyan
2019
FREE ENTRY
PARKING FEES $6.00
WORLD'S WOMEN FESTIVAL
SUNDAY, 28 JULY 2019
12:00pm- 6:00pm
"Hosted by Asha Sharma"
VENUE : Delta Shelter
@Mickie Grover Park 11793
N.Mickie Grove Road Lodi CA 95240
For More Information Contact :
Ashvinder Kaur (Ashu) 209-298-6454 & Simran K Atwal 209-993-7978
Apna Bazaar Indian Sweet and Spices (209: 594-0043)
E-mail: stocktonteeyan@gmail.com • www.facebook.com/Stocktonteeyan


AJ GRAPHIC
GRAPHIC DESIGN SERVICES
Logo Design
Flyer design
Stationary Design
Business Card Design
Brochure Design
Press Advt
Marketing Material
Poster
ਹਰ ਤਰ੍ਹਾਂ ਦੀ ਪੋਸਟਰ, ਕੈਲੰਡਰ, ਲੋਗੋ ਅਤੇ ਹੋਰ
ਗਰਾਫਿਕਸ ਡਿਜ਼ਾਇਨਿੰਗ ਦਾ ਕੰਮ ਬਹੁਤ ਹੀ ਵਧੀਆ
ਅਤੇ ਸਸਤੇ ਰੇਟ 'ਤੇ ਕਰਵਾਉਣ ਲਈ ਸੰਪਰਕ ਕਰੋ
Amarjeet Lamber
Please Contoct Whatapp Number
94653-45635


Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.

# ਗੁਰਬਾਣੀ

24 ਘੰਟੇ ਸੁਣਨ ਲਈ

Dial 832.551.5029 Ext. 4

www.GurbaniRadio.org

# ਪੰਜਾਬੀ ਗਾਣੇ

24 ਘੰਟੇ ਸੁਣਨ ਲਈ

Dial 832.551.5029 Ext. 3

www.NonStopPunjabi.com

ਪੰਜਾਬੀ ਰੇਡੀਓ ਯੂਐਸਏ

ON THE AIR

**Punjabi RADIO USA**

*Uniting Punjabi's All Over*

www.PunjabiRadioUSA.com

408-272-5200

DIAL TO LISTEN:

US: 832-551-5029 | 605-475-6868 | 712-432-5838 (METRO PCS)

UK: +44 203-519-0455

GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**



# KHALSA INSURANCE AGENCY, INC.

**Khalsa Insurance Agency is among TOP 50 agencies** of Blue Cross in USA.




COVERED CALIFORNIA™

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

OBAMACARE IS COVERED CALIFORNIA IS THE AFFORDABLE CARE ACT IS THE California Health Benefit Exchange IS *Your destination for affordable health care*

Call Now for the Lowest Health Insurance Premiums available Some Households qualify for FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਔਰਤਾਂ ਪ੍ਰਤੀ ਭੱਦਾ ਗੀਤ 'ਮੱਖਣਾ' ਗਾਉਣ ਦੇ ਦੋਸ਼ ਹੇਠ ਹਨੀ ਸਿੰਘ ਤੇ ਭੂਸ਼ਨ ਕੁਮਾਰ ਖ਼ਿਲਾਫ਼ ਕੇਸ ਦਰਜ

**ਮੁਹਾਲੀ/ਨਿਊਜ਼ :** ਮੁਹਾਲੀ ਪੁਲੀਸ ਨੇ ਔਰਤਾਂ ਪ੍ਰਤੀ ਭੱਦੀ ਸ਼ਬਦਾਵਲੀ ਵਾਲਾ ਗੀਤ 'ਮੱਖਣਾ' ਗਾਉਣ ਦੇ ਦੋਸ਼ ਹੇਠ ਹਿਰਦੇਸ਼ ਸਿੰਘ ਉਰਫ਼ ਹਨੀ ਸਿੰਘ ਖ਼ਿਲਾਫ਼ ਇੱਥੋਂ ਦੇ ਥਾਣਾ ਮਟੌਰ ਵਿੱਚ ਕੇਸ ਦਰਜ ਕੀਤਾ ਹੈ। ਗਾਇਕ ਖ਼ਿਲਾਫ਼ ਇਹ ਕਾਰਵਾਈ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਮੁਖੀ ਮਨੀਸ਼ਾ ਗੁਲਾਟੀ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ। ਹਨੀ ਸਿੰਘ ਦੇ ਇਸ ਗੀਤ ਨੂੰ ਰਿਲੀਜ਼ ਕਰਨ ਵਾਲੀ ਕੰਪਨੀ ਟੀ-ਸੀਰੀਜ਼ ਦੇ ਮਾਲਕ ਭੂਸ਼ਨ ਕੁਮਾਰ ਨੂੰ ਵੀ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ। ਉਧਰ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਲਈ ਆਵਾਜ਼ ਬੁਲੰਦ ਕਰਨ ਵਾਲੇ ਪ੍ਰੋ. ਪੰਡਿਤ ਰਾਓ ਧਰੇਨਵਰ ਨੇ ਐੱਸਐੱਸਪੀ ਨੂੰ ਪੱਤਰ ਲਿਖ ਕੇ ਗਾਇਕ ਹਨੀ ਸਿੰਘ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

## ਜਥੇਦਾਰ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਪ੍ਰਕਾਸ਼ ਪੁਰਬ ਸਮਾਗਮਾਂ ਲਈ ਕਮੇਟੀ ਬਣਾਉਣ ਦੀ ਹਦਾਇਤ

**ਅੰਮ੍ਰਿਤਸਰ/ਏਟੀ ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਇਕ ਹੀ ਮੰਚ 'ਤੇ ਮਿਲ ਕੇ ਮਨਾਏ ਜਾਣ ਸਬੰਧੀ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਤੇ ਮੁੱਖ ਮੰਤਰੀ ਨੂੰ ਜਾਰੀ ਕੀਤੇ ਆਦੇਸ਼ ਤੋਂ ਬਾਅਦ, ਇਨ੍ਹਾਂ ਸਮਾਗਮਾਂ ਨੂੰ ਲੈ ਕੇ ਮੀਡੀਆ 'ਚ ਹੋ ਰਹੀ ਬਿਆਨਬਾਜ਼ੀ 'ਤੇ ਚਿੰਤਾ ਜ਼ਾਹਿਰ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਪੱਤਰ ਲਿਖ ਕੇ ਸਮਾਗਮਾਂ ਲਈ ਪੰਜਾਬ ਸਰਕਾਰ ਨਾਲ ਤਾਲਮੇਲ ਲਈ 5 ਮੈਂਬਰੀ ਕਮੇਟੀ ਬਣਾਉਣ ਦੀ ਹਦਾਇਤ ਕੀਤੀ ਹੈ। ਜਾਣਕਾਰੀ ਅਨੁਸਾਰ ਜਥੇਦਾਰ ਵਲੋਂ ਇਸ 5 ਮੈਂਬਰੀ ਤਾਲਮੇਲ ਕਮੇਟੀ 'ਚ ਸ਼੍ਰੋਮਣੀ ਕਮੇਟੀ ਦੇ ਦੋ ਸੀਨੀਅਰ ਮੈਂਬਰਾਂ ਤੋਂ ਇਲਾਵਾ ਦੋ ਮੈਂਬਰ ਪੰਜਾਬ ਸਰਕਾਰ ਵਲੋਂ ਤੇ ਇਕ ਸਾਂਝੇ ਤੌਰ 'ਤੇ ਪ੍ਰਵਾਨਿਤ ਕਿਸੇ ਸਿੱਖ ਵਿਦਵਾਨ ਨੂੰ ਸ਼ਾਮਿਲ ਕੀਤੇ ਜਾਣ ਦੀ ਤਜਵੀਜ਼ ਦਿੱਤੀ ਗਈ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਮਿਲ ਕੇ ਮਨਾਉਣ ਲਈ ਯਤਨ ਕੀਤੇ ਜਾ ਰਹੇ ਹਨ ਤੇ ਕੋਸ਼ਿਸ਼ ਹੈ ਕਿ ਸਮਾਗਮਾਂ ਲਈ ਇਕ ਹੀ ਸਟੇਜ ਲੱਗੇ।

## ਸ਼੍ਰੋਮਣੀ ਕਮੇਟੀ ਵੱਲੋਂ ਇਮਰਾਨ ਨੂੰ ਨਗਰ ਕੀਰਤਨ 'ਚ ਸ਼ਾਮਲ ਹੋਣ ਦਾ ਸੱਦਾ

**ਅੰਮ੍ਰਿਤਸਰ/ਏਟੀ ਨਿਊਜ਼ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਤੋਂ 25 ਜੁਲਾਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਜਾਏ ਜਾਣ ਵਾਲੇ ਅੰਤਰਰਾਸ਼ਟਰੀ ਨਗਰ ਕੀਰਤਨ ਵਿਚ ਸ਼ਮੂਲੀਅਤ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ, ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ, ਮੁੱਖ ਮੰਤਰੀ ਸਰਦਾਰ ਉਸਮਾਨ ਅਹਿਮਦ ਖਾਨ ਬੁਜ਼ਦਾਰ, ਵਕਫ਼ ਬੋਰਡ ਦੇ ਚੇਅਰਮੈਨ ਡਾ. ਆਮਿਰ ਅਹਿਮਦ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਾਰਾ ਸਿੰਘ ਨੂੰ ਪੱਤਰ ਲਿਖਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਨਗਰ ਕੀਰਤਨ ਸੰਬੰਧੀ ਵੀਜ਼ਾ ਪ੍ਰਕਿਰਿਆ ਲਈ ਪਹਿਲੀ ਸੂਚੀ ਪਾਕਿਸਤਾਨ ਸਰਕਾਰ ਨੂੰ ਭੇਜ ਦਿੱਤੀ ਗਈ ਹੈ।

## ਮਾਨ ਵੱਲੋਂ 550 ਸਾਲਾ ਸਮਾਗਮ ਰਲ ਕੇ ਮਨਾਉਣ ਤੋਂ ਇਨਕਾਰ

**ਚੰਡੀਗੜ੍ਹ/ਏਟੀ ਨਿਊਜ਼ :** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550 ਸ਼ਤਾਬਦੀ ਸਮਾਗਮ ਇਕੱਠੇ ਨਹੀਂ ਮਨਾਏ ਜਾਣਗੇ। ਉਹ ਵੱਖਰੇ ਤੌਰ ਉਤੇ ਸਮਾਗਮ ਮਨਾਉਣਗੇ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਜਾਂ ਕਰਵਾਈ ਹੈ, ਉਨ੍ਹਾਂ ਨਾਲ ਕਦੇ ਵੀ ਰਲ ਕੇ ਇਹ ਸਮਾਗਮ ਨਹੀਂ ਮਨਾਏ ਜਾ ਸਕਦੇ।

## ਕੈਨੇਡਾ 'ਚ ਕਾਮਾਗਾਟਾਮਾਰੂ ਦੇ ਨਾਂ 'ਤੇ ਹੋਵੇਗਾ ਸੜਕ ਦਾ ਨਾਂ

**ਕੈਲਗਰੀ/ਏਟੀ ਨਿਊਜ਼ :** ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਭ ਤੋਂ ਵੱਧ ਭਾਰਤੀ ਮੂਲ ਦੀ ਵਸੋਂ ਵਾਲੇ ਸ਼ਹਿਰ ਸਰੀ ਵਿਚ ਸੜਕ ਦੇ ਇਕ ਹਿੱਸੇ ਦਾ ਨਾਮ ਕਾਮਾਗਾਟਾਮਾਰੂ ਦੇ ਨਾਂ 'ਤੇ ਰੱਖਿਆ ਜਾ ਰਿਹਾ ਹੈ। ਸਰੀ ਦੀ ਕੌਂਸਲ ਵੱਲੋਂ ਹੈਰੀਟੇਜ ਕਮੇਟੀ ਦੀ ਇਸ ਸੰਬੰਧੀ ਸਿਫ਼ਾਰਸ਼ ਉਪਰ ਵੋਟਿੰਗ ਕੀਤੀ ਜਾ ਰਹੀ ਹੈ। ਇਸ ਨੂੰ ਪ੍ਰਵਾਨਗੀ ਮਿਲਣ ਮਿਲਣ ਉਪਰੰਤ ਸਰੀ ਦੀ 120 ਅਤੇ 121 ਸਟ੍ਰੀਟ ਦਰਮਿਆਨ ਪੈਂਦੇ 75-ਏ ਐਵੇਨਿਊ ਦਾ ਨਾਂ 'ਕਾਮਾਗਾਟਾਮਾਰੂ ਵੇ' ਰੱਖਿਆ ਜਾਵੇਗਾ।

# ਭਾਰਤ-ਪਾਕਿ 'ਚ ਜਾਰੀ ਹੈ ਮਨੁੱਖੀ ਹੱਕਾਂ ਦੀ ਉਲੰਘਣਾ

- ਸੰਯੁਕਤ ਰਾਸ਼ਟਰ ਨੇ ਜਾਰੀ ਕੀਤੀ ਰਿਪੋਰਟ
- ਦੋਵੇਂ ਦੇਸ਼ ਸਥਿਤੀ ਨਹੀਂ ਸੁਧਾਰ ਸਕੇ
- ਭਾਰਤ ਸਰਕਾਰ ਨੇ ਰਿਪੋਰਟ ਨੂੰ ਝੂਠਾ ਦੱਸਿਆ



**ਜਨੇਵਾ/ਏਟੀ ਨਿਊਜ਼ ;** ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫ਼ਤਰ ਦੀ ਰਿਪੋਰਟ ਮੁਤਾਬਕ ਭਾਰਤ ਤੇ ਪਾਕਿਸਤਾਨ ਕਸ਼ਮੀਰ ਦੀ ਸਥਿਤੀ ਸੁਧਾਰਨ ਵਿਚ ਨਾਕਾਮ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੋਵਾਂ ਮੁਲਕਾਂ ਨੇ ਪਿਛਲੀ ਰਿਪੋਰਟ ਵਿਚ ਉਠਾਏ ਗਏ ਕਈ ਮੁੱਦਿਆਂ ਦੇ ਹੱਲ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ। ਰਿਪੋਰਟ ਵਿਚ 47 ਮੈਂਬਰੀ ਮਨੁੱਖੀ ਅਧਿਕਾਰ ਕੌਂਸਲ ਨੂੰ ਕਸ਼ਮੀਰ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਦੋਸ਼ਾਂ ਦੀ ਪੜਤਾਲ ਲਈ ਜਾਂਚ ਕਮਿਸ਼ਨ ਬਣਾਉਣ ਦੀ ਸੰਭਾਵਨਾ ਤਲਾਸ਼ਣ ਲਈ ਵੀ ਕਿਹਾ ਗਿਆ ਹੈ। ਲੰਘੇ ਵਰ੍ਹੇ ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਦਫ਼ਤਰ ਨੇ ਕਸ਼ਮੀਰ ਬਾਰੇ ਆਪਣੀ ਪਹਿਲੀ ਰਿਪੋਰਟ ਪੇਸ਼ ਕੀਤੀ ਸੀ। ਇਸ ਵਿਚ ਭਾਰਤ ਤੇ ਪਾਕਿ ਦੇ ਇਸ ਮਾਮਲੇ ਬਾਰੇ ਲਾਪਰਵਾਹੀ ਵਾਲੇ ਰਵੱਈਏ ਨੂੰ ਉਭਾਰਿਆ ਗਿਆ ਸੀ ਤੇ ਦੋਵਾਂ ਮੁਲਕਾਂ ਨੂੰ ਚਿਰਾਂ ਤੋਂ ਬਣੇ ਟਕਰਾਅ ਨੂੰ ਸੁਲਝਾਉਣ ਦੀ ਅਪੀਲ ਕੀਤੀ ਗਈ ਸੀ।

ਭਾਰਤ ਦੇ ਕਬਜ਼ੇ ਵਾਲੇ ਕਸ਼ਮੀਰ ਤੇ ਮਕਬੂਜ਼ਾ ਕਸ਼ਮੀਰ ਬਾਰੇ ਮਈ 2018 ਤੋਂ ਅਪਰੈਲ 2019 ਬਾਰੇ ਰਿਲੀਜ਼ ਕੀਤੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਨ੍ਹਾਂ 12 ਮਹੀਨਿਆਂ ਦੌਰਾਨ ਹੋਇਆ ਆਮ ਨਾਗਰਿਕਾਂ ਦੀਆਂ ਮੌਤਾਂ ਸ਼ਾਇਦ ਪਿਛਲੇ ਇਕ ਦਹਾਕੇ ਵਿਚ ਸਭ ਤੋਂ ਵੱਧ ਹਨ। ਰਿਪੋਰਟ ਮੁਤਾਬਕ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿਚ ਭਾਰਤੀ ਸੁਰੱਖਿਆ ਬਲਾਂ ਵੱਲੋਂ ਕੀਤੀਆਂ ਉਲੰਘਣਾਵਾਂ ਦੀ ਜ਼ਿੰਮੇਵਾਰੀ ਬਿਲਕੁਲ ਤੈਅ ਹੀ ਨਹੀਂ ਕੀਤੀ ਗਈ।

ਭਾਰਤ ਨੇ ਜੰਮੂ ਕਸ਼ਮੀਰ ਬਾਰੇ ਸੰਯੁਕਤ ਰਾਸ਼ਟਰ ਵੱਲੋਂ ਰਿਲੀਜ਼ ਕੀਤੀ ਗਈ ਰਿਪੋਰਟ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ ਕਿ ਇਹ ਨਿਰੋਲ ਪਿਛਲੇ ਸਾਲ ਬਿਆਨੀ ਗਈ ਝੂਠੀ ਤੇ ਪੱਖਪਾਤੀ ਰਿਪੋਰਟ ਦਾ ਹੀ ਅਗਲਾ ਅੰਕ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਸਰਹੱਦ ਪਾਰ ਦੇ ਮੁੱਖ ਮੁੱਦੇ ਅਤਿਵਾਦ, ਜਿਸ ਨੂੰ ਪਾਕਿਸਤਾਨ ਦੀ ਸ਼ਹਿ ਹੈ, ਦਾ ਕੋਈ ਜ਼ਿਕਰ ਨਹੀਂ ਹੈ। ਰਵੀਸ਼ ਨੇ ਕਿਹਾ ਕਿ ਇਹ ਰਿਪੋਰਟ ਭਾਰਤ ਦੀ ਖ਼ੁਦਮੁਖ਼ਤਿਆਰੀ ਦੀ ਉਲੰਘਣਾ ਕਰਦੀ ਹੈ। ਉਨ੍ਹਾਂ ਕਿਹਾ ਕਿ ਪਾਕਿ ਦੀ ਸ਼ਹਿ ਪ੍ਰਾਪਤ ਅਤਿਵਾਦ ਨਾਲ ਵਰ੍ਹਿਆਂ ਦੌਰਾਨ ਪੈਦਾ ਹੋਈ ਸਥਿਤੀ ਦੀ 'ਸਮੀਖਿਆ' ਤਾਂ ਕੀਤੀ ਗਈ ਹੈ ਪਰ ਇਸ ਨਾਲ ਹੋਏ ਜਾਨੀ-ਮਾਲੀ ਨੁਕਸਾਨ ਦਾ ਕੋਈ ਜ਼ਿਕਰ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਸ ਰਿਪੋਰਟ ਨਾਲ ਸੰਸਾਰ ਦੇ ਸਭ ਤੋਂ ਵੱਡੇ ਤੇ ਵਿਭਿੰਨਤਾ ਭਰਪੂਰ ਲੋਕਤੰਤਰ ਨੂੰ ਇਕ ਅਜਿਹੇ ਮੁਲਕ ਬਰਾਬਰ ਦਰਸਾਇਆ ਗਿਆ ਹੈ ਜਿਸ ਦੀ ਕੌਮੀ ਨੀਤੀ ਵਿਚ ਹੀ ਅਤਿਵਾਦ ਸ਼ਾਮਲ ਹੈ। ਰਵੀਸ਼ ਨੇ ਕਿਹਾ ਕਿ ਰਿਪੋਰਟ ਖ਼ਿਲਾਫ਼ ਵਿਰੋਧ ਦਰਜ ਕਰਵਾ ਦਿੱਤਾ ਗਿਆ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਕਿਹਾ ਕਿ ਪੂਰਾ ਜੰਮੂ ਕਸ਼ਮੀਰ ਸੂਬਾ ਭਾਰਤ ਦਾ ਅਟੁੱਟ ਅੰਗ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ 'ਆਜ਼ਾਦ ਜੰਮੂ ਕਸ਼ਮੀਰ' ਤੇ 'ਗਿਲਗਿਤ-ਬਾਲਟਿਸਤਾਨ' ਉੱਤੇ ਨਾਜਾਇਜ਼ ਕਬਜ਼ਾ ਹੈ। ਉਨ੍ਹਾਂ ਕਿਹਾ ਕਿ ਭਾਰਤ ਕਈ ਵਾਰ ਪਾਕਿਸਤਾਨ ਨੂੰ ਇਸ ਖ਼ਿੱਤੇ ਨੂੰ ਖ਼ਾਲੀ ਕਰਨ ਬਾਰੇ ਕਹਿ ਚੁੱਕਾ ਹੈ।

ਪਾਕਿਸਤਾਨ ਨੇ ਜੰਮੂ ਕਸ਼ਮੀਰ ਦੇ ਮੌਜੂਦਾ ਹਾਲਾਤ ਬਾਰੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਦਾ ਸਵਾਗਤ ਕਰਦਿਆਂ ਕਿਹਾ ਕਿ ਕਸ਼ਮੀਰ ਵਿੱਚ ਮਨੁੱਖੀ ਹੱਕਾਂ ਦੇ ਹਾਲਾਤ ਅਤੇ ਮਕਬੂਜ਼ਾ ਕਸ਼ਮੀਰ ਤੇ ਗਿਲਗਿਤ-ਬਾਲਟਿਸਤਾਨ ਬਾਰੇ ਵਾਤਾਵਰਣ ਵੱਖਰਾ ਹੈ।

# 14 ਜੁਲਾਈ ਕਰਤਾਰਪੁਰ ਸਾਹਿਬ ਲਾਂਘੇ ਲਈ ਇਕ ਸੋਚ ਲੈ ਕੇ ਬੈਠਣ ਦਾ ਦਿਨ

**ਤਾਇਬਾ ਬੁਖਾਰੀ ਲਾਹੌਰ**



'ਸਾਰਕ' ਜਾਂ ਉਪ-ਮਹਾਂਦੀਪ ਉਹ ਖੇਤਰ ਹੈ, ਜਿਸ ਨੂੰ ਕਿਸੇ ਸਮੇਂ 'ਗੋਲਡਨ ਸਪੈਰੋ' ਭਾਵ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ। ਅੱਜ ਉਹ ਚਿੜੀ ਭੁੱਖੀ ਹੈ, ਪਿਆਸੀ ਹੈ, ਕਮਜ਼ੋਰ ਹੈ, ਘਰੋਂ-ਬੇਘਰ ਹੈ। ਉਹਦਾ ਘਰ ਵੰਡਿਆ ਗਿਆ ਬਲਕਿ ਟੋਟੇ-ਟੋਟੇ ਹੋ ਗਿਆ, ਉਹਦਾ ਆਲ੍ਹਣਾ ਤੀਲਾ-ਤੀਲਾ ਹੋ ਕੇ ਖਿੱਲਰ ਗਿਆ। ਸੋਨੇ ਦੀ ਚਿੜੀ ਅੱਜ ਪਿੱਤਲ ਦੀ ਵੀ ਨਹੀਂ ਰਹੀ। ਕਿਸੇ ਨੇ ਲੁੱਟ ਲਿਆ ਤੇ ਕਿਸੇ ਨੇ ਵੰਡ ਲਿਆ। ਉਹਦੇ ਜੰਗਲ, ਪਰ, ਪਰਿੰਦੇ, ਪਿਆਰੇ ਸਭ ਵੰਡੇ ਗਏ, ਵਿਛੜ ਗਏ। ਚਿੜੀ ਦੇ ਬੱਚੇ ਵੀ ਖੋਹ ਲਏ, ਕੁਝ ਮਰ ਗਏ, ਕੁਝ ਮੋਇਆਂ ਦੀ ਤਰ੍ਹਾਂ ਜੀਅ ਰਹੇ ਹਨ। ਚਿੜੀ ਹੱਸਣਾ, ਬੋਲਣਾ, ਖੇਡਣਾ, ਮਿਲਣਾ, ਜ਼ਿੰਦਾ ਰਹਿਣਾ ਸਭ ਭੁੱਲ ਗਈ ਹੈ। ਕੌਣ ਹੈ ਇਸ ਤਬਾਹੀ ਦਾ ਜ਼ਿੰਮੇਵਾਰ? ਜੰਗਲ ਦਾ ਕਾਨੂੰਨ? ਜਾਂ ਜੰਗਲ ਦੇ ਆਪਣੇ ਰਹਿਣ ਵਾਲੇ? ਜਿਨ੍ਹਾਂ ਨੇ ਜੰਗਲ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਬਲਕਿ ਉਜਾੜਦੇ ਗਏ, ਵੰਡਦੇ ਗਏ, ਬਰਬਾਦ ਕਰਦੇ ਗਏ। ਜੰਗਲ ਨੂੰ ਕਿਸੇ ਦੇ ਰਹਿਣ ਦੇ ਕਾਬਲ ਨਹੀਂ ਛੱਡਿਆ ਤੇ ਆਪਣੇ ਵਾਸਤੇ ਜੰਗਲ ਤੋਂ ਬਾਹਰ ਜ਼ਿੰਦਗੀ ਤਲਾਸ਼ ਕਰਦੇ ਰਹੇ। ਸੋਨੇ ਦੀ ਚਿੜੀ ਮਰੀ ਨਹੀਂ, ਉਡੀਕ ਰਹੀ ਹੈ ਜ਼ਿੰਦਗੀ ਨੂੰ। ਕੋਈ ਆਏਗਾ, ਉੱਜੜੀ ਨੂੰ ਵਸਾਏਗਾ।

ਜਿਸ ਕਿਸੇ ਨੂੰ ਸੋਨੇ ਦੀ ਚਿੜੀ ਦੀ ਕਹਾਣੀ ਸਮਝ ਨਹੀਂ ਆਈ ਜਾਂ ਤਾਂ ਉਨ੍ਹਾਂ ਨੇ ਇਤਿਹਾਸ ਤੋਂ ਕੁਝ ਨਹੀਂ ਸਿੱਖਿਆ, ਕੋਈ ਸਬਕ ਹਾਸਲ ਨਹੀਂ ਕੀਤਾ, ਜਾਂ ਫਿਰ ਉਸ ਨੂੰ ਰੱਬ ਹੀ ਸਿੱਧੇ ਰਾਹ ਪਾ ਸਕਦਾ ਹੈ। ਸਾਫ਼ ਤੇ ਸਿੱਧੀ ਗੱਲ ਹੈ ਕਿ 'ਸਾਰਕ' ਜਾਂ ਉਪ-ਮਹਾਂਦੀਪ ਅੱਜ ਅਰਥਚਾਰੇ ਦੇ ਪੱਖੋਂ ਬਦਹਾਲੀ, ਅਨਿਸ਼ਚਿਤਤਾ ਤੇ ਗ਼ਰੀਬੀ ਦੇ ਖੂਹ ਵਿਚ ਡਿਗਿਆ ਹੋਇਆ ਹੈ ਤੇ ਹੁਣ ਬਾਹਰ ਨਿਕਲਣ ਦਾ ਕੋਈ ਵੀ ਰਸਤਾ ਨਜ਼ਰ ਨਹੀਂ ਆ ਰਿਹਾ। ਇਸ ਦੇ ਜ਼ਿੰਮੇਵਾਰਾਂ, ਕਸੂਰਵਾਰਾਂ ਬਲਕਿ ਮੁਜਰਮਾਂ ਨੂੰ ਬੇਨਕਾਬ ਕਰਨਾ ਪਵੇਗਾ। ਕਿਉਂਕਿ ਇਹ ਸਿਰਫ ਖੇਤਰ ਦੇ ਨਹੀਂ ਸਗੋਂ ਨਸਲਾਂ ਦੇ ਮੁਜਰਮ ਹਨ, ਕਰੋੜਾਂ ਇਨਸਾਨਾਂ ਦੇ ਮੁਜਰਮ ਹਨ। ਜਿਹੜੇ ਵੀ ਅੱਜ ਜ਼ਿੰਦਗੀ ਨਹੀਂ, ਮੌਤ ਦੀ ਗੱਲ ਕਰਦੇ ਹਨ। ਵਾਰ-ਵਾਰ ਜੰਗ ਦੀ ਗੱਲ ਕਰਦੇ ਹਨ, ਗੱਲਬਾਤ ਨਾਲ ਮਸਲੇ ਹੱਲ ਨਹੀਂ ਕਰਦੇ, ਕੱਲ੍ਹ ਵੀ ਵੰਡ ਦੀ, ਨਫ਼ਰਤ ਦੀ, ਆਰ ਦੀ, ਪਾਰ ਦੀ ਗੱਲ ਕਰਦੇ ਸਨ, ਅੱਜ ਵੀ ਉਹੀ ਕਰ ਰਹੇ ਹਨ, ਆਪਣੇ ਖੇਤਰ, ਆਪਣੇ ਲੋਕਾਂ ਦੇ ਸਭ ਦੇ ਵਾਸਤੇ ਫ਼ੈਸਲੇ ਨਹੀਂ ਕਰਦੇ, ਫ਼ੈਸਲਾ ਕਰਦੇ ਨੇ ਤਾਂ ਆਪਣੀ ਜਾਤ, ਆਪਣੀ ਧਿਰ ਜਾਂ ਆਪਣੇ ਧਰਮ ਵਾਸਤੇ, ਦੂਜੇ ਦੇ ਧਰਮ ਨਾਲ ਦੁਸ਼ਮਣੀ ਤੇ ਖੇਤਰ ਤੋਂ ਬਾਹਰ ਦੋਸਤੀ ਦੀ ਤਲਾਸ਼ ਕਰਦੇ ਹਨ। ਗ਼ੌਰ ਕੀਤਾ ਜਾਵੇ ਤਾਂ 'ਸਾਰਕ' ਜਾਂ ਉਪ-ਮਹਾਂਦੀਪ ਨੂੰ ਛੱਡ ਕੇ ਬਾਕੀ ਸਾਰੇ ਖੇਤਰ ਜ਼ਿੰਦਗੀ ਦਾ ਅਨੰਦ ਮਾਣ ਰਹੇ ਹਨ ਤੇ ਅਸੀਂ ਹਰ ਵੇਲੇ ਬਾਰੂਦ ਦੇ ਢੇਰ ਉੱਤੇ ਬੈਠੇ ਜੰਗ ਦਾ ਇੰਤਜ਼ਾਰ ਕਰ ਰਹੇ ਹੁੰਦੇ ਹਾਂ। 70 ਸਾਲ ਹੋ ਗਏ ਅਸੀਂ ਵੰਡ ਦੀ ਸੋਚ ਤੋਂ ਬਾਹਰ ਹੀ ਨਹੀਂ ਨਿਕਲੇ, ਨਾ ਹੀ ਆਪਣੀ ਨਵੀਂ ਨਸਲ ਨੂੰ ਇਸ ਸੋਚ ਦੇ ਪਿੰਜਰੇ ਤੋਂ ਮੁਕਤ ਕਰ ਸਕੇ। ਅਸੀਂ ਕੱਲ ਵੀ ਗੁਲਾਮ ਸੀ, ਅੱਜ ਵੀ ਗੁਲਾਮ ਹੀ ਹਾਂ। ਕੱਲ੍ਹ ਗ਼ੈਰਾਂ ਦੇ ਗੁਲਾਮ ਸੀ, ਅੱਜ ਆਪਣਿਆਂ ਦੇ ਗੁਲਾਮ ਹਾਂ। ਸਿਆਸਤ ਨਫ਼ਰਤ ਭਰੇ ਬੋਲ ਹੀ ਬੰਦ ਨਹੀਂ ਕਰ ਸਕੀ, ਨਵੀਂ ਗੱਲ ਕੀ ਕਰੇਗੀ?

70 ਸਾਲਾਂ ਦੌਰਾਨ 3 ਅਧਿਕਾਰਤ ਜੰਗਾਂ ਹੋਈਆਂ ਤੇ ਅਣਅਧਿਕਾਰਤ ਰੋਜ਼ ਹੀ ਹੁੰਦੀਆਂ ਹਨ। ਲੱਖਾਂ ਲੋਕਾਂ ਨੂੰ ਮਾਰ ਛੱਡਿਆ ਤੇ ਕਰੋੜਾਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ। ਮਸੀਤਾਂ, ਮੰਦਰ, ਗੁਰਦੁਆਰੇ, ਪਿੰਡ, ਸ਼ਹਿਰ, ਦੇਸ਼ ਸਭ ਨਫ਼ਰਤ ਦੀ ਸੋਚ ਨਾਲ ਵੰਡੇ ਗਏ ਪਰ ਕੋਈ ਸਬਕ ਹਾਸਲ ਨਹੀਂ ਕੀਤਾ। ਅੱਜ ਵੀ ਲੜਨਾ ਸੌਖਾ ਤੇ ਸਮਝੌਤਾ ਔਖਾ ਹੈ। ਤੇ ਜਿਹੜੀ ਸਮਝੌਤਾ ਐਕਸਪ੍ਰੈੱਸ ਰੇਲ ਗੱਡੀ ਚੱਲ ਰਹੀ ਹੈ, ਉਹ ਵੀ ਖਾਲੀ। ਰੇਲ ਗੱਡੀ ਚੱਲ ਰਹੀ ਹੈ ਪਰ ਯਾਤਰੀ ਕੋਈ ਨਹੀਂ। ਕਦੀ ਵੀਜ਼ਾ ਨਹੀਂ ਦਿੱਤਾ ਜਾਂਦਾ ਤੇ ਕਦੀ ਵੀਜ਼ਾ ਦੇਣ ਦੇ ਬਾਵਜੂਦ ਲੋਕਾਂ ਨੂੰ ਸਫ਼ਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਬੱਸ, ਰੇਲ ਗੱਡੀ ਚੱਲ ਰਹੀ ਹੈ, ਵਪਾਰ ਕੋਈ ਨਹੀਂ, ਗੱਲਬਾਤ ਕੋਈ ਨਹੀਂ, ਵਫ਼ਦਾਂ ਨੂੰ ਆਉਣ ਜਾਣ ਦੀ ਇਜਾਜ਼ਤ ਨਹੀਂ। ਆਮ ਲੋਕਾਂ ਦਾ ਆਪਸ ਵਿਚ ਕੋਈ ਸੰਪਰਕ ਨਹੀਂ। ਜਿਨ੍ਹਾਂ ਦੇ ਦੋਵੇਂ ਪਾਸੇ ਭੈਣ-ਭਰਾ, ਘਰ ਬਾਹਰ ਹਨ, ਉਨ੍ਹਾਂ ਦਾ ਤਾਂ ਹਾਲ ਹੀ ਨਾ ਪੁੱਛੋ, ਉਹ ਵੀ ਬਿਨਾਂ ਸਪਾਂਸਰ ਪੱਤਰ ਭਾਵ ਗਜ਼ਟਿਡ ਦਫ਼ਤਰ ਦੀ ਇਜਾਜ਼ਤ ਤੋਂ ਬਿਨਾਂ ਆਪਣੇ ਘਰ ਆ ਜਾ ਨਹੀਂ ਸਕਦੇ। ਵਾਹ ਬਈ ਸਿਆਸਤ! ਜਨਤਾ ਦੇ ਵੋਟ ਲੈ ਕੇ ਜਨਤਾ ਨੂੰ ਹੀ ਵੰਡਣ ਵਾਲੀ ਸਿਆਸੀ ਲੀਡਰਸ਼ਿਪ। ਇਹ ਨਫ਼ਰਤ ਪਤਾ ਨਹੀਂ ਹੋਰ ਕਿੰਨਾ ਕੁ ਲਹੂ ਚਾਹੁੰਦੀ ਹੈ। ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਨਫ਼ਰਤ ਦੇ ਖ਼ਿਲਾਫ਼ ਅਤੇ ਸ਼ਾਂਤੀ ਲਈ ਹੈ। ਇਹ ਲਾਂਘਾ ਆਮ ਲੋਕਾਂ ਦੀ ਸੋਚ ਹੈ। ਕਿਸੇ ਇਕ ਦੇਸ਼ ਦੀ ਨਹੀਂ ਸਭ ਦੀ ਸੋਚ ਹੈ। ਅਮਨ, ਪਿਆਰ ਤੇ ਤਰੱਕੀ ਦੀ ਸੋਚ ਹੈ। ਸਿਰਫ ਧਰਮ ਦੀ ਹੀ ਨਹੀਂ, ਸਗੋਂ ਖੇਤਰ ਦੀ ਵੀ ਸੋਚ ਹੈ। ਵੰਡ ਦੀ ਨਹੀਂ, ਸਗੋਂ ਸਾਂਝ ਤੇ ਸਮਝੌਤੇ ਦੀ ਸੋਚ ਹੈ। ਇਹ ਦੁਸ਼ਮਣ ਦੀ ਨਹੀਂ, ਗੁਆਂਢੀ ਦੀ ਸੋਚ ਹੈ। ਪਿੱਛੇ ਨਹੀਂ, ਅੱਗੇ ਵੇਖਣ ਦੀ ਸੋਚ ਹੈ। ਇਹ ਜ਼ਿੰਦਾ ਲੋਕਾਂ ਦੀ ਸੋਚ ਹੈ। ਨਵੀਂ ਨਸਲ ਦੀ ਸੋਚ ਹੈ। ਸੁਨਹਿਰੀ ਦੌਰ ਵਾਪਸ ਲਿਆਉਣ ਦੀ ਸੋਚ ਹੈ। ਸੱਚ ਦਾ ਬੰਦ ਦਰਵਾਜ਼ਾ ਖੋਲਣ ਦੀ ਸੋਚ ਹੈ।

14 ਜੁਲਾਈ ਦੂਰ ਨਹੀਂ। ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਲਈ ਇਕ ਸੋਚ ਲੈ ਕੇ ਬੈਠਣ ਦਾ ਦਿਨ ਹੈ। ਦਿਲ ਜਿੱਤਣ ਦਾ ਦਿਨ ਹੈ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਸੌੜੀ ਸੋਚ ਤੋਂ ਉੱਪਰ ਉੱਠਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਾਨਵਵਾਦੀ ਸੋਚ 'ਤੇ ਪਹਿਰਾ ਦਿੰਦਿਆਂ ਅਜਿਹੇ ਫ਼ੈਸਲੇ ਲੈਣੇ ਚਾਹੀਦੇ ਹਨ, ਜਿਨਾਂ ਨਾਲ ਲੋਕ ਨੇੜੇ-ਨੇੜੇ ਆ ਸਕਣ। ਇਕ-ਦੂਜੇ ਨੂੰ ਮਿਲ ਸਕਣ ਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਮਿਲਣਵਰਤਣ ਕਰ ਸਕਣ।

# ਪੰਜਾਬ 'ਚ ਜਾਰੀ ਨੇ ਕਿਸਾਨ ਖੁਦਕੁਸ਼ੀਆਂ, ਹਾਈਕੋਰਟ ਨੇ ਜਵਾਬ ਮੰਗਿਆ

**ਚੰਡੀਗੜ੍ਹ/ਏਟੀ ਨਿਊਜ਼ :** ਕਿਸਾਨ ਖੁਦਕੁਸ਼ੀਆਂ ਦੇ ਮਾਮਲੇ 'ਤੇ ਹਾਈਕੋਰਟ ਸਖਤ ਹੈ। ਅਦਾਲਤ ਨੇ ਇਸ ਬਾਰੇ ਰਿਪੋਰਟ ਮੰਗ ਲਈ ਹੈ। ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੇ ਬੈਂਚ ਵੱਲੋਂ ਕਿਸਾਨ ਖੁਦਕੁਸ਼ੀਆਂ ਦੇ ਮੁੱਦੇ ਬਾਰੇ ਪਟੀਸ਼ਨ ਦੀ ਸੁਣਵਾਈ ਕਰਦਿਆਂ ਇਸ ਨੂੰ ਬੇਹੱਦ ਗੰਭੀਰਤਾ ਨਾਲ ਲਿਆ। ਇਸ ਬਾਰੇ ਪਟੀਸ਼ਨ ਸਰਕਾਰੀ ਜਬਰ ਵਿਰੋਧੀ ਮੁਹਿੰਮ ਵੱਲੋਂ ਐਡਵੋਕੇਟ ਆਰਐਸ ਬੈਂਸ ਰਾਹੀਂ ਦਾਇਰ ਕੀਤੀ ਗਈ ਸੀ। ਸੁਣਵਾਈ ਦੌਰਾਨ ਬੈਂਚ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪੰਜਾਬੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਕਿਸਾਨ-ਖੇਤ ਮਜ਼ਦੂਰ ਖੁਦਕੁਸ਼ੀਆਂ ਬਾਰੇ ਸਰਵੇਖਣ ਕੀਤਾ ਗਿਆ ਸੀ। ਪੰਜਾਬ ਅੰਦਰ ਪਿਛਲੇ ਦੋ ਸਾਲਾਂ ਦੌਰਾਨ 900 ਤੋਂ ਵੱਧ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ। ਸੂਬਾ ਸਰਕਾਰ ਦੇ ਆਪਣੇ ਅਧਿਐਨ ਅਨੁਸਾਰ ਸਾਲ 2000 ਤੇ 2015 ਵਿਚਾਲੇ ਖੇਤੀਬਾੜੀ ਸੈਕਟਰ 16,606 ਖੁਦਕੁਸ਼ੀਆਂ ਹੋਈਆਂ ਹਨ ਜਿਨ੍ਹਾਂ ਵਿਚ 9243 ਕਿਸਾਨ ਸ਼ਾਮਲ ਹਨ। ਅਦਾਲਤ ਨੇ ਨਿਰਦੇਸ਼ ਦਿੱਤੇ ਕਿ ਤਿੰਨਾਂ ਯੂਨੀਵਰਸਿਟੀਆਂ ਵੱਲੋਂ ਕੀਤੇ ਸਰਵੇਖਣਾਂ ਦੀ ਰਿਪੋਰਟ ਦੋ ਹਫ਼ਤਿਆਂ ਅੰਦਰ ਇਨ੍ਹਾਂ ਪਟੀਸ਼ਨਾਂ ਦੇ ਨਾਲ ਪੇਸ਼ ਕੀਤੀ ਜਾਵੇ। ਇਸ ਮਾਮਲੇ ਦੀ ਸੁਣਵਾਈ ਸਤੰਬਰ ਦੇ ਪਹਿਲੇ ਹਫ਼ਤੇ ਪਾ ਦਿੱਤੀ ਹੈ।



# ਡਾਵਾਂਡੋਲ ਹੋ ਰਹੀ ਹੈ ਭਾਰਤ ਦੀ ਅਰਥ ਵਿਵਸਥਾ

**ਗੁਰਮੀਤ ਪਲਾਹੀ**

ਭਾਰਤ ਦੇ ਹਰ ਸਾਲ 6.4 ਕਰੋੜ ਲੋਕ ਗਰੀਬਾਂ ਦੀ ਸ਼੍ਰੇਣੀ ਵਿਚ ਆ ਜਾਂਦੇ ਹਨ, ਕਿਉਂਕਿ ਉਹਨਾਂ ਨੂੰ ਆਪਣੀ ਜੇਬ੍ਹ ਵਿਚੋਂ ਆਪਣੀ ਬਿਮਾਰੀ ਦੇ ਇਲਾਜ ਉੱਤੇ ਵੱਡੀ ਰਕਮ ਖ਼ਰਚ ਕਰਨੀ ਪੈਂਦੀ ਹੈ। ਭਾਰਤ ਦੁਨੀਆ ਦੇ ਉਹਨਾਂ ਦੇਸ਼ਾਂ ਵਿਚ ਸ਼ਾਮਿਲ ਹੈ, ਜਿੱਥੇ ਡਾਕਟਰ ਰੋਗੀ ਦਾ ਅਨੁਪਾਤ ਸਭ ਤੋਂ ਖਰਾਬ ਹੈ। ਦੇਸ਼ ਦਾ ਸਿਹਤ ਸੇਵਾ ਸੂਚਾਂਕ ਸਾਲ 2018 ਵਿਚ ਦੁਨੀਆ ਭਰ ਦੇ ਦੇਸ਼ਾਂ ਵਿੱਚੋਂ 145ਵੇਂ ਥਾਂ ਉੱਤੇ ਹੈ, ਜਿਹੜਾ ਕਿ ਗੁਆਂਢੀ ਦੇਸ਼ ਬੰਗਲਾ ਦੇਸ਼, ਸੁਡਾਨ, ਗਿਨੀ ਤੋਂ ਵੀ ਥੱਲੇ ਹੈ। ਪਿਛਲੇ ਸਾਲ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਬੀਮਾ ਯੋਜਨਾ ਆਯੂਸ਼ਮਾਨ ਭਾਰਤ ਲਾਗੂ ਕੀਤੀ ਸੀ ਅਤੇ ਉਸ ਲਈ 6400 ਕਰੋੜ ਰੁਪਏ ਰੱਖੇ ਸਨ, ਜੋ ਦਿਨਾਂ ਵਿੱਚ ਹੀ ਖੁਰਦ-ਬੁਰਦ ਹੋ ਗਏ। ਇੱਕ ਸਰਕਾਰੀ ਰਿਪੋਰਟ ਅਨੁਸਾਰ ਜੇਕਰ ਇਸ ਯੋਜਨਾ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਹੈ ਤਾਂ ਇਸ ਵਾਸਤੇ ਘੱਟੋ-ਘੱਟ ਇੱਕ ਲੱਖ ਕਰੋੜ ਰੁਪਿਆਂ ਦੀ ਲੋੜ ਹੈ, ਜਿਸ ਅਧੀਨ ਗਰੀਬਾਂ ਨੂੰ ਮੁਫ਼ਤ ਇਲਾਜ ਦੀ ਸਹੂਲਤ ਮਿਲ ਸਕੇਗੀ। ਪਰ ਇਸ ਵਿੱਚ ਵੀ ਸ਼ਰਤ ਇਹ ਹੈ ਕਿ ਹਸਪਤਾਲ ਹਰ ਕਿਸੇ ਤੋਂ ਬਹੁਤੀ ਦੂਰ ਨਾ ਹੋਣ, ਡਾਕਟਰ ਅਤੇ ਸਪੈਸ਼ਲਿਸਟ ਡਾਕਟਰ ਉਪਲੱਬਧ ਹੋਣ, ਲੋੜੀਂਦੀਆਂ ਦਵਾਈਆਂ ਮਿਲ ਸਕਣ ਅਤੇ ਬੁਨਿਆਦੀ ਉਪਕਰਣਾਂ ਦੀ ਕਮੀ ਨਾ ਹੋਵੇ। 2012-17 ਦੀ ਇੱਕ ਰਿਪੋਰਟ ਮੁਤਾਬਕ ਛੱਤੀਸਗੜ੍ਹ ਰਾਜ ਵਿੱਚ 89 ਫੀਸਦੀ ਸਪੈਸ਼ਲਿਸਟ ਡਾਕਟਰਾਂ, 36 ਫੀਸਦੀ ਡਾਕਟਰਾਂ, 34 ਫੀਸਦੀ ਸਟਾਫ ਨਰਸਾਂ ਅਤੇ 12 ਫੀਸਦੀ ਡਾਕਟਰੀ ਅਮਲੇ ਦੀ ਕਮੀ ਹੈ। ਰਿਪੋਰਟ ਅਨੁਸਾਰ ਇਹ ਕਮੀ ਦੂਜੇ ਰਾਜਾਂ ਵਿੱਚ ਵੀ ਲਗਭਗ ਇਵੇਂ ਹੀ ਹੈ।

ਭਾਰਤ ਵਿੱਚ ਪਾਣੀ ਦੀ ਸਥਿਤੀ ਬਹੁਤ ਹੀ ਗੰਭੀਰ ਬਣ ਚੁੱਕੀ ਹੈ। ਦੇਸ਼ ਦੀਆਂ 16 ਫੀਸਦੀ ਤਹਿਸੀਲਾਂ, ਡਿਵੀਜ਼ਨਾਂ ਤੇ ਬਲਾਕ ਪੱਧਰੀ ਇਕਾਈਆਂ ਵਿੱਚ ਧਰਤੀ ਹੇਠਲੇ ਪਾਣੀ ਨੂੰ ਬਹੁਤ ਜ਼ਿਆਦਾ ਕੱਢਿਆ ਗਿਆ ਹੈ। ਦੇਸ਼ ਦੇ ਚਾਰ ਫੀਸਦੀ ਇਲਾਕਿਆਂ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਇੰਨਾ ਡਿੱਗ ਚੁੱਕਾ ਹੈ ਕਿ ਇਸਨੂੰ ਖ਼ਤਰਨਾਕ ਦੱਸਿਆ ਜਾ ਰਿਹਾ ਹੈ। ਧਰਤੀ ਹੇਠਲਾ ਪਾਣੀ ਹੱਦ ਤੋਂ ਜ਼ਿਆਦਾ ਕੱਢਣ ਵਾਲੇ ਸੂਬਿਆਂ ਵਿੱਚ ਪੰਜਾਬ (76 ਫੀਸਦੀ) ਜੋ ਪਹਿਲੇ ਨੰਬਰ ਤੇ ਹੈ, ਜਦਕਿ ਰਾਜਸਥਾਨ (66 ਫੀਸਦੀ), ਦਿੱਲੀ (56 ਫੀਸਦੀ) ਤੇ ਹਰਿਆਣਾ (54 ਫੀਸਦੀ) ਸ਼ਾਮਲ ਹਨ। ਦੇਸ਼ ਦੇ 681 ਬਲਾਕ ਡਿਵੀਜ਼ਨਾਂ ਤੇ ਤਹਿਸੀਲਾਂ ਦੇ ਪਾਣੀ ਹੇਠਲੇ ਪੱਧਰ ਵਿੱਚ (ਜੋ ਕੁੱਲ ਗਿਣਤੀ ਦਾ 10 ਫੀਸਦੀ ਹੈ) ਖ਼ਤਰਨਾਕ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ।

ਸਾਲ 2018-19 ਲਈ ਭਾਰਤ ਦੀ ਅਰਥ-ਵਿਵਸਥਾ ਦੀ ਵਿਕਾਸ ਦਰ 7.2 ਫੀਸਦੀ ਰਹਿਣ ਦਾ ਅੰਦਾਜ਼ਾ ਸੀ, ਜੋ ਇਸ ਵਰ੍ਹੇ ਦੇ ਸ਼ੁਰੂਆਤ ਵਿੱਚ ਘਟਕੇ 7 ਫੀਸਦੀ ਰਹਿ ਗਈ ਜੋ ਅਸਲ ਵਿੱਚ 6.5 ਫੀਸਦੀ ਹੋ ਸਕਦੀ ਹੈ। ਆਖ਼ਰ ਕਾਰਪੋਰੇਟ ਭਾਰਤ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਅਤੇ ਉਸਨੇ ਮੰਨ ਲਿਆ ਹੈ ਕਿ ਭਾਰਤ ਵਿੱਚ ਮੰਦੀ ਜਿਹੇ ਹਾਲਾਤ ਪੈਦਾ ਹੋ ਰਹੇ ਹਨ ਅਤੇ ਵਿਕਾਸ ਦਾ ਸੰਕਟ ਪੈਦਾ ਹੋ ਗਿਆ ਹੈ, ਜੋ ਆਮ ਆਦਮੀ ਉੱਤੇ ਅਸਰ ਪਾ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਭਾਰਤ ਵਿੱਚ ਨਿਵੇਸ਼ ਨਹੀਂ ਹੋ ਰਿਹਾ ਅਤੇ ਜਿਹੜਾ ਵਿਕਾਸ ਵੇਖਣ ਨੂੰ ਮਿਲ ਰਿਹਾ ਹੈ, ਉਹ ਅਸਲ ਵਿੱਚ ਜ਼ਿਆਦਾਤਰ ਭਾਰਤੀਆਂ ਵਲੋਂ ਖ਼ਪਤ ਕਾਰਨ ਹੈ। ਪਰ ਹੁਣ ਉਪਭੋਗਤਾ ਮੰਗ ਵਿੱਚ ਲਗਾਤਾਰ ਗਿਰਾਵਟ ਦਿਸ ਰਹੀ ਹੈ ਅਤੇ ਸਰਕਾਰੀ ਖ਼ਰਚੇ ਵਿੱਚ ਕਮੀ ਦੇ ਕਾਰਨ ਵੀ ਚਿੰਤਾ ਬਣ ਗਈ ਹੈ। ਆਟੋਮੋਬਾਇਲ ਵਿਕਰੀ, ਰੇਲ ਮਾਲ, ਘਰੇਲੂ ਹਵਾਈ ਆਵਾਜਾਈ ਅਤੇ ਆਯਾਤ ਦੇ ਅੰਕੜੇ ਵਿਸ਼ੇਸ਼ ਕਰਕੇ ਨਿੱਜੀ ਖਪਤ ਵਿੱਚ ਮੰਦੀ ਦਾ ਸੰਕੇਤ ਦਿੰਦੇ ਹਨ, ਉੱਚ ਬੇਰੁਜ਼ਗਾਰੀ, ਜੀਡੀਪੀ ਅਤੇ ਉਦਯੋਗਿਕ ਵਿਕਾਸ ਦੀ ਘਟਦੀ ਦਰ, ਕਿਸਾਨਾਂ ਦਾ ਸੰਕਟ, ਆਟੋਮੋਬਾਇਲ ਉਦਯੋਗ ਵਿੱਚ ਘਟਦੀ ਵਿਕਰੀ - ਇਹ ਕੁਝ ਇਹੋ ਜਿਹੇ ਸੰਕੇਤ ਹਨ, ਜੋ ਦੱਸਦੇ ਹਨ ਕਿ ਦੇਸ਼ ਦੀ ਅਰਥ-ਵਿਵਸਥਾ ਦੀ ਸਥਿਤੀ ਬਹੁਤੀ ਠੀਕ ਨਹੀਂ ਹੈ।

ਕੇਂਦਰੀ ਸੰਖਿਅਕ ਦਫਤਰ ਦੇ 2017-18 ਦੇ ਅੰਕੜਿਆਂ ਅਨੁਸਾਰ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ 6.1 ਫੀਸਦੀ ਰਹੀ ਹੈ। ਕਈ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ 45 ਸਾਲ ਦੇ ਮੁਕਾਬਲੇ ਇਸ ਵਰ੍ਹੇ ਸਭ ਤੋਂ ਵਧ ਹੈ। ਦੇਸ਼ ਵਿੱਚ ਰੁਜ਼ਗਾਰ ਦੇ ਮੌਕਿਆਂ ਦੀ ਲਗਾਤਾਰ ਕਮੀ ਆ ਰਹੀ ਹੈ ਅਤੇ ਦੇਸ਼ ਵਿੱਚ ਹੱਥੀਂ ਕਿੱਤਾ ਕਰਨ ਜਾਂ ਸਿੱਖਣ ਦਾ ਰਿਵਾਜ਼ ਹੀ ਹਟ ਗਿਆ ਹੈ। ਵੋਕੇਸ਼ਨਲ ਸਿੱਖਿਆ ਦੇ ਜਿੰਨੇ ਵੀ ਪ੍ਰੋਗਰਾਮ ਸਰਕਾਰ ਵਲੋਂ ਸ਼ੁਰੂ ਕੀਤੇ ਗਏ, ਲਗਭਗ ਸਾਰੇ ਦੇ ਸਾਰੇ ਫਲਾਪ ਹੋ ਕੇ ਰਹਿ ਗਏ ਹਨ। ਪ੍ਰੋਫੈਸ਼ਨਲ ਡਿਗਰੀ, ਡਿਪਲੋਮਾ ਸਰਟੀਫੀਕੇਟ ਕੋਰਸ, ਆਮ ਤੌਰ 'ਤੇ ਪ੍ਰੈਕਟੀਕਲ ਟਰੇਨਿੰਗ ਦੀ ਘਾਟ ਕਾਰਨ ਨੌਜਵਾਨਾਂ ਨੂੰ ਨੌਕਰੀਆਂ ਨਹੀਂ ਦੁਆ ਸਕੇ। ਸਾਲ-ਦਰ-ਸਾਲ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਇੱਕ ਫੌਜ ਖੜ੍ਹੀ ਹੋ ਗਈ, ਜਿਹੜੀ ਵਾਈਟ ਕਾਲਰ ਜੌਬ ਦੀ ਭਾਲ ਵਿੱਚ ਭੁੱਖੀ ਮਰਦੀ ਬੇਚੈਨ ਦਿਸ ਰਹੀ ਹੈ। ਬੇਰੁਜ਼ਗਾਰ ਨੌਜਵਾਨਾਂ ਵਿਚ ਵਧ ਰਹੀ ਬੇਚੈਨੀ ਦੇਸ਼ ਨੂੰ ਬੇਚੈਨ ਕਰ ਰਹੀ ਹੈ ਅਤੇ ਦੇਸ਼ ਦੀ ਸਿਹਤ ਖਰਾਬ ਕਰ ਰਹੀ ਹੈ। ਬੇਚੈਨੀ ਵਿੱਚ ਨੌਜਵਾਨ ਨਸ਼ਿਆਂ ਦੀ ਲਪੇਟ ਵਿਚ ਆ ਰਹੇ ਹਨ ਅਤੇ ਗੈਰ-ਸਮਾਜੀ ਸਰਗਰਮੀ ਵਿੱਚ ਵਾਧੇ ਦਾ ਕਾਰਨ ਵੀ ਕਈ ਹਾਲਤਾਂ ਵਿਚ ਬਣਦੇ ਹਨ।




ਕਿਸਾਨੀ ਸੰਕਟ ਭਾਰਤ ਦੀ ਸਭ ਤੋਂ ਵੱਡੀ ਸਮੱਸਿਆ ਹੈ। ਦੇਸ਼ ਦੇ ਕਿਸਾਨ ਡੂੰਘੇ ਆਰਥਿਕ ਸੰਕਟ ਦੀ ਲਪੇਟ ਵਿੱਚ ਹਨ। ਉਹਨਾਂ ਦੀ ਫ਼ਸਲ ਦਾ ਵਾਜਬ ਮੁੱਲ ਨਹੀਂ ਮਿਲ ਰਿਹਾ ਅਤੇ ਕਈ ਹਾਲਤਾਂ ਵਿੱਚ ਉਹ ਖੇਤੀ ਦਾ ਕੰਮ ਛੱਡਣ ਲਈ ਮਜਬੂਰ ਹੋ ਜਾਂਦੇ ਹਨ। ਸਾਲ 1970-71 ਵਿੱਚ ਔਸਤਨ ਕਿਸਾਨਾਂ ਕੋਲ ਪ੍ਰਤੀ ਇੱਕ 2.28 ਹੈਕਟੇਅਰ ਜ਼ਮੀਨ ਸੀ ਜੋ 1995-96 ਵਿੱਚ ਘਟ ਕੇ 1.5 ਹੈਕਟੇਅਰ ਰਹਿ ਗਈ। ਇਸ ਵਿੱਚ 19 ਫੀਸਦੀ ਕਿਸਾਨਾਂ ਕੋਲ ਤਾਂ ਇੱਕ ਤੋਂ ਦੋ ਹੈਕਟੇਅਰ ਜ਼ਮੀਨ ਹੀ ਸੀ। ਭੈੜੇ ਬੀਜਾਂ, ਖਾਦਾਂ, ਕੀਟਨਾਸ਼ਕਾਂ, ਸਿੰਚਾਈ ਦੇ ਨਿਕੰਮੇ ਪ੍ਰਬੰਧ, ਖੇਤੀ ਲਈ ਮਸ਼ੀਨੀ ਸੰਦਾਂ ਦੀ ਕਮੀ ਅਤੇ ਖੇਤੀ ਪੈਦਾਵਾਰ ਦੀ ਸਟੋਰੇਜ ਦੇ ਨਾਕਸ ਪ੍ਰਬੰਧ, ਮਾੜੇ ਟਰਾਂਸਪੋਰਟ ਸਾਧਨਾਂ ਨੇ ਖੇਤੀ ਸੰਕਟ ਵਿੱਚ ਵਾਧਾ ਕੀਤਾ ਹੈ ਅਤੇ ਦੇਸ਼ ਦਾ ਪੇਟ ਭਰਨ ਵਾਲੇ ਕਿਸਾਨਾਂ ਨੂੰ ਭੁੱਖਮਰੀ ਦਾ ਸ਼ਿਕਾਰ ਬਣਾ ਦਿੱਤਾ ਹੈ। ਆਰਥਿਕ ਤੰਗੀਆਂ ਕੱਟਕੇ ਕਿਸਾਨ ਅਤੇ ਖੇਤ ਮਜ਼ਦੂਰ ਆਤਮ-ਹੱਤਿਆ ਕਰਨ ਲਈ ਮਜਬੂਰ ਹੋ ਚੁੱਕੇ ਹਨ ਅਤੇ ਦੇਸ਼ ਦੀ ਕੋਈ ਵੀ ਸਿਆਸੀ ਧਿਰ ਉਸਦੀ ਬਾਂਹ ਫੜਨ ਲਈ ਤਿਆਰ ਨਜ਼ਰ ਨਹੀਂ ਆਉਂਦੀ। ਇਸੇ ਕਰ ਕੇ ਉਹ ਆਪਣੀਆਂ ਮੰਗਾਂ ਕਿ ਉਹਨਾਂ ਨੂੰ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਮਿਲੇ, ਚੰਗੇ ਬੀਜ ਮਿਲਣ, ਸਿੰਚਾਈ ਦੇ ਸਾਧਨ ਉਪਲਬਧ ਹੋਣ ਅਤੇ ਕਿਸਾਨਾਂ ਦਾ ਸੰਕਟ ਹਰਨ ਲਈ ਡਾ. ਸਵਾਮੀਨਾਥਨ ਰਿਪੋਰਟ ਪੂਰੀ ਤਰ੍ਹਾਂ ਲਾਗੂ ਹੋਵੇ ਤਾਂ ਕਿ ਉਹਨਾਂ ਨੂੰ ਸੁਖ ਦਾ ਸਾਹ ਆਵੇ। ਪਰ ਬਾਵਜੂਦ ਕੋਸ਼ਿਸ਼ਾਂ ਦੇ ਉਹਨਾਂ ਦੀ ਸਰਕਾਰੇ-ਦਰਬਾਰੇ ਸੁਣਵਾਈ ਨਹੀਂ ਹੋ ਰਹੀ। ਖੇਤੀ ਘਾਟੇ ਦਾ ਸੌਦਾ ਬਣਕੇ ਰਹਿ ਗਈ ਹੈ ਤੇ ਦੇਸ਼ ਦੇ ਅਰਥ ਵਿਵਸਥਾ ਦੇ ਸੁਧਾਰ ਲਈ ਆਪਣਾ ਬਣਦਾ ਸਰਦਾ ਹਿੱਸਾ ਪਾਉਣ ਤੋਂ ਆਤੁਰ ਹੋਈ ਦਿਸਦੀ ਹੈ।

ਭਾਰਤ ਦੇ ਅਰਥਚਾਰੇ ਨੂੰ ਹਲੂਣਾ ਦੇਣ ਵਾਲਾ ਆਟੋਮੋਬਾਇਲ ਉਦਯੋਗ ਇਸ ਵੇਲੇ ਡੂੰਘੇ ਸੰਕਟ ਵਿਚ ਹੈ। ਦੁਨੀਆ ਵਿੱਚ ਭਾਰਤੀ ਆਟੋਮੋਬਾਇਲ ਉਦਯੋਗ ਚੌਥੇ ਨੰਬਰ 'ਤੇ ਹੈ। ਪਰ ਇਸ ਵੇਲੇ ਮੰਦੇ ਕਾਰਨ ਦੇਸ਼ ਦੇ 10 ਆਟੋ ਉਦਯੋਗ ਬੰਦ ਹੋ ਗਏ ਹਨ। ਮਹਿੰਦਰਾ ਐਂਡ ਮਹਿੰਦਰਾ ਵਰਗੇ ਉਦਯੋਗ ਨੇ 5 ਤੋਂ 13 ਦਿਨਾਂ ਤੱਕ ਹਰ ਮਹੀਨੇ ਪ੍ਰੋਡਕਸ਼ਨ ਰੋਕ ਦਿੱਤੀ ਹੈ। ਪੰਜ ਲੱਖ ਯਾਤਰੀ ਵਹੀਕਲ ਅਤੇ ਤਿੰਨ ਮਿਲੀਅਨ ਦੋਪਹੀਏ ਵਾਹਨ ਆਟੋਮੋਬਾਇਲ ਕੰਪਨੀਆਂ ਦੇ ਸਟੋਰਾਂ ਵਿਚ ਪਏ ਗਾਹਕਾਂ ਦੀ ਉਡੀਕ ਕਰ ਰਹੇ ਹਨ। ਮਈ 2019 ਪਿਛਲੇ 18 ਸਾਲਾਂ ਵਿਚ ਸਭ ਤੋਂ ਵੱਧ ਮੰਦੀ ਵਾਲਾ ਮਹੀਨਾ ਸੀ, ਜਿਸ ਵਿਚ ਆਟੋ ਵਹੀਕਲਾਂ ਦੀ ਵਿਕਰੀ 20.6 ਫੀਸਦੀ ਘਟੀ। ਸਿੱਟਾ ਇਹ ਨਿਕਲ ਰਿਹਾ ਹੈ ਕਿ ਨੌਜਵਾਨਾਂ ਲਈ ਨਵੀਆਂ ਨੌਕਰੀਆਂ ਨਹੀਂ ਨਿਕਲ ਰਹੀਆਂ ਅਤੇ ਭਾਰਤੀ ਅਰਥ-ਵਿਵਸਥਾ ਦੀ ਸੁਸਤੀ ਦੇਸ਼ ਲਈ ਵੱਡੇ ਖਤਰਿਆਂ ਦਾ ਸੰਕੇਤ ਦੇ ਰਹੀ ਹੈ।

ਸਰਕਾਰ ਦੇ ਖਜ਼ਾਨੇ ਵਿੱਚ ਬਹੁਤਾ ਪੈਸਾ ਨਹੀਂ ਹੈ ਕਿਉਂਕਿ ਵਿੱਤੀ ਵਰ੍ਹੇ 2019 ਵਿੱਚ ਸਰਕਾਰੀ ਖਜ਼ਾਨੇ ਦੇ ਘਾਟੇ ਨੇ ਜੀ ਡੀ ਪੀ ਦੇ 3.4 ਫੀਸਦੀ ਨੂੰ ਪਾਰ ਕਰ ਲਿਆ ਅਤੇ ਸਰਕਾਰੀ ਖਜ਼ਾਨੇ ਵਿੱਚ ਪੈਸੇ ਦੀ ਆਮਦ ਨੀਅਤ ਕੀਤੇ ਟੀਚਿਆਂ ਤੋਂ ਘੱਟ ਰਹੀ ਹੈ। ਇਹੋ ਜਿਹੀਆਂ ਹਾਲਤਾਂ ਵਿੱਚ ਜੇਕਰ ਸਰਕਾਰੀ ਖਰਚੇ ਨੂੰ ਵਧਾਇਆ ਜਾਏਗਾ, ਤਾਂ ਮੁਦਰਾ ਸਫੀਤੀ ਵਧ ਜਾਏਗੀ ਤੇ ਦੇਸ਼ ਵਿੱਚ ਮਹਿੰਗਾਈ ਵਿੱਚ ਅੰਤਾਂ ਦਾ ਵਾਧਾ ਹੋਏਗਾ, ਜੋ ਕਿ ਦੇਸ਼ ਦੇ ਲੋਕਾਂ ਲਈ ਸਹਿਣਯੋਗ ਨਹੀਂ ਹੋਏਗਾ। ਸਰਵਜਨਕ ਖੇਤਰ ਵਿੱਚ ਭਾਰਤੀ ਬੈਂਕਿੰਗ ਉਦਯੋਗ ਦਾ 75 ਫੀਸਦੀ ਹਿੱਸਾ ਹੈ। ਖਰਾਬ ਕਰਜ਼ੇ ਦੇ ਬੋਝ ਨੇ ਬੈਂਕਾਂ ਦੀ ਹਾਲਤ ਮੰਦੀ ਕੀਤੀ ਹੈ ਕਿਉਂਕਿ ਬਹੁਤ ਸਾਰੀਆਂ ਅਲਾਭਕਾਰੀ ਯੋਜਨਾਵਾਂ ਨੂੰ ਕਰਜੇ ਦੇਣ ਤੋਂ ਬਾਅਦ ਬੈਂਕਾਂ ਦੀ ਪੂੰਜੀ ਖਤਮ ਹੋ ਗਈ ਹੈ।

ਭਾਰਤ ਦੀ ਨਿਕੰਮੀ ਸੌੜੀ ਸਿਆਸੀ ਤਿਕੜਮਬਾਜ਼ੀ ਅਤੇ ਸਰਕਾਰੀ ਫਜ਼ੂਲ ਖਰਚੀ ਨੇ ਦੇਸ਼ ਨੂੰ ਇਹੋ ਜਿਹੇ ਹਾਲਾਤ ਵਿਚ ਲਿਆ ਖੜ੍ਹੇ ਕਰ ਦਿੱਤਾ ਹੈ, ਜਿੱਥੋਂ ਇਸ ਵਿੱਚੋਂ ਬਾਹਰ ਕੱਢਣਾ ਬਹੁਤ ਔਖਾ ਦਿਸ ਰਿਹਾ ਹੈ। ਕਾਰਪੋਰੇਟ ਦੇ ਸ਼ਿਕੰਜੇ ਵਿਚ ਜਕੜੀ ਮੌਜੂਦਾ ਸਰਕਾਰ ਕੀ ਦੇਸ਼ ਦੀ ਭੈੜੀ ਸਿਹਤ ਨੂੰ ਇਸ ਬਜਟ ਸਮੇਂ ਲੋਕ ਹਿਤੂ ਕਾਰਜਾਂ ਨਾਲ ਸੁਧਾਰ ਸਕੇਗੀ ? ਹਾਲੇ ਤਕ ਇਸ ਦੀ ਸ਼ੰਕਾ ਹੀ ਬਣੀ ਹੋਈ ਹੈ।

# ਅੰਧ-ਰਾਸ਼ਟਰਵਾਦ ਵਿਚ ਗੁੰਮ ਹੋ ਜਾਂਦੇ ਹਨ ਲੋਕ ਪੱਖੀ ਮੁੱਦੇ

**ਹਰਨੰਦ ਸਿੰਘ ਭੁੱਲਰ**

ਪੂੰਜੀਵਾਦੀ ਨਿਜ਼ਾਮ ਅੱਜ ਹਰ ਥਾਂ ਆਪਣੇ ਪੈਰ ਪਸਾਰ ਚੁੱਕਾ ਹੈ। ਜਿੱਥੇ ਵੀ ਇਸ ਨੇ ਆਪਣੇ ਪੈਰ ਜਮਾਏ, ਉੱਥੇ ਹੀ ਦੇਸ਼ ਦੀਆਂ ਸਰਕਾਰਾਂ ਨਾਲ ਮਿਲ ਕੇ ਲੋਕਾਂ ਨੂੰ ਗ਼ਰੀਬੀ ਦੇ ਜੰਜਾਲ ਵੱਲ ਧੱਕਿਆ ਅਤੇ ਦੇਸ਼ਾਂ ਦੇ ਲੋਕਾਂ ਨੂੰ ਅੰਧ-ਰਾਸ਼ਟਰਵਾਦ ਦੇ ਨਾਂ 'ਤੇ ਗੁਮਰਾਹ ਕਰਕੇ ਇੱਕ ਰਾਸ਼ਟਰ ਨੂੰ ਦੂਜੇ ਰਾਸ਼ਟਰ ਦੇ ਵਿਰੁੱਧ ਲੜਾਇਆ। ਹੁਕਮਰਾਨ ਪਾਰਟੀਆਂ ਆਪਣੇ ਨਿੱਜੀ ਸਵਾਰਥਾਂ ਲਈ ਪੂੰਜੀਵਾਦੀ ਨਿਜ਼ਾਮ ਦਾ ਹੁਕਮ ਮੰਨ ਕੇ ਦੇਸ਼ ਨੂੰ, ਲੋਕਾਂ ਦੀ ਪਰਵਾਹ ਕੀਤੇ ਬਿਨਾ, ਉਸ ਦੇ ਹੱਥਾਂ ਵਿਚ ਵੇਚ ਦਿੰਦੀਆਂ ਹਨ। ਸੱਤਾ ਧਿਰ ਪੂੰਜੀਵਾਦੀ ਲੋਕਾਂ ਦੇ ਹੱਕਾਂ ਵਿਚ ਸੰਸਦੀ ਬਿੱਲ ਪਾਸ ਕਰਵਾ ਕੇ ਦੇਸ਼ ਦੇ ਲੋਕਾਂ ਦਾ ਸਰਮਾਇਆ ਇਨ੍ਹਾਂ ਪੂੰਜੀਵਾਦੀਆਂ ਨੂੰ ਲੁਟਾਉਂਦੀ ਰਹਿੰਦੀ ਹੈ।

ਸਰਕਾਰ ਚੋਣ ਜਿੱਤਣ ਲਈ ਲੋਕਾਂ ਨਾਲ ਅਜਿਹੇ ਵਾਅਦੇ ਕਰਦੀ ਹੈ ਜੋ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਕਦੇ ਵੀ ਪੂਰੇ ਨਹੀਂ ਕਰ ਸਕਦੀ ਪਰ ਪੂੰਜੀਵਾਦੀਆਂ ਨਾਲ ਕੀਤੇ ਹਰ ਵਾਅਦੇ ਨੂੰ ਜਲਦੀ ਤੋਂ ਜਲਦੀ




ਪੂਰਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਆਮ ਲੋਕ ਜਦੋਂ ਸਰਕਾਰ ਦੁਆਰ ਕੀਤੇ ਵਾਅਦਿਆਂ ਦੀ ਪੂਰਤੀ ਬਾਰੇ ਸਰਕਾਰ ਤੋਂ ਪੁੱਛਦੇ ਹਨ ਤਾਂ ਉਹ ਲੋਕਾਂ ਨੂੰ ਲਾਰੇ-ਲੱਪਿਆਂ ਦੇ ਜ਼ਰੀਏ ਉਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਲੋਕ ਰੋਹ ਵਿੱਚ ਆ ਕੇ ਸੜਕਾਂ ਉੱਤੇ ਉੱਤਰ ਆਉਂਦੇ ਹਨ ਤੇ ਧਰਨੇ ਲਗਾਉਣੇ ਸ਼ੁਰੂ ਕਰ ਦਿੰਦੇ ਹਨ। ਫਿਰ ਦੇਸ਼ ਵਿੱਚ ਕੋਈ ਅਜਿਹੀ ਘਟਨਾ ਵਾਪਰ ਜਾਂਦੀ ਹੈ ਜੋ ਕਿ ਸਭ ਲੋਕਾਈ ਦਾ ਧਿਆਨ ਮੂਲ ਮੁੱਦਿਆ ਤੋਂ ਭੜਕਾ ਕੇ ਆਪਣੇ ਵੱਲ ਕੇਂਦਰਿਤ ਕਰ ਲੈਂਦੀ ਹੈ। ਇਹ ਘਟਨਾਵਾਂ ਜ਼ਿਆਦਾਤਰ ਧਾਰਮਿਕ ਮਾਮਲਿਆਂ ਜਾਂ ਰਾਸ਼ਟਰਵਾਦ ਨਾਲ ਸਬੰਧਿਤ ਹੁੰਦੀਆਂ ਹਨ। ਅਜਿਹੀ ਘਟਨਾ ਵਿੱਚ ਉਲਝ ਕੇ ਲੋਕ ਹਾਕਮ ਧਿਰ ਦੇ ਵਿਰੋਧ ਦੇ ਉਲਟ ਉਸ ਦੇ ਪੱਖ ਵਿਚ ਭੁਗਤਣਾ ਸ਼ੁਰੂ ਕਰ ਦਿੰਦੇ ਹਨ।

ਭਾਰਤ ਵਿਚ ਸੰਨ 2014 ਵਿਚ ਭਾਜਪਾ ਸਰਕਾਰ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ ਪਰ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰ ਸਕੀ। ਨਤੀਜਾ ਇਹ ਨਿਕਲਿਆ ਕਿ ਵਾਅਦੇ ਪੂਰੇ ਨਾ ਹੁੰਦੇ ਵੇਖ ਲੋਕਾਂ ਦਾ ਰੋਹ ਵਧਦਾ ਰਿਹਾ, ਜੋ ਭਾਜਪਾ ਦੇ ਕਾਰਜਕਾਲ ਦੇ ਅੰਤਿਮ ਸਮੇਂ ਆਪਣੀ ਚਰਮ-ਸੀਮਾ ਉੱਤੇ ਪਹੁੰਚ ਗਿਆ। ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦੇ ਤਾਂ ਕੀ ਪੂਰੇ ਕਰਨੇ ਸਨ, ਉਲਟਾ ਵੱਡੇ-ਵੱਡੇ ਧਨਾਢ ਬੈਂਕਾਂ ਨੂੰ ਅਰਬਾਂ ਦਾ ਚੂਨਾ ਲਾ ਕੇ ਵਿਦੇਸ਼ ਦੌੜ ਗਏ। ਲੋਕ ਸਵਾਲ ਕਰ ਰਹੇ ਸਨ ਕਿ ਪੰਦਰਾਂ ਲੱਖ ਰੁਪਏ ਅਤੇ ਦੋ ਕਰੋੜ ਨੌਕਰੀਆਂ ਦਾ ਕੀ ਬਣਿਆ ? ਕਾਲਾ ਧਨ ਕਿੱਥੇ ਹੈ ? ਭ੍ਰਿਸ਼ਟਾਚਾਰ ਕਿਉਂ ਨਹੀਂ ਘਟਿਆ ? ਆਰਥਿਕ ਪਾੜਾ ਇੰਨਾ ਕਿਵੇਂ ਵਧ ਗਿਆ ? ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਰੁਕਣ ਦੀ ਬਜਾਏ ਵਧੀਆਂ ਕਿਉਂ ਹਨ ? ਆਦਿ। ਇਹ ਅਜਿਹਾ ਸਮਾਂ ਸੀ ਜਦੋਂ ਲੱਗ ਰਿਹਾ ਸੀ ਕਿ ਭਾਜਪਾ ਨੂੰ ਇਸ ਵਾਰ ਸੱਤਾ ਤੋਂ ਲਾਂਭੇ ਹੋਣਾ ਪਵੇਗਾ।

ਅਚਾਨਕ ਪੁਲਵਾਮਾ ਉਤੇ ਹੋਏ ਹਮਲੇ ਨੇ ਮੋਦੀ ਸਰਕਾਰ ਨੂੰ ਸਾਰੇ ਦੇਸ਼ ਨੂੰ ਅੰਧ-ਰਾਸ਼ਟਰਵਾਦ ਵਿਚ ਰੰਗਣ ਦਾ ਮੌਕਾ ਦੇ ਦਿੱਤਾ। ਹਮਲੇ ਤੋਂ ਬਾਅਦ ਭਾਰਤ ਦੁਆਰਾ ਪਾਕਿਸਤਾਨ ਦੇ ਬਾਲਾਕੋਟ 'ਤੇ ਹਵਾਈ ਹਮਲਾ, ਅਭਿਨੰਦਨ ਦਾ ਪਾਕਿਸਤਾਨੀ ਫੌਜ ਦੁਆਰਾ ਫੜੇ ਜਾਣਾ ਅਤੇ ਫਿਰ ਉਸ ਨੂੰ ਭਾਰਤ ਹਵਾਲੇ ਕਰਨ ਦੀਆਂ ਘਟਨਾਵਾਂ ਨੇ ਮੋਦੀ ਸਰਕਾਰ ਦੇ ਪੱਖ ਵਿਚ ਹਵਾ ਚਲਾ ਦਿੱਤੀ। ਭਾਜਪਾ ਅਤੇ ਉਸ ਦੇ ਸਹਿਯੋਗੀ ਸੰਗਠਨਾਂ ਅਤੇ ਗੋਦੀ ਮੀਡੀਆ ਦੁਆਰਾ ਮੋਦੀ ਨੂੰ ਇਕ ਮਜ਼ਬੂਤ ਅਤੇ ਸਖ਼ਤ ਫੈਸਲੇ ਲੈਣ ਵਾਲੇ ਨੇਤਾ ਵਜੋਂ ਉਭਾਰਿਆ ਗਿਆ।

ਉਪਰੋਕਤ ਘਟਨਾਕ੍ਰਮ ਤੋਂ ਬਾਅਦ, ਜੋ ਲੋਕ ਆਪਣੇ ਮਸਲਿਆਂ ਅਤੇ ਦੇਸ਼ ਭਰ ਦੀ ਸਮੱਸਿਆ ਲਈ, ਮੋਦੀ ਸਰਕਾਰ ਨੂੰ ਕੋਸ ਰਹੇ ਸਨ, ਉਲਟ ਉਸ ਦੇ ਗੁਣ ਗਾਉਣ ਲੱਗ ਪਏ। ਲੋਕਾਂ ਦੀਆਂ ਨਿੱਜੀ ਸਮੱਸਿਆਵਾਂ ਅਤੇ ਦੇਸ਼ ਦੀ ਖੁਸ਼ਹਾਲੀ ਪ੍ਰਤੀ ਜੱਦੋਜਹਿਦ ਕਿਤੇ ਹਨੇਰੇ ਵਿਚ ਗੁਆਚ ਗਈ। ਹੁਣ ਇਹ ਨਾਹਰੇ ਆਮ ਗੂੰਜਣ ਲੱਗ ਪਏ ਸਨ ਕਿ 'ਮੋਦੀ ਹੈ ਤੋ ਮੁਮਕਿਨ ਹੈ।' ਮੋਦੀ ਕੀ ਸੈਨਾ ਤੇ ਪੁਲਵਾਮਾ ਦੇ ਸ਼ਹੀਦਾਂ ਦੇ ਨਾਮ 'ਤੇ ਵੋਟਾਂ ਮੰਗੀਆਂ ਜਾਣ ਲੱਗੀਆਂ। ਪਾਕਿਸਤਾਨ ਨੂੰ ਦੇਸ਼ ਦਾ ਸਭ ਤੋਂ ਵੱਡਾ ਦੁਸ਼ਮਣ ਗਰਦਾਨਿਆ ਜਾਣ ਲੱਗਾ।

**ਬਾਕੀ ਸਫ਼ਾ 32 'ਤੇ**

# ਪੰਜਾਬ ਦੇ ਗੱਭਰੂ ਬੁਰੀ ਤਰ੍ਹਾਂ ਡਰੱਗ ਦੀ ਲਪੇਟ 'ਚ ਆਏ



## ਨਾਭਾ ਸ਼ਹਿਰ ਤੋਂ ਚਾਰ ਕਿਲੋਮੀਟਰ ਦੀ ਵਿੱਥ 'ਤੇ ਰੋਹਟੀ ਛੰਨਾ ਨਾਮ ਦੇ ਪਿੰਡ ਵਿਚ 35 ਕੁ ਘਰ ਡਰੱਗ ਵੇਚਣ 'ਚ ਸਰਗਰਮ

- **ਇੱਕ ਦਰਜਨ ਦੇ ਕਰੀਬ ਬੰਦੇ ਅਤੇ ਔਰਤਾਂ ਹੁਣ ਵੀ ਜੇਲ੍ਹ ਵਿੱਚ**
- **ਦਸ ਲੱਖ ਦੇ ਕਰੀਬ ਨਸ਼ੇੜੀ ਨੇ ਪੰਜਾਬ 'ਚ**
- **ਪਿਛਲੇ ਸਾਢੇ ਕੁ ਪੰਜ ਸਾਲਾਂ ਦੇ ਸਰਕਾਰੀ ਅੰਕੜਿਆਂ ਅਨੁਸਾਰ 609 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹੇ**
- **ਕੈਪਟਨ ਸਰਕਾਰ ਦੀ ਢਿੱਲ ਕਾਰਨ ਨਸ਼ਿਆਂ ਦੇ ਭਾਅ ਵਧੇ**

**ਨਾਭਾ/ਏਟੀ ਨਿਊਜ਼ :**
ਨਾਭਾ ਸ਼ਹਿਰ ਤੋਂ ਚਾਰ ਕਿਲੋਮੀਟਰ ਦੀ ਵਿੱਥ 'ਤੇ ਰੋਹਟੀ ਛੰਨਾ ਨਾਮ ਦੇ ਪਿੰਡ ਵਿਚ 35 ਕੁ ਘਰ ਡਰੱਗ ਵੇਚਣ ਲਈ ਮਸ਼ਹੂਰ ਹਨ। ਇਹ ਛੋਟੀ ਜਿਹੀ ਆਬਾਦੀ ਦੇ ਲਗਪਗ ਇੱਕ ਦਰਜਨ ਦੇ ਕਰੀਬ ਬੰਦੇ ਤੇ ਔਰਤਾਂ ਹੁਣ ਵੀ ਜੇਲ੍ਹ ਵਿੱਚ ਹਨ। ਇਸ ਨੂੰ ਵਿਧਵਾਵਾਂ ਦਾ ਡੇਰਾ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਪਿੰਡ ਦੇ ਬਹੁਤ ਸਾਰੇ ਮਰਦ ਖੁਦ ਨਸ਼ੇ ਦੀ ਭੇਟ ਚੜ੍ਹ ਕੇ ਨੌਜਵਾਨ ਉਮਰ ਵਿਚ ਹੀ ਸੰਸਾਰਕ ਯਾਤਰਾ ਪੂਰੀ ਕਰ ਗਏ। ਪਿੰਡ ਦੀ ਧੜੱਲੇਦਾਰ ਸਰਪੰਚ ਵਜੋਂ ਜਾਣੀ ਜਾਂਦੀ ਗੁਰਪ੍ਰੀਤ ਕੌਰ ਨੇ ਮੁੰਡਿਆਂ ਦਾ ਕਲੱਬ ਬਣਾ ਕੇ ਸੀਸੀਟੀਵੀ ਕੈਮਰਿਆਂ ਰਾਹੀਂ ਪੁਲੀਸ ਦਾ ਅੱਧਾ ਕੰਮ ਵੀ ਸੰਭਾਲ ਰੱਖਿਆ ਹੈ। ਦਸ ਪਿੰਡਾਂ ਦੀਆਂ ਪੰਚਾਇਤਾਂ ਨੂੰ ਨਾਲ ਲੈ ਕੇ ਉਸ ਨੇ ਡੀਐੱਸਪੀ ਨਾਲ ਵੀ ਗੱਲ ਕੀਤੀ ਹੈ ਕਿ ਨਸ਼ੇ ਰੋਕੇ ਜਾਣ ਤੇ ਡਰੱਗ ਸਮੱਗਲਰਾਂ ਨੂੰ ਫੜਿਆ ਜਾਵੇ। ਸਰਪੰਚ ਦਾ ਇਹ ਮੰਨਣਾ ਹੈ ਕਿ ਜੇ ਪੰਜਾਬ ਵਿਚ ਰੁਜ਼ਗਾਰ ਉਪਲਬੱਧ ਹੋਵੇ ਤਾਂ ਨਸ਼ੇ ਵੀ ਰੁਕ ਜਾਣ।

**ਨਸ਼ਿਆਂ ਕਾਰਨ ਬੁਝ ਰਹੇ ਨੇ ਘਰਾਂ ਦੇ ਚਿਰਾਗ-**
ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਵਸੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਨਸ਼ਿਆਂ ਦੇ ਦੈਂਤ ਨੇ ਹੁਣ ਤਕ ਸੈਂਕੜੇ ਜਾਨਾਂ ਨਿਗਲ ਲਈਆਂ ਹਨ। ਸੈਂਕੜੇ ਨੌਜਵਾਨ ਅਜਿਹੇ ਹਨ ਜੋ ਅਜੇ ਵੀ ਜ਼ਿੰਦਗੀ ਦੀ ਜੰਗ ਲੜ ਰਹੇ ਹਨ। ਇਨ੍ਹਾਂ ਨੌਜਵਾਨਾਂ ਨੂੰ ਬਚਾਉਣ ਲਈ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਨਾਕਾਫ਼ੀ ਸਿੱਧ ਹੋ ਰਹੇ ਹਨ। ਫ਼ਿਰੋਜ਼ਪੁਰ ਦੇ ਐਸਐਸਪੀ ਸੰਦੀਪ ਗੋਇਲ ਨੇ ਪਿਛਲੇ ਦਿਨੀਂ ਨਸ਼ਿਆਂ ਸਬੰਧੀ ਰੱਖੇ ਗਏ ਇਕ ਸੈਮੀਨਾਰ ਵਿਚ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਪੁਲੀਸ ਮਹਿਕਮੇ ਵਿਚ ਸ਼ਾਮਲ ਕੁਝ ਕਾਲੀਆਂ ਭੇਡਾਂ ਨਸ਼ੇ ਦੀ ਰੋਕਥਾਮ ਵਿਚ ਰੋੜਾ ਬਣ ਰਹੀਆਂ ਹਨ। ਪਿਛਲੇ ਹਫ਼ਤੇ ਸਿਵਲ ਹਸਪਤਾਲ ਵਿਚ ਸਥਿਤ ਨਸ਼ਾ ਛੁਡਾਊ ਕੇਂਦਰ ਦੇ ਲਾਗਿਉਂ ਕੁਝ ਨੌਜਵਾਨਾਂ ਨੂੰ ਨਸ਼ੇ ਦੇ ਟੀਕੇ ਲਾਉਂਦਿਆਂ ਪੁਲੀਸ ਨੇ ਕਾਬੂ ਕੀਤਾ। ਪੁੱਛੇ ਜਾਣ 'ਤੇ ਕੇਂਦਰ ਦੇ ਸਟਾਫ਼ ਨੇ ਦੱਸਿਆ ਕਿ ਨਸ਼ੇੜੀਆਂ ਨੂੰ ਰੋਕਣ ਦੀ ਕੋਸ਼ਿਸ਼ ਕਰੋ ਤਾਂ ਅੱਗੋਂ ਧਮਕੀਆਂ ਦਿੰਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕਈ ਵਾਰ ਕਿਸੇ ਨਸ਼ੇੜੀ ਨੂੰ ਫੜ ਲਈਏ ਤਾਂ ਉਸਨੂੰ ਛੱਡਣ ਲਈ ਸਿਆਸੀ ਲੀਡਰਾਂ ਦੇ ਫ਼ੋਨ ਆਉਣ ਲੱਗ ਪੈਂਦੇ ਹਨ। ਥਾਣੇ ਵਿਚ ਨਸ਼ੇੜੀ ਦੀ ਮੌਤ ਹੋਣ ਦਾ ਖ਼ਦਸ਼ਾ ਪੁਲੀਸ ਕਰਮਚਾਰੀਆਂ ਨੂੰ ਹਰ ਵੇਲੇ ਡਰਾਉਂਦਾ ਹੈ, ਜਿਸ ਕਰਕੇ ਪੁਲੀਸ ਮੁਲਾਜ਼ਮ ਨਸ਼ੇੜੀਆਂ ਖਿਲਾਫ਼ ਕਾਰਵਾਈ ਕਰਨ ਤੋਂ ਪਾਸਾ ਵੱਟਦੇ ਰਹਿੰਦੇ ਹਨ।

**ਨਸ਼ਿਆਂ ਨੂੰ ਰੋਕਣ 'ਚ ਕੈਪਟਨ ਸਰਕਾਰ ਠੁੱਸ-**
ਸਵਾ ਦੋ ਸਾਲ ਪਹਿਲਾਂ ਸੂਬੇ ਵਿਚ ਬਣੀ ਕੈਪਟਨ ਸਰਕਾਰ ਵੱਲੋਂ ਨਸ਼ੇ ਦੀ ਮੁੱਖ ਸਪਲਾਈ ਤੋੜਨ ਦੇ ਦਾਅਵੇ ਜ਼ਮੀਨ



ਪੱਧਰ 'ਤੇ ਹਵਾ ਹੁੰਦੇ ਦਿਖਾਈ ਦੇ ਰਹੇ ਹਨ। ਜੋ ਚਿੱਟਾ ਪਹਿਲਾਂ ਇੱਕ ਗ੍ਰਾਮ 1500 ਰੁਪਏ ਦਾ ਮਿਲਦਾ ਸੀ, ਅੱਜ ਉਸਦਾ ਭਾਅ 3000 ਹੋ ਗਿਆ ਹੈ। ਪੁਲੀਸ ਛੋਟੇ ਨਸ਼ਾ ਤਸਕਰ ਤੇ ਕੋਰੀਅਰ (ਨਸ਼ਾ ਤਸਕਰਾਂ ਵੱਲੋਂ ਸਪਲਾਈ ਲਈ ਰੱਖੇ ਨੌਜਵਾਨ) ਨੂੰ ਫੜ ਕੇ ਹੀ ਸ਼ਾਬਾਸ਼ੀ ਲੁੱਟ ਰਹੀ ਹੈ। ਵੱਡੇ ਤਸਕਰ ਤਾਂ ਅੱਜ ਤੱਕ ਲੋਕਾਂ ਸਾਹਮਣੇ ਆਏ ਹੀ ਨਹੀਂ। ਨਸ਼ੇ ਦੀ ਸਪਲਾਈ ਦਾ ਮੁੱਖ ਅੱਡਾ ਅੱਜ-ਕੱਲ੍ਹ ਬੇਟ ਏਰੀਆ ਬਣਿਆ ਹੋਇਆ ਹੈ, ਜਿਥੇ ਪਿੰਡਾਂ ਦੇ ਪਿੰਡ ਨਸ਼ਾ ਸਪਲਾਈ ਦੇ ਧੰਦੇ ਵਿਚ ਲੱਗੇ ਹੋਏ ਹਨ। ਹਰ ਹਲਕੇ ਦੇ ਬੇਟ ਏਰੀਏ ਦੇ ਪਿੰਡਾਂ ਵਿਚ ਨਸ਼ਾ ਵਿੱਕ ਰਿਹਾ ਹੈ, ਪੁਲੀਸ ਚੌਕੀ ਤੇ ਥਾਣਿਆਂ ਨੂੰ ਪਤਾ ਵੀ ਹੈ। ਇਹਨਾਂ ਨੂੰ ਵੱਡੇ ਸਿਆਸਤਦਾਨਾਂ ਦਾ ਥਾਪੜਾ ਵੀ ਹਾਸਲ ਹੈ। ਕਾਰਵਾਈ ਦੇ ਨਾਂ 'ਤੇ ਦੋ-ਚਾਰ ਗ੍ਰਾਮ ਵਾਲੇ ਨੂੰ ਫੜ ਕੇ ਅੰਦਰ ਕਰ ਦਿੱਤਾ ਜਾਂਦਾ ਹੈ ਪਰ ਅਸਲ ਨਸ਼ੇ ਦੇ ਵਪਾਰੀ ਦਿਨ ਰਾਤ ਆਪਣੇ ਕਾਰੋਬਾਰ ਕਰ ਰਹੇ ਹਨ। ਹਲਕਾ ਦਾਖਾ ਲੁਧਿਆਣਾ ਦੇ ਬੇਟ ਏਰੀਏ ਦੇ ਪਿੰਡ ਜਾਂਗਪੁਰ, ਖੁਰਸ਼ੈਦਪੁਰ, ਸਲੇਮਪੁਰ, ਭੂੰਦੜੀ, ਪਰਜੀਆਂ ਬਿਹਾਰੀ ਪੁਰ, ਤਲਵਾੜਾ ਮੁੱਖ ਤੌਰ 'ਤੇ ਡਰੱਗ ਦੇ ਕੇਂਦਰ ਬਣੇ ਹੋਏ ਹਨ। ਹਲਕਾ ਜਗਰਾਉਂ ਦੇ ਬੇਟ ਏਰੀਏ ਦੇ ਪਿੰਡ ਸਦਰਪੁਰਾ, ਲੀਲਾ ਮੇਘ ਸਿੰਘ, ਸੋਢੀ ਵਾਲ, ਤਿਹਾੜਾ, ਆਬੂਪੁਰਾ ਦਾ ਵੀ ਇਹੀ ਹਾਲ ਹੈ।

ਇਸ ਤੋਂ ਇਲਾਵਾ ਹਲਕਾ ਸਾਹਨੇਵਾਲ ਦੇ ਪਿੰਡ ਚੌਂਤਾ, ਸਲੇਮਪੁਰ, ਗੜ੍ਹੀ ਸ਼ੇਰੂ ਦੇ ਨਾਲ-ਨਾਲ ਦਰਿਆ ਲਾਗੇ ਲਗਦੇ ਸਾਰੇ ਹੀ ਪਿੰਡਾਂ ਵਿਚ ਨਸ਼ਾ ਮਿਲਦਾ ਹੈ। ਲਾਡੋਵਾਲ ਦੇ ਪਿੰਡ ਤਲਵੰਡੀ ਤਾਂ ਚਿੱਟੇ ਲਈ ਕਾਫ਼ੀ ਮਸ਼ਹੂਰ ਹੈ। ਲੁਧਿਆਣਾ ਸ਼ਹਿਰ ਦੀ ਗੱਲ ਕਰੀਏ ਤਾਂ ਲੁਧਿਆਣਾ ਦੇ ਜਲੰਧਰ ਬਾਈਪਾਸ ਨੇੜੇ ਸਲੇਮ ਟਾਬਰੀ ਇਲਾਕੇ ਦੇ ਪੀਰੂ ਬੰਦਾ ਮੁਹੱਲਾ, ਭੱਟੀਆਂ ਇਲਾਕੇ ਦੀਆਂ 7 ਕਲੋਨੀਆਂ, ਦਿੱਲੀ ਰੋਡ 'ਤੇ ਟਰਾਂਸਪੋਰਟ ਨਗਰ, ਘੋੜਾ ਕਲੋਨੀ, ਚੀਮਾ ਚੌਕ ਆਦਿ ਇਲਾਕੇ ਸ਼ਾਮਲ ਹਨ।

**ਪਹਿਲਾਂ ਨਾਲੋਂ ਜ਼ਿਆਦਾ ਵਿਕ ਰਿਹਾ ਹੈ ਨਸ਼ਾ : ਬੈਂਸ**
ਨਸ਼ੇ ਦੇ ਮੁੱਦੇ 'ਤੇ ਕਈ ਸਟਿੰਗ ਆਪਰੇਸ਼ਨ ਕਰ ਚੁੱਕੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦਾ ਕਹਿਣਾ ਹੈ ਕਿ ਨਸ਼ਾ ਸੂਬੇ ਵਿਚ ਵਿਕਣਾ ਬੰਦ



ਨਹੀਂ ਹੋਇਆ, ਸਗੋਂ ਹੋਰ ਖੁੱਲ੍ਹ ਕੇ ਵਿੱਕ ਰਿਹਾ ਹੈ। ਵਿਧਾਇਕ ਬੈਂਸ ਦਾ ਦੋਸ਼ ਹੈ ਕਿ ਕੈਪਟਨ ਸਰਕਾਰ ਖੁਦ ਨਸ਼ਾ ਵੇਚਣਾ ਬੰਦ ਨਹੀਂ ਕਰਵਾਉਣਾ ਚਾਹੁੰਦੀ, ਜੇਕਰ ਉਹ ਚਾਹੁੰਦੇ ਤਾਂ ਇੱਕ ਵਾਰ ਪੁਲੀਸ ਨੂੰ ਹੁਕਮ ਕਰਨ ਕਿ ਜਿਹੜੇ ਐੱਸਐੱਚਓ ਦੇ ਇਲਾਕੇ ਵਿਚ ਨਸ਼ਾ ਵਿੱਕਿਆ, ਉਸਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਜਾਵੇਗਾ।

**ਮੌਤਾਂ ਦੀ ਗਿਣਤੀ ਵਧੀ-**
ਸਾਲ ਕੁ ਪਹਿਲਾਂ ਇਤਿਹਾਸਕ ਕਸਬਾ ਗੋਇੰਦਵਾਲ ਸਾਹਿਬ ਦਾ ਘਾਟੀ ਬਾਜ਼ਾਰ ਨਸ਼ਿਆਂ ਦੀ ਸ਼ਰੇਆਮ ਵਿਕਰੀ ਕੀਤੇ ਜਾਣ ਲਈ ਚਰਚਾ ਵਿਚ ਆਇਆ। ਸਰਕਾਰੀ ਰਿਕਾਰਡ ਅਨੁਸਾਰ ਇਥੋਂ ਦੇ ਕੁਝ ਲੋਕਾਂ ਖਿਲਾਫ਼ ਨਸ਼ਿਆਂ ਦੀ ਵਿਕਰੀ ਕੀਤੇ ਜਾਣ 'ਤੇ ਮਾਮਲੇ ਦਰਜ ਕੀਤੇ ਗਏ। ਇਥੋਂ ਨਸ਼ਿਆਂ ਦੇ ਟੀਕੇ ਖਰੀਦ ਕੇ ਲਗਾਉਣ ਨਾਲ ਦੋ ਨੌਜਵਾਨਾਂ ਦੀ ਮੌਤ ਹੋ ਗਈ ਸੀ। ਪਿੰਡ ਢੋਟੀਆਂ ਦੇ ਖੇਡ ਸਟੇਡੀਅਮ ਦਾ ਉਜਾੜ ਪਿਆ ਬਾਥਰੂਮ ਅੱਜ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਹ ਥਾਂ ਹੈਰੋਇਨ ਦਾ ਸੇਵਨ ਕਰਨ ਅਤੇ ਨਸ਼ਿਆਂ ਦੇ ਟੀਕੇ ਲਗਾਉਣ ਲਈ ਬਹੁਤ ਸੁਰੱਖਿਅਤ ਠਿਕਾਣਾ ਹੈ। ਇਸ ਜ਼ਿਲ੍ਹੇ ਦੇ ਕਰੀਬ 550 ਪਿੰਡਾਂ ਵਿਚੋਂ 66 ਪਿੰਡ ਤਾਂ ਬੁਰੀ ਤਰ੍ਹਾਂ ਨਾਲ ਨਸ਼ਿਆਂ ਦੀ ਮਾਰ ਹੇਠ ਆ ਚੁੱਕੇ ਹਨ।

20,000 ਦੇ ਕਰੀਬ ਮਰੀਜ਼ ਨਸ਼ਿਆਂ ਦਾ ਇਲਾਜ ਕਰਵਾ ਰਹੇ ਹਨ। ਇਹ ਜ਼ਿਲ੍ਹਾ ਉਹ ਹੀ ਹੈ ਜਿਥੋਂ ਕੈਪਟਨ ਸਰਕਾਰ ਬਣਦਿਆਂ ਹੀ ਵਿਧਾਇਕਾਂ ਵਲੋਂ ਪਿੰਡਾਂ ਦੇ ਗੁਰਦੁਆਰਿਆਂ ਦੇ ਸਪੀਕਰਾਂ ਤੋਂ ਨਸ਼ਿਆਂ ਦੇ ਵਪਾਰੀਆਂ ਨੂੰ ਪਿੰਡ ਛੱਡ ਕੇ ਚਲੇ ਜਾਣ ਦੀ ਚਿਤਾਵਨੀ ਦੇਣ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਇਹ ਆਵਾਜ਼ ਅੱਜ ਗੁੰਮ ਹੋ ਚੁੱਕੀ ਹੈ।

**ਪੰਜਾਬ ਦੀ ਹਾਲਤ ਗੰਭੀਰ-**
ਪੰਜਾਬ ਵਿਚ ਨਸ਼ੇ ਵਿਚ ਗ੍ਰਸਿਤ ਨੌਜਵਾਨਾਂ ਦੀ ਗਿਣਤੀ ਸਬੰਧੀ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਨਵੀਂ ਦਿੱਲੀ ਵੱਲੋਂ ਕੀਤੇ ਖੁਲਾਸਿਆਂ ਤੋਂ ਬਾਅਦ ਰਾਜ ਸਰਕਾਰ ਨੇ ਸੂਬੇ ਵਿਚ ਨਸ਼ਿਆਂ ਦੀ ਸਮੱਸਿਆ ਨੂੰ ਗੰਭੀਰ ਮੰਨ ਲਿਆ ਹੈ। ਇਸ ਸਰਵੇਖਣ ਮੁਤਾਬਕ ਜਿਨ੍ਹਾਂ ਨੌਜਵਾਨਾਂ ਨੂੰ ਅਫ਼ੀਮ, ਭੁੱਕੀ, ਹੈਰੋਇਨ, ਸਮੈਕ ਅਤੇ ਹੋਰਾਂ ਨਸ਼ਿਆਂ ਦੀ ਲਤ ਲੱਗੀ ਹੋਈ ਹੈ, ਉਨ੍ਹਾਂ ਦੀ ਗਿਣਤੀ 10 ਲੱਖ ਦਾ ਅੰਕੜਾ ਪਾਰ ਕਰ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਸੱਤਾ ਵਿਚ ਆਉਣ ਤੋਂ ਪਹਿਲਾਂ ਨਸ਼ਿਆਂ ਦੀ ਸਮਗਲਿੰਗ ਖ਼ਤਮ ਕਰਨ ਲਈ ਪੰਜਾਬੀਆਂ ਨਾਲ ਵਾਅਦਾ ਕੀਤਾ ਸੀ ਕਿ ਪਰ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਇਹ ਸਮੱਸਿਆ ਹੋਰ ਗੰਭੀਰ ਰੂਪ ਧਾਰਨ ਕਰ ਗਈ।

ਪਿਛਲੇ ਸਾਢੇ ਕੁ ਪੰਜ ਸਾਲਾਂ ਦੇ ਸਰਕਾਰੀ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ 609 ਨੌਜਵਾਨ ਨਸ਼ਿਆਂ ਦੀ ਭੇਂਟ ਚੜ੍ਹ ਚੁੱਕੇ ਹਨ। ਸਾਲ 2014 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 2016 ਦੌਰਾਨ 138, 2017 ਦੌਰਾਨ 11 ਅਤੇ 2018 ਦੌਰਾਨ ਵਿਚ 114 ਅਤੇ 2019 ਵਿਚ ਹੁਣ ਤੱਕ 16 ਮੌਤਾਂ ਹੋ ਚੁੱਕੀਆਂ ਹਨ, ਇਹ ਅੰਕੜੇ ਪੁਲੀਸ ਦੇ ਹਨ। ਪੰਜਾਬ ਸਰਕਾਰ ਵੱਲੋਂ ਗਠਿਤ ਐਸਟੀਐਫ ਨਾਲ ਸਬੰਧਿਤ ਅਧਿਕਾਰੀਆਂ ਨੇ ਕਾਂਗਰਸ ਸਰਕਾਰ ਦੇ ਸਮੇਂ ਤਸਕਰਾਂ ਖਿਲਾਫ਼ ਕੀਤੀ ਕਾਰਵਾਈ ਦੇ ਤੱਥ ਪੇਸ਼ ਕਰਦਿਆਂ ਦੱਸਿਆ ਕਿ ਮਾਰਚ 2017 ਤੋਂ ਲੈ ਕੇ 4 ਜੁਲਾਈ 2019 ਤੱਕ ਨਸ਼ਿਆਂ ਦੀ ਤਸਕਰੀ ਨਾਲ ਸਬੰਧਤ 27,706 ਮਾਮਲੇ ਦਰਜ ਕੀਤੇ ਗਏ।

**ਐਸਟੀਐਫ ਸਬੰਧੀ ਵਾਦ-ਵਿਵਾਦ-**
ਪੰਜਾਬ ਦੇ ਮੁੱਖ ਮੰਤਰੀ ਨਸ਼ਿਆਂ ਖਿਲਾਫ਼ ਵਿਸ਼ੇਸ਼ ਟਾਸਕ ਫੋਰਸ ਦੇ ਗਠਨ ਨੂੰ ਹੀ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਐਲਾਨਦੇ ਸਨ ਪਰ ਐਸਟੀਐਫ ਦੇ ਸਭ ਤੋਂ ਪਹਿਲੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਨੂੰ ਹੀ ਸਰਕਾਰ ਨੇ ਮੱਖਣ ਵਿਚੋਂ ਵਾਲ ਵਾਂਗੂ ਕੱਢ ਕੇ ਬਾਹਰ ਮਾਰਿਆ। ਸਰਕਾਰ ਵੱਲੋਂ 1985 ਬੈਚ ਦੇ ਆਈਪੀਐਸ ਅਧਿਕਾਰੀ ਮੁਹੰਮਦ ਮੁਸਤਫ਼ਾ ਨੂੰ ਐਸਟੀਐਫ ਦਾ ਮੁਖੀ ਬਣਾਇਆ ਗਿਆ ਹੈ। ਇਸ ਸਮੇਂ ਐਸਟੀਐਫ ਦੀ ਕਮਾਂਡ ਏਡੀਜੀਪੀ ਰੈਂਕ ਦੀ ਮਹਿਲਾ ਅਧਿਕਾਰੀ ਗੁਰਪ੍ਰੀਤ ਕੌਰ ਦਿਓ ਦੇ ਹੱਥ ਹੈ।

### ਪੁਲੀਸ ਅਧਿਕਾਰੀਆਂ ਨੂੰ ਜਵਾਬਦੇਹ ਬਣਾਵਾਂਗੇ : ਦਿਨਕਰ ਗੁਪਤਾ



ਪੰਜਾਬ ਪੁਲੀਸ ਦੇ ਮੁਖੀ ਦਿਨਕਰ ਗੁਪਤਾ ਦਾ ਕਹਿਣਾ ਹੈ ਕਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਮਾਮਲੇ ਵਿਚ ਪੁਲੀਸ ਦੀ ਕਾਰਗੁਜ਼ਾਰੀ ਚੰਗੀ ਰਹੀ ਹੈ। ਗੁਪਤਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਤੋਂ ਬਾਅਦ ਤਸਕਰੀ ਵਿਚ ਦੋਸ਼ੀ ਪਾਏ ਗਏ ਪੁਲੀਸ ਅਧਿਕਾਰੀਆਂ ਖਿਲਾਫ਼ ਕਾਰਵਾਈ ਸ਼ੁਰੂ ਕੀਤੀ ਗਈ ਹੈ।



## ਸਿੱਖ ਧਰਮ ਇੰਟਰਨੈਸ਼ਨਲ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਅੰਗਰੇਜ਼ੀ ਰਿਕਾਰਡਿੰਗ ਰਿਲੀਜ਼

**ਨਵੀਂ ਦਿੱਲੀ/ਏਟੀ ਨਿਊਜ਼ :** ਗੁਰੂ ਨਾਨਕ ਨਾਮ ਲੇਵਾ ਸੰਗਤ ਹੁਣ ਗੁਰੂ ਗ੍ਰੰਥ ਸਾਹਿਬ ਦੀ ਅੰਗਰੇਜ਼ੀ ਦੀ 92 ਘੰਟੇ ਦੀ ਰਿਕਾਰਡਿੰਗ ਆਨਲਾਈਨ ਸੁਣ ਸਕਦੇ ਹਨ। ਇਸ ਨੂੰ ਅਮਰੀਕਾ ਦੀ ਚੈਰੀਟੇਬਲ ਸਿੱਖ ਜਥੇਬੰਦੀ ਸਿੱਖ ਧਰਮ ਇੰਟਰਨੈਸ਼ਨਲ ਨੇ ਰਿਲੀਜ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਦਾ ਕਾਰਜ ਸੰਤ ਸਿੰਘ ਖ਼ਾਲਸਾ ਨੇ ਕੀਤਾ ਹੈ ਜੋ ਕਿ ਪੰਜਾਬੀ ਨਾ ਬੋਲ ਸਕਣ ਵਾਲੇ ਲੋਕਾਂ ਲਈ ਕਾਫ਼ੀ ਲਾਹੇਵੰਦ ਹੈ। ਲੋਕ ਇਸ ਨੂੰ ਆਪਣੇ ਕੰਪਿਊਟਰ ਜਾਂ ਮੋਬਾਈਲ 'ਤੇ ਸਿੱਖ ਨੈੱਟ ਗੁਰਬਾਣੀ ਮੀਡੀਆ ਸੈਂਟਰ ਐਪ ਡਾਊਨਲੋਡ ਕਰਕੇ ਸੁਣ ਸਕਦੇ ਹਨ।

## ਪਾਕਿ 'ਚ ਸਥਾਪਿਤ ਹੋਏਗਾ 200 ਫੁੱਟ ਉੱਚਾ ਨਿਸ਼ਾਨ ਸਾਹਿਬ

**ਇਸਲਾਮਾਬਾਦ/ਏਟੀ ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਜਿਥੇ ਪਾਕਿਸਤਾਨ ਸਰਕਾਰ ਖੁੱਲ੍ਹੇ ਲਾਂਘੇ ਦਾ ਤੋਹਫ਼ਾ ਦੇਣ ਜਾ ਰਹੀ ਹੈ, ਉੱਥੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਗਲਿਆਰੇ ਨੂੰ ਖ਼ੂਬਸੂਰਤ ਬਣਾਉਣ ਲਈ ਅਹਿਮ ਕਦਮ ਚੁੱਕੇ ਜਾ ਰਹੇ ਹਨ। ਇਸ ਗੱਲ ਦਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ ਕਿ ਪੁਰਾਤਨ ਦਿੱਖ ਨੂੰ ਕੋਈ ਨੁਕਸਾਨ ਨਾ ਪੁੱਜੇ। ਗੁਰਦੁਆਰਾ ਸਾਹਿਬ ਦੇ ਆਸਪਾਸ ਫਰਸ਼ ਲਈ ਤੁਰਕੀ ਤੋਂ ਕੀਮਤੀ ਚਿੱਟਾ ਮਾਰਬਲ ਮੰਗਵਾਇਆ ਜਾ ਰਿਹਾ ਹੈ। ਹੁਣ ਤਕ ਲਾਂਘੇ ਦਾ ਤਕਰੀਬਨ 80 ਫ਼ੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ। ਪਾਕਿਸਤਾਨ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਗੁਰਦੁਆਰਾ ਸਾਹਿਬ ਵਿਚ ਉੱਚਾ ਨਿਸ਼ਾਨ ਸਾਹਿਬ ਲਾਇਆ ਜਾਵੇ ਜੋ ਭਾਰਤ ਵਾਲੇ ਪਾਸੇ ਵੀ ਦਿਖਾਈ ਦੇਵੇ। ਉੱਥੇ 200 ਫੁੱਟ ਉੱਚਾ ਨਿਸ਼ਾਨ ਸਾਹਿਬ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਨਿਰਮਾਣ ਕਾਰਜ ਤੇਜ਼ੀ ਨਾਲ ਜਾਰੀ ਹਨ। ਰਾਵੀ ਦਰਿਆ 'ਤੇ ਪੁਲ, ਗੁਰਦੁਆਰਾ ਸਾਹਿਬ ਦੇ ਗਲਿਆਰੇ ਦੀਆਂ ਸੜਕਾਂ ਤੇ ਹੋਰ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਗੁਰਦੁਆਰਾ ਸਾਹਿਬ ਦੇ ਨਾਲ ਇਕ ਵੱਡਾ ਬਾਗ਼ ਲਗਾਇਆ ਜਾ ਰਿਹਾ ਹੈ ਜਿਸ ਵਿਚ ਵੱਖ-ਵੱਖ ਤਰ੍ਹਾਂ ਦੇ ਫਲਾਂ ਵਾਲੇ ਬੂਟੇ ਲਗਾਏ ਜਾ ਰਹੇ ਹਨ।

## ਪੰਜਾਬੀ ਗੱਭਰੂ ਮਾਰਸ਼ਲ ਵਾਲੀਆ ਨੂੰ ਕਮਿਊਨਿਟੀ ਹੀਰੋ ਐਵਾਰਡ

**ਆਕਲੈਂਡ/ਏਟੀ ਨਿਊਜ਼ :** ਨਿਊਜ਼ੀਲੈਂਡ ਦੀ ਪ੍ਰਸਿੱਧ ਤੇਲ ਡਿਸਟ੍ਰੀਬਿਊਸ਼ਨ ਕੰਪਨੀ 'ਜ਼ੈਡ' ਵੱਲੋਂ ਸਾਲਾਨਾ ਐਵਾਰਡ ਸਮਾਰੋਹ ਕਰਾਊਨ ਪਲਾਜ਼ਾ ਆਕਲੈਂਡ ਸਿਟੀ ਵਿਖੇ ਕਰਵਾਇਆ ਗਿਆ। ਪੰਜਾਬੀ ਭਾਈਚਾਰੇ ਨੂੰ ਇਸ ਗੱਲ ਦਾ ਮਾਣ ਹੋਏਗਾ ਕਿ 2500 ਤੋਂ ਵੱਧ ਦਾ ਸਟਾਫ ਰੱਖਣ ਵਾਲੀ ਇਸ ਨੈਸ਼ਨਲ ਕੰਪਨੀ ਨੇ ਇਸ ਵਾਰ ਇਕ ਪੰਜਾਬੀ ਨੌਜਵਾਨ ਮਾਰਸ਼ਲ ਵਾਲੀਆ (27 ਸਾਲ) ਨੂੰ 'ਕਮਿਊਨਿਟੀ ਐਂਡ ਸਸਟੇਨਬਿਲਟੀ ਹੀਰੋ' ਐਵਾਰਡ ਲਈ ਚੁਣਿਆ।



ਇਹ ਐਵਾਰਡ ਉਸ ਸਮਾਜਿਕ ਕਾਰਜ ਕਰਤਾ ਨੂੰ ਦਿੱਤਾ ਜਾਂਦਾ ਹੈ ਜਿਸ ਦੇ ਸਮਾਜਿਕ ਕਾਰਜ ਕਦੇ ਰੁਕਦੇ ਨਹੀਂ, ਚੱਲਦੇ ਹੀ ਜਾਂਦੇ ਹਨ ਅਤੇ ਨਵੀਆਂ-ਨਵੀਆਂ ਚੁਣੌਤੀਆਂ ਨੂੰ ਸਵੀਕਾਰਦੇ ਹੋਏ ਕਦਮ ਅੱਗੇ ਵਧਦੇ ਜਾਂਦੇ ਹਨ। ਇਸ ਮੌਕੇ ਭਾਵੁਕ ਹੁੰਦਿਆਂ ਮਾਰਸ਼ਲ ਵਾਲੀਆ, ਜਿਸ ਦਾ ਜੱਦੀ ਪਿੰਡ ਬਨੂੜ ਜ਼ਿਲ੍ਹਾ ਪਟਿਆਲਾ ਹੈ, ਨੇ ਇਕੱਤਰ ਹੋਏ ਕੰਪਨੀ ਸਟਾਫ ਨੂੰ ਵੀ ਸੰਬੋਧਨ ਕੀਤਾ ਅਤੇ ਇਸ ਕਾਰਜ ਤੋਂ ਮਿਲਦੀ ਸੰਤੁਸ਼ਟੀ ਬਾਰੇ ਦੱਸਿਆ। ਸਮਾਜਿਕ ਕਾਰਜ ਹੀਰੋ ਵੀ ਬਣਾਉਂਦੇ ਹਨ, ਇਹ ਮਾਰਸ਼ਲ ਵਾਲੀਆ ਨੇ ਸਿੱਧ ਕਰਕੇ ਇਕ ਸੁਨੇਹਾ ਦੇਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ, ਤਾਂ ਕਿ ਹੋਰ ਲੋਕ ਵੀ ਸਮਾਜਿਕ ਕਾਰਜਾਂ ਦਾ ਹਿੱਸਾ ਬਣਨ। ਵਰਣਨਯੋਗ ਹੈ ਕਿ ਮਾਰਸ਼ਲ ਵਾਲੀਆ ਇਕੋ-ਇਕ ਪੰਜਾਬੀ ਨੌਜਵਾਨ ਹੈ ਜੋ ਵੱਖ-ਵੱਖ ਸੰਸਥਾਵਾਂ ਅਤੇ ਆਕਲੈਂਡ ਕੌਂਸਲ ਦੇ ਸਹਿਯੋਗ ਨਾਲ ਸ਼ੁੱਧ ਵਾਤਾਵਰਨ ਲਈ ਪੌਦੇ ਲਗਾਉਣ 'ਚ ਵੱਧ-ਚੜ੍ਹ ਕੇ ਸਹਿਯੋਗ ਕਰਦਾ ਹੈ। ਮਾਰਸ਼ਲ ਵਾਲੀਆ 'ਆਇਗਾ ਅਨਰਜ਼ੀ' ਨਾਂਅ ਦੀ ਉਦਮੀ ਕੰਪਨੀ ਦੇ ਨਾਲ ਸਾਊਥ ਆਕਲੈਂਡ ਵਿਚ ਆਪ੍ਰੇਸ਼ਨ ਮੈਨੇਜਰ ਵਜੋਂ ਕੰਮ ਕਰਦਾ ਹੈ ਅਤੇ 7 ਪੈਟਰੋਲ ਸਟੇਸ਼ਨ ਇਸ ਕੰਪਨੀ ਕੋਲ ਹਨ।

## ਪਾਰਲੀਮੈਂਟ ਪਹੁੰਚਿਆ ਤਾਂ ਕੈਨੇਡਾ 'ਚ ਸਿੱਖ ਨਸਲਕੁਸ਼ੀ ਵਿਰੋਧੀ ਮਤਾ ਪਾਸ ਕਰਾਵਾਂਗਾ : ਰੌਬਿਨਸਨ

**ਸਰੀ/ਗੁਰਵਿੰਦਰ ਸਿੰਘ ਧਾਲੀਵਾਲ :** ਨਿਊ ਡੈਮੋਕ੍ਰੇਟਿਕ ਪਾਰਟੀ ਦੇ ਸਾਬਕਾ ਮੈਂਬਰ ਪਾਰਲੀਮੈਂਟ ਸਵੈਂਡ ਰੌਬਿਨਸਨ ਨੇ ਕਿਹਾ ਕਿ ਉਹ ਇਸ ਵਾਰ ਚੋਣਾਂ ਜਿੱਤ ਕੇ ਪਾਰਲੀਮੈਂਟ 'ਚ ਪਹੁੰਚਦੇ ਹਨ ਤਾਂ ਸਿੱਖ ਨਸਲਕੁਸ਼ੀ ਵਿਰੋਧੀ ਮਤਾ ਹਾਊਸ ਆਫ਼ ਕਾਮਨਜ਼ 'ਚ ਪੇਸ਼ ਕਰ ਕੇ ਪਾਸ ਕਰਵਾਉਣ ਲਈ ਪੂਰੀ ਜੱਦੋਜਹਿਦ ਕਰਨਗੇ। ਇਹ ਵਿਚਾਰ ਉਨ੍ਹਾਂ ਸਰੀ ਨਿਊਟਨ ਲਾਇਬ੍ਰੇਰੀ 'ਚ ਸੰਨ 1984 ਦੀ ਸਿੱਖ ਨਸਲਕੁਸ਼ੀ ਵਿਰੋਧੀ ਮਤਾ ਪਾਸ ਕਰਵਾਉਣ ਲਈ ਹੋਏ ਇਕੱਠ ਮੌਕੇ ਪ੍ਰਗਟਾਏ। ਜ਼ਿਕਰਯੋਗ ਹੈ ਕਿ ਸਰੀ 'ਚ ਬਹੁਤ ਸਾਰੇ ਪੰਜਾਬੀ ਸੂਬਾਈ ਅਤੇ ਕੇਂਦਰੀ ਸਰਕਾਰਾਂ 'ਚ ਹਿੱਸੇਦਾਰ ਹਨ ਪਰ ਕਿਸੇ ਨੇ ਅਜੇ ਤਕ ਸਿੱਖ ਨਸਲਕੁਸ਼ੀ ਦੇ ਪੀੜਤਾਂ ਦੇ ਹੱਕ 'ਚ ਕੋਈ ਯਤਨ ਨਹੀਂ ਕੀਤੇ। ਰੌਬਿਨਸਨ ਪਹਿਲਾਂ ਵੀ ਸੰਨ 1984 ਦੇ ਪੀੜਤਾਂ ਦੇ ਹੱਕ ਵਿਚ ਖੜ੍ਹੇ ਹਨ ਅਤੇ ਹੁਣ ਵੀ ਇਸ ਸਬੰਧੀ ਠੋਸ ਐਲਾਨ ਕੀਤਾ ਹੈ। ਸਿੱਖ ਨਸਲਕੁਸ਼ੀ ਵਿਰੋਧੀ ਮੁਹਿੰਮ ਦੇ ਮੁੱਖ ਬੁਲਾਰੇ ਜਰਨੈਲ ਸਿੰਘ ਨੇ ਕਿਹਾ ਕਿ ਇਸ ਮੁਹਿੰਮ ਸਬੰਧੀ ਮਤੇ ਤਿਆਰ ਕਰ ਕੇ ਕੈਨੇਡਾ ਪੱਧਰ ਉੱਤੇ ਸਾਰੇ ਸੂਬਾਈ ਅਤੇ ਕੇਂਦਰੀ ਸਿਆਸਤਦਾਨਾਂ ਨੂੰ ਸਚਾਈ ਤੋਂ ਜਾਣੂ ਕਰਵਾ ਕੇ ਨਸਲਕੁਸ਼ੀ ਵਿਰੋਧੀ ਮੁਹਿੰਮ ਅੱਗੇ ਵਧਾਉਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਸਬੰਧੀ ਦਿੱਲੀ ਅਤੇ ਓਂਟਾਰੀਓ ਵਿਧਾਨ ਸਭਾਵਾਂ 'ਚ ਮਤੇ ਪਹਿਲਾਂ ਹੀ ਪਾਸ ਕਰਵਾਏ ਜਾ ਚੁੱਕੇ ਹਨ। ਇਸ ਸਮੇਂ ਉਨ੍ਹਾਂ ਦਿੱਲੀ ਵਿਧਾਨ ਸਭਾ ਦਾ ਨਸਲਕੁਸ਼ੀ ਵਿਰੋਧੀ ਮਤਾ ਵੀ ਪੜ੍ਹ ਕੇ ਸੁਣਾਇਆ। ਜਰਨੈਲ ਸਿੰਘ ਵੱਲੋਂ ਸਿੱਖ ਨਸਲਕੁਸ਼ੀ ਸਬੰਧੀ ਲਿਖੀ ਆਪਣੀ ਕਿਤਾਬ ਸਵੈਂਡ ਰੌਬਿਨਸਨ ਅਤੇ ਮੂਲਵਾਸੀ ਭਾਈਚਾਰੇ ਦੀ ਪਟਰੀਸੀਆ ਕੇਲੀ ਨੂੰ ਭੇਟ ਕੀਤੀ ਗਈ।

## ਸਿੱਖ ਪਰਿਵਾਰ ਨੇ ਮੇਡ ਨੂੰ ਦਿੱਤਾ ਬੇਟੀ ਦਾ ਦਰਜਾ

**ਮੋਹਾਲੀ/ਏਟੀ ਨਿਊਜ਼ :** ਮੋਹਾਲੀ ਦੇ ਇਕ ਸਿੱਖ ਪਰਿਵਾਰ ਨੇ ਆਪਣੀ ਦਲਿਤ ਨੌਕਰਾਣੀ ਨੂੰ ਧੀ ਦਾ ਦਰਜਾ ਦਿੱਤਾ ਤੇ ਉਸ ਦਾ ਵਿਆਹ ਕਰਵਾਇਆ। ਇਸ ਵਿਆਹ 'ਚ ਸਭ ਤੋਂ ਖਾਸ ਗੱਲ ਇਹ ਰਹੀ ਕਿ ਕੁੜੀ ਦੇ ਮਾਮੇ ਦਾ ਫਰਜ਼ ਤੇ ਕੁੜੀ ਦਾ ਕੰਨਿਆਦਾਨ ਇਕ ਮੁਸਲਿਮ ਭਰਾ ਤੋਂ ਕਰਵਾਇਆ ਗਿਆ। ਦੱਸਣਯੋਗ ਹੈ ਕਿ ਫੇਜ਼-3ਬੀ1 ਦੀ ਕੋਠੀ ਨੰਬਰ-740 ਵਿਚ ਕੈਪਟਨ ਨਵਜੀਤ ਸਿੰਘ ਸੰਧੂ ਆਪਣੀ ਪਤਨੀ ਮਨਦੀਪ ਕੌਰ ਸੰਧੂ ਨਾਲ ਰਹਿੰਦੇ ਹਨ। 10 ਸਾਲਾਂ ਤੋਂ ਸ਼ਾਂਤੀ ਦੇਵੀ ਉਨ੍ਹਾਂ ਦੇ ਘਰ ਨੌਕਰਾਣੀ ਵਜੋਂ ਕੰਮ ਕਰਦੀ ਆ ਰਹੀ ਹੈ। ਪਰਿਵਾਰ ਨੇ ਸ਼ਾਂਤੀ ਦਾ ਆਪਣੀ ਧੀ ਵਾਂਗ ਪਾਲਣ ਪੋਸ਼ਣ ਕੀਤਾ। ਸ਼ਾਂਤੀ ਦਾ ਜੱਦੀ ਪਿੰਡ ਯੂਪੀ ਦੇ ਕਾਨਪੁਰ ਕੋਲ ਹੈ। 10 ਸਾਲ ਪਹਿਲਾਂ ਉਸ ਦੀ ਵੱਡੀ ਭੈਣ ਉਸ ਨੂੰ ਮੋਹਾਲੀ ਲੈ ਕੇ ਆਈ ਸੀ ਅਤੇ ਉਦੋਂ ਤੋਂ ਹੀ ਉਹ ਕੈਪਟਨ ਸੰਧੂ ਦੇ ਘਰ ਕੰਮ ਕਰ ਰਹੀ ਹੈ। ਸ਼ਾਂਤੀ ਦੀਆਂ ਛੇ ਭੈਣਾਂ ਹੋਰ ਵੀ ਹਨ। ਚਾਰ ਦੂਜੀਆਂ ਵੀ ਨੌਕਰਾਣੀ ਦਾ ਹੀ ਕੰਮ ਕਰਦੀਆਂ ਹਨ।

# ਆਇਲਟਸ ਦੀ ਮਜਬੂਰੀ, ਪਰਵਾਸ ਤੇ ਪੰਜਾਬੀ ਨੌਜਵਾਨ



**ਗੁਰਮੀਤ ਸਿੰਘ ਪਲਾਹੀ**

ਪੰਜਾਬੀਆਂ ਦੇ ਵਿਦੇਸ਼ ਜਾਣ ਦਾ ਰੁਝਾਨ ਪੰਜਾਬ ਦੇ ਦੁਆਬੇ ਖਿੱਤੇ ਤੱਕ ਸੀਮਿਤ ਨਹੀਂ ਰਿਹਾ, ਹੁਣ ਤਾਂ ਪੂਰਾ ਪੰਜਾਬ ਇਸ ਰੁਝਾਨ ਦੀ ਲਪੇਟ ਵਿੱਚ ਆ ਚੁੱਕਾ ਹੈ। ਸ਼ਹਿਰੀ ਕੀ, ਪੇਂਡੂ ਕੀ, ਉੱਚਿਆਂ ਘਰਾਂ ਵਾਲੇ ਕੀ, ਮੱਧਮ ਵਰਗਾਂ ਵਾਲੇ ਕੀ, ਹੁਣ ਤਾਂ ਸਧਾਰਨ ਕਾਮੇ ਦੇ ਪੁੱਤਰ- ਧੀਆਂ ਵੀ ਅੰਗਰੇਜ਼ੀ ਦਾ ਇਮਤਿਹਾਨ ਆਇਲਟਸ ਪਾਸ ਕਰਕੇ ਵਿਦੇਸ਼ਾਂ ਵੱਲ ਉਡਾਰੀ ਮਾਰਨ ਦਾ ਜੁਗਾੜ ਬਣਾ ਰਹੇ ਹਨ। ਇੱਕ ਸਾਲ ਵਿੱਚ ਸਵਾ ਤੋਂ ਡੇਢ ਲੱਖ ਤੱਕ ਨੌਜਵਾਨ ਆਇਲਟਸ ਪਾਸ ਕਰਕੇ ਵਿਦੇਸ਼ੀ ਕਾਲਜਾਂ, ਯੂਨੀਵਰਸਿਟੀਆਂ ਦੀਆਂ ਭਾਰੀ ਭਰਕਮ ਫੀਸਾਂ ਤਾਰ ਕੇ, ਵੀਜ਼ੇ ਲੈ ਕੇ, ਜ਼ਹਾਜ਼ਾਂ ਦੇ ਹੂਟੇ ਲੈ ਰਹੇ ਹਨ, ਉਥੇ ਵਿਦੇਸ਼ ਜਾਕੇ ਉਹਨਾਂ ਦਾ ਕੀ ਬਣੇਗਾ, ਇਹ "ਉਪਰਲੇ" ਤੇ ਡੋਰ ਛੱਡ ਕੇ ਤੇ ਇਹ ਕਹਿਕੇ




ਕਿ ਜੋ ਹੋਊ ਵੇਖੀ ਜਾਊ।

ਵਿਦੇਸ਼ ਜਾਣ ਦੇ ਇਸ ਰੁਝਾਨ ਦਾ ਕਾਰਨ ਭਾਵੇਂ ਬੇਰੁਜ਼ਗਾਰੀ ਹੋਵੇ ਜਾਂ ਪੰਜਾਬ ਵਿਚ ਪੱਸਰੇ ਨਸ਼ੇ ਤੇ ਮਾਪਿਆਂ ਦੀ ਆਪਣੀ ਔਲਾਦ ਨੂੰ ਇਹਨਾ ਤੋਂ ਬਚਾਉਣ ਦੀ ਤਰਕੀਬ। ਪਰ ਇਸ ਰੁਝਾਨ ਨੇ ਪੰਜਾਬ ਦੀ ਜੁਆਨੀ ਨੂੰ ਉਹਨਾ ਉਝੜੇ ਰਾਹਾਂ ਤੇ ਪਾ ਦਿੱਤਾ ਹੈ, ਜਿਥੇ ਉਹਨਾ ਨੂੰ ਇਹ ਨਹੀਂ ਪਤਾ ਕਿ ਉਹਨਾ ਦਾ ਭਵਿੱਖ ਕੀ ਹੋਏਗਾ? ਪਰ ਮਾਪੇ ਤੇ ਨੌਜਵਾਨ ਇਹ ਮੰਨ ਕੇ ਵਿਦੇਸ਼ ਤੁਰਦੇ ਜਾ ਰਹੇ ਹਨ ਕਿ ਪੰਜਾਬ ਦੀ ਭੈੜੀ ਹਾਲਤ ਨਾਲੋਂ ਤਾਂ ਉਹਨਾ ਦਾ ਹਾਲ ਵਿਦੇਸ਼ ਵਿਚ ਚੰਗਾ ਹੀ ਰਹੇਗਾ! ਇਸ ਰੁਝਾਨ ਦਾ ਫਾਇਦਾ ਚੁਕਦਿਆਂ ਪੰਜਾਬ ਵਿਚ ਟਰੈਵਲ ਏਜੰਟਾਂ ਦੀ ਚਾਂਦੀ ਬਣੀ ਹੋਈ ਹੈ। ਆਇਲਿਟਸ ਸੈਂਟਰ ਹਰ ਛੋਟੇ -ਵੱਡੇ ਕਸਬੇ ਅਤੇ ਵੱਡੇ ਸ਼ਹਿਰਾਂ ਵਿੱਚ ਨਿੱਤ ਖੁੱਲ੍ਹਦੇ ਜਾ ਰਹੇ ਹਨ, ਜਿਥੇ ਨੌਜਵਾਨ ਮੁੰਡੇ , ਕੁੜੀਆਂ ਬਾਹਰਵੀਂ ਦੀ ਪੜ੍ਹਾਈ ਤੋਂ ਬਾਅਦ ਪੰਜ ਸਾਢੇ ਪੰਜ, ਛੇ, ਸਾਢੇ ਛੇ, ਸੱਤ, ਬੈਂਡ ਲੈਣ ਲਈ ਤਰਲੋ ਮੱਛੀ ਹੋਏ ਤੁਰੇ ਫਿਰਦੇ ਹਨ ਅਤੇ ਇਹਨਾਂ ਸੈਂਟਰਾਂ ਵਾਲਿਆਂ ਨੂੰ ਹਜ਼ਾਰਾਂ ਰੁਪਏ ਫੀਸਾਂ ਤਾਰ ਰਹੇ ਹਨ।

ਇਸ ਤੋਂ ਵੀ ਅੱਗੇ ਇਹ ਲੁੱਟ ਅੰਬੈਸੀਆਂ ਵਲੋਂ ਵੀਜ਼ਾ ਫੀਸਾਂ ਦੇ ਵਾਧੇ ਦੇ ਰੂਪ ਵਿਚ ਵੇਖੀ ਜਾ ਸਕਦੀ ਹੈ ਤੇ ਜ਼ਾਹਲੀ ਵਿਦੇਸ਼ੀ ਕਾਲਜ, ਯੂਨੀਵਰਸਿਟੀਆਂ ਧੜਾ-ਧੜ ਦਾਖ਼ਲੇ ਦੇ ਕੇ ਇਹਨਾਂ ਵਿਦਿਆਰਥੀਆਂ ਤੋਂ ਡਾਲਰ ਇਕੱਠੇ ਕਰ ਲੈਂਦੀਆਂ ਹਨ, ਭਾਵੇਂ ਕਿ ਇਹਨਾਂ ਦੇ ਜਾਅਲੀ ਹੋਣ ਦਾ ਖਾਮਿਆਜ਼ਾ ਵਿਦਿਆਰਥੀਆਂ ਨੂੰ ਹੀ ਭੁਗਤਣਾ ਪੈਂਦਾ ਹੈ। ਪਰ ਇਸ ਰੁਝਾਨ ਦਾ ਖਾਮਿਆਜ਼ਾ ਸਭ ਤੋਂ ਵੱਧ ਸੂਬੇ ਪੰਜਾਬ ਵਿੱਚ ਖੁਲ੍ਹੇ ਉੱਚ ਸਿੱਖਿਆ ਪ੍ਰਦਾਨ ਕਰਨ ਵਾਲੇ ਕਾਲਜਾਂ ਤੇ ਪ੍ਰੋਫੈਸ਼ਨਲ ਕਾਲਜਾਂ ਨੂੰ ਭੁਗਤਣਾ ਪੈ ਰਿਹਾ ਹੈ। ਜਿਹਨਾਂ ਦੀਆਂ ਨੀਅਤ ਮਨਜ਼ੂਰਸ਼ੁਦਾ ਸੀਟਾਂ ਵੀ ਪੂਰੀਆਂ ਭਰ ਨਹੀਂ ਹੋ ਰਹੀਆਂ। ਸੂਬੇ ਵਿੱਚ 100 ਇੰਜੀਨੀਰਿੰਗ ਕਾਲਜ ਤੇ ਦੋ ਸਰਕਾਰੀ ਯੂਨੀਵਰਸਿਟੀਆਂ ਹਨ, ਜਿਹਨਾ ਵਿੱਚ 43200 ਸੀਟਾਂ ਮਕੈਨੀਕਲ, ਇਲੈਕਟ੍ਰੀਕਲ, ਸਿਵਲ ਇਲੈਕਟ੍ਰੌਨਿਕਸ, ਕੰਪਿਊਟਰ ਆਦਿ ਬੀ.ਟੈਕ. ਡਿਗਰੀ ਲਈ ਹਨ। ਐਮ.ਬੀ.ਏ. ਦੀਆਂ ਸੀਟਾਂ ਵੱਖਰੀਆਂ ਹਨ। ਇਸ ਦੇ ਨਾਲ ਆਈ.ਆਈ.ਟੀ. ਰੋਪੜ ਤੇ ਸੰਤ ਲੌਂਗੋਵਾਲ ਇੰਜੀਨੀਰਿੰਗ ਦੀ ਡੀਮਡ ਯੂਨੀਵਰਸਿਟੀ ਹੈ, ਜੋ ਵੱਖੋ-ਵੱਖਰੇ ਕੋਰਸ ਚਲਾ ਰਹੀ ਹੈ। ਇਹਨਾਂ ਸਾਰਿਆਂ ਸੰਸਥਾਵਾਂ ਵਿੱਚ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਵਲੋਂ ਮਨਜ਼ੂਰ ਸੀਟਾਂ ਹਨ, ਪਰ ਉਹ ਭਰ ਨਹੀਂ ਰਹੀਆਂ। ਇਹਨਾ ਕਾਲਜਾਂ ਵਿੱਚ ਬਹੁਤੇ ਬੰਦ ਹੋਣ ਕਿਨਾਰੇ ਹਨ। ਹੁਣ ਪ੍ਰੋਫੈਸ਼ਨਲ ਕਾਲਜਾਂ, ਡਿਗਰੀ ਆਰਟਸ ਕਾਲਜਾਂ ਅਤੇ ਇਥੋਂ ਤੱਕ ਕਿ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਨੂੰ ਪੜ੍ਹਾਈ ਕਰਾਉਣ ਲਈ ਲੋੜੀਂਦੇ ਵਿਦਿਆਰਥੀ ਨਹੀਂ ਮਿਲ ਰਹੇ, ਸਿੱਟੇ ਵਜੋਂ ਇਹਨਾ ਪ੍ਰਾਈਵੇਟ ਸੰਸਥਾਵਾਂ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਦਾ ਸੰਕਟ ਖੜਾ ਹੋ ਚੁੱਕਾ ਹੈ। ਬਿਨ੍ਹਾਂ ਸ਼ੱਕ ਉੱਚ ਸਿੱਖਿਆ ਲਈ ਵਿਦੇਸਾਂ ਨੂੰ ਜਾਣਾ ਮਾੜੀ ਗੱਲ ਨਹੀਂ ਹੈ। ਪਰ ਉੱਚ ਸਿੱਖਿਆ ਦੇ ਨਾਮ ਉਤੇ ਵਿਦੇਸ਼ਾਂ ਵਿੱਚ ਜਾਕੇ ਹੀਲੇ-ਵਸੀਲੇ ਉਥੇ ਹੀ ਟਿੱਕ ਜਾਣਾ ਚਿੰਤਾ ਦਾ ਵਿਸ਼ਾ ਹੈ। ਪੰਜਾਬ ਜਿਹੜਾ ਪਹਿਲਾਂ ਹੀ ਆਰਥਿਕ ਸੰਕਟ ਵਿਚ ਗ੍ਰਸਿਆ ਪਿਆ ਹੈ, ਇਸ ਦੀ ਕਿਸਾਨੀ ਪਹਿਲਾਂ ਹੀ ਮਾਨਸਿਕ ਤੌਰ 'ਤੇ ਟੁੱਟ ਚੁੱਕੀ ਹੈ, ਉਸ ਉਤੇ ਅਤੇ ਸੂਬੇ ਦੇ ਮੱਧ ਵਰਗ ਪਰਿਵਾਰਾਂ ਉਤੇ ਇਹ ਪਹਾੜ ਜਿੱਡਾ ਆਰਥਿਕ ਨਾ ਸਹਿਣਯੋਗ ਬੋਝ ਪੈਣਾ, ਉਸ ਨੂੰ ਮਾਨਸਿਕ ਤੌਰ 'ਤੇ ਤੋੜ ਰਿਹਾ ਹੈ।

ਪਹਿਲਾਂ ਤਾਂ ਕਿਹਾ ਜਾਂਦਾ ਸੀ ਕਿ ਪੰਜਾਬ ਦੇ 90 ਫੀਸਦੀ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ, ਪਰ ਹੁਣ ਤਾਂ ਇਕ ਗੱਲ ਦੁੱਧ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਹਰ ਪੰਜਾਬੀ ਵੱਡੇ ਕਰਜ਼ੇ ਦੀ ਮਾਰ ਹੇਠ ਫਸ ਚੁੱਕਾ ਹੈ, ਇਹ ਆਸ ਲੈਕੇ ਕਿ ਉਸਦੇ ਬੱਚਿਆਂ ਦਾ ਭਵਿੱਖ "ਪ੍ਰਵਾਸ ਹੰਢਾਉਣ" ਵਿਚ ਹੀ ਹੈ ਅਤੇ "ਜਬਰੀ ਪ੍ਰਵਾਸ" ਹੀ ਉਸ ਨੂੰ ਥੋੜ੍ਹੀ ਬਹੁਤੀ ਖੁਸ਼ੀ ਪ੍ਰਦਾਨ ਕਰ ਸਕਦਾ ਹੈ। ਪੰਜਾਬ ਜਿਹੜਾ ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਵੱਧ ਕੈਂਸਰ ਦੇ ਮਰੀਜ਼ ਆਪਣੀ ਗੋਦੀ ਲਈ ਬੈਠਾ ਹੈ। ਪੰਜਾਬ ਜਿਹੜਾ ਦੇਸ਼ ਵਿਚ ਸਭ ਤੋਂ ਵੱਧ ਧਰਤੀ ਹੇਠਲੇ ਪਾਣੀ ਦੀ ਵਰਤੋਂ ਕਰਕੇ ਆਪ ਰੇਗਿਸਤਾਨ ਬਣਨ ਵੱਲ ਪੁਲਾਘਾਂ ਪੁੱਟ ਰਿਹਾ ਹੈ। ਉਹ ਪੰਜਾਬ ਸਭਿਆਚਾਰਕ ਤੇ ਆਰਥਿਕ ਤੌਰ 'ਤੇ ਵੀ ਬੁਰੀ ਤਰ੍ਹਾਂ ਟੁੱਟ ਰਿਹਾ ਹੈ। ਲੋੜ ਇਸ ਅਣਚਾਹੇ ਪ੍ਰਵਾਸ ਨੂੰ ਰੋਕਣ ਦੀ ਹੈ, ਉਤਸ਼ਾਹਤ ਕਰਨ ਦੀ ਨਹੀਂ। ਪੰਜਾਬ ਸਰਕਾਰ ਆਇਲਿਟਸ ਸੈਂਟਰ ਕੋਚਿੰਗ ਸੈਂਟਰ ਖੋਲ੍ਹਣ ਦੀ ਥਾਂ ਕਾਲਜਾਂ/ ਯੂਨੀਵਰਸਿਟੀਆਂ ਵਿਚ ਦੇਸ਼ ਪੱਧਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਬੈਠਣ ਲਈ ਕੋਚਿੰਗ ਸੈਂਟਰ ਖੋਹਲੇ। ਸਰਕਾਰ ਉਹਨਾ ਕਾਲਜਾਂ/ ਯੂਨੀਵਰਸਿਟੀਆਂ ਵਿਚ ਵੋਕੇਸ਼ਨਲ ਕੋਰਸ ਚਾਲੂ ਕਰੇ ਜਿਥੇ ਇੰਜੀਨਿਰਿੰਗ ਦੀਆਂ ਮਨਜ਼ੂਰਸ਼ੁਦਾ ਸੀਟਾਂ ਪੂਰੀਆਂ ਨਹੀਂ ਹੁੰਦੀਆਂ ਤੇ ਸੂਬੇ ਦੇ ਕਾਰਖਾਨੇਦਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਟੈਕਨੀਸ਼ਨਾਂ ਨੂੰ ਸਿੱਖਿਆ ਦੇਣ ਦਾ ਪ੍ਰਬੰਧ ਕਰੇ ਜਿਹਨਾ ਦੀ ਵੱਡੀ ਘਾਟ ਹੈ।

ਸੂਬੇ ਵਲੋਂ ਚਲਾਏ ਜਾ ਰਹੇ ਪੌਲੀਟੈਕਨਿਕਾਂ, ਆਈ ਟੀ ਆਈ ਅਦਾਰਿਆਂ ਵਿਚ ਮਲਟੀ ਸਕਿੱਲ ਪ੍ਰੈਕਟੀਕਲ ਕੋਰਸ ਚਾਲੂ ਕਰਕੇ, ਇਹਨਾ ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਦੇ ਯੋਗ ਕਰੇ। ਇਸ ਤੋਂ ਵੀ ਵੱਡੀ ਗੱਲ ਇਹ ਕਿ ਮੁਫ਼ਤ ਅੰਨ ਦਾਣਾ ਦੇਣ ਦੀਆਂ ਸਕੀਮਾਂ ਦੀ ਥਾਂ ਹਰ ਘਰ ਵਿੱਚ ਘੱਟੋ-ਘੱਟ ਇੱਕ ਜੀਅ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੇ ਅਤੇ ਉਹ ਸਾਰੀਆਂ ਸਰਕਾਰੀ ਨੌਕਰੀਆਂ ਭਰੇ, ਜਿਹਨਾ ਵਿੱਚ ਸਰਕਾਰੀ ਸਕੂਲਾਂ ਦੇ ਅਧਿਆਪਕ, ਦਫ਼ਤਰਾਂ ਵਿਚ ਕਲਰਕ, ਕੰਪਿਊਟਰ ਉਪਰੇਟਰ, ਵੱਖੋ-ਵੱਖਰੇ ਮਹਿਕਮਿਆਂ ਵਿਚ ਟੈਕਨੀਕਲ ਸਟਾਫ ਸ਼ਾਮਲ ਹਨ ਅਤੇ ਜਿਹਨਾ ਦੀਆਂ ਮਨਜ਼ੂਰਸ਼ੁਦਾ ਪੋਸਟਾਂ ਸਾਲਾਂ ਤੋਂ ਭਰਨ ਤੋਂ ਪਈਆਂ ਹਨ।



# ਪ੍ਰੀ-ਵੈਡਿੰਗ ਫੋਟੋ ਸ਼ੂਟ ਲਈ ਪ੍ਰਵਾਸੀ ਪੰਜਾਬੀਆਂ ਦੀ ਪਸੰਦ ਬਣੇ ਪੰਜਾਬ ਦੇ ਪਿੰਡ

## ਲੱਖਾਂ ਰੁਪਏ ਖਰਚ ਹੋ ਰਹੇ ਹਨ ਵਿਆਹਾਂ ਦੀ ਸ਼ੂਟਿੰਗ ਲਈ

## 25 ਹਜ਼ਾਰ ਤੋਂ ਡੇਢ ਲੱਖ ਦਾ ਖਰਚ ਸਿਰਫ ਪ੍ਰੀ-ਵੈਡਿੰਗ ਫੋਟੋਸ਼ੂਟ 'ਤੇ ਹੀ ਹੋਣ ਲੱਗਾ



**ਜਲੰਧਰ/ਬਿਊਰੋ ਨਿਊਜ਼** ; ਕਿਸੇ ਖਾਸ ਸਥਾਨ 'ਤੇ ਪ੍ਰੀ-ਵੈਡਿੰਗ ਫੋਟੋ ਤੇ ਵੀਡੀਓ ਸ਼ੂਟਿੰਗ ਦੇ ਪ੍ਰਤੀ ਨੌਜਵਾਨ ਜੋੜੇ ਕਿੰਨੇ ਗੰਭੀਰ ਹਨ, ਇਹਨਾਂ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਇਸ ਦੇ ਲਈ ਲੱਖਾਂ ਰੁਪਏ ਖਰਚ ਕਰਨ ਦੇ ਲਈ ਤਿਆਰ ਹਨ। ਇਸ ਦੇ ਲਈ ਪੰਜਾਬ ਦਾ ਸਥਾਨ ਹੋਵੇ ਤਾਂ 25 ਹਜ਼ਾਰ ਰੁਪਏ ਤੋਂ ਡੇਢ ਲੱਖ ਰੁਪਏ ਤੱਕ ਖਰਚ ਕੀਤਾ ਜਾ ਰਿਹਾ ਹੈ। ਜੇਕਰ ਪੰਜਾਬ ਤੋਂ ਬਾਹਰ ਦਾ ਸਥਾਨ ਹੋਵੇ ਤਾਂ ਉਹ ਖਰਚ ਹੋਰ ਵਧ ਜਾਂਦਾ ਹੈ। ਪ੍ਰਵਾਸੀ ਪੰਜਾਬੀ ਜੋੜੇ ਹੋਣ ਜਾਂ ਸਥਾਨਕ ਜੋੜੇ, ਉਹਨਾਂ ਦੀ ਸ਼ੂਟਿੰਗ ਦੇ ਲਈ ਸਟੋਰੀ ਉਸਾਰੀ ਜਾਂਦੀ ਹੈ ਜਾਂ ਜਿਸ ਜੋੜੇ ਦੀ ਲਵ-ਮੈਰਿਜ ਹੋਵੇ, ਉਸ ਦੀ ਸਟੋਰੀ 'ਤੇ ਵਧੀਆ ਵੀਡੀਓ ਸ਼ੂਟ ਕਰਦੇ ਹਨ। ਅਰੇਂਜ ਮੈਰਿਜ ਹੋਵੇ ਤਾਂ ਕਪਲਜ਼ ਨੂੰ ਪ੍ਰੀ-ਵੈਡਿੰਗ ਫੋਟੋਸ਼ੂਟ ਦੇ ਬਹਾਨੇ ਇਕ ਦੂਸਰੇ ਨੂੰ ਜਾਨਣ ਦਾ ਮੌਕਾ ਮਿਲ ਜਾਂਦਾ ਹੈ। ਵਿਆਹ ਤੋਂ ਪਹਿਲਾਂ ਲਾੜਾ-ਲਾੜੀ ਦੇ ਇਤਿਹਾਸਕ ਸਥਾਨਾਂ ਤੇ ਪ੍ਰਸਿੱਧ ਥਾਵਾਂ ਉਤੇ ਕਈ ਐਕਸ਼ਨ ਵਿਚ ਸ਼ਾਟ ਲਏ ਜਾਂਦੇ ਹਨ, ਜੋ ਬਾਅਦ ਵਿਚ ਵਿਆਹ ਸਮਾਗਮਾਂ ਦੇ ਸਮੇਂ ਵੱਡੀ ਸਕਰੀਨ 'ਤੇ ਦਰਸਾਏ ਜਾਂਦੇ ਹਨ। ਪ੍ਰਵਾਸੀ ਪੰਜਾਬੀ ਜੋੜਿਆਂ ਨੂੰ ਖਾਸ ਤੌਰ 'ਤੇ ਪੰਜਾਬ ਦੇ ਪਿੰਡ ਤੇ ਉਥੋਂ ਦੇ ਕਲਚਰ ਵਿਚ ਪ੍ਰੀ-ਵੈਡਿੰਗ ਫੋਟੋਸ਼ੂਟ ਕਰਵਾਉਣਾ ਪਸੰਦ ਆ ਰਿਹਾ ਹੈ। ਪੂਰੇ ਪੰਜਾਬ ਵਿਚ ਬਹੁਤ ਸਾਰੇ ਫੋਟੋਗ੍ਰਾਫ਼ਰ ਲਾੜਾ-ਲਾੜੀ ਨੂੰ ਲੈ ਕੇ ਹੁਸੈਨੀਵਾਲਾ ਤੇ ਸਰਹੱਦੀ ਪਿੰਡ ਝੁੱਗੇ ਹਜ਼ਾਰਾ ਸਿੰਘ ਵਾਲਾ ਸਥਿਤ ਬੰਬੂਕਾਟ ਫ਼ਿਲਮ ਦੇ ਬਣਾਏ ਸੈਟ 'ਤੇ ਪਹੁੰਚਦੇ ਹਨ। ਕਈ ਵਾਰ ਲੋਕਾਂ ਨੂੰ ਲੱਗਦਾ ਹੈ ਕਿ ਫ਼ਿਲਮ ਦੀ ਸ਼ੂਟਿੰਗ ਹੋ ਰਹੀ ਹੈ, ਜਿਸ ਨੂੰ ਦੇਖਣ ਲਈ ਕਾਫੀ ਭੀੜ ਜੁਟ ਜਾਂਦੀ ਹੈ। ਇਸ ਫੀਲਡ ਨਾਲ ਜੁੜੇ ਜਲੰਧਰ ਦੇ ਫੋਟੋਗ੍ਰਾਫਰ ਗੁਰਵਿੰਦਰ ਸਿੰਘ ਦੱਸਦੇ ਹਨ ਕਿ ਇਕ ਹੋਰ ਜਗ੍ਹਾ ਪਟਿਆਲੇ ਦੇ ਨੇੜੇ ਫਤਹਿਗੜ੍ਹ ਦੇ ਕੋਲ ਵੀ ਹੈ। ਇਥੇ ਪਹਿਲਾਂ ਤੋਂ ਹੀ ਸੈਟ ਬਣਿਆ ਹੋਇਆ ਹੈ, ਜਿੱਥੇ ਪ੍ਰੀ-ਵੈਡਿੰਗ ਫੋਟੋਸ਼ੂਟ ਕਰਨਾ ਪਸੰਦ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਕੋਲ ਸਾਡਾ ਪਿੰਡ ਨਾਮ ਦੀ ਜਗ੍ਹਾ ਹੈ। ਇਥੇ ਪਿੰਡਾਂ ਦਾ ਦ੍ਰਿਸ਼ ਸ਼ੂਟਿੰਗ ਦੇ ਲਈ ਕਾਫੀ ਖੂਬਸੂਰਤ ਹੈ। ਪੰਜਾਬ ਵਿਚ ਵਿਆਹ ਦੌਰਾਨ ਕਾਫੀ ਰੌਣਕ ਲੱਗਦੀ ਹੈ। ਵਿਆਹ ਤੋਂ ਪਹਿਲਾਂ ਪ੍ਰੀ-ਵੈਡਿੰਗ ਸੈਰੇਮਨੀ ਕਾਫੀ ਖਾਸ ਹੁੰਦੀ ਹੈ। ਇਸ ਦੇ ਲਈ ਰਾਜਸਥਾਨ ਰਾਇਲ ਵੈਡਿੰਗ ਸਥਾਨ ਦੀ ਚੋਣ ਕੀਤੀ ਜਾਂਦੀ ਹੈ। ਅਜਿਹੀ ਹੀ ਸ਼ੂਟਿੰਗ ਜੈਪੁਰ, ਸ਼ਿਵ ਵਿਲਾਸ ਪੈਲੇਸ ਵਿਚ ਕੀਤੀ ਜਾਂਦੀ ਹੈ, ਜਿੱਥੇ ਪੰਜਾਬੀ ਕਪਲਜ਼ ਦੇ ਫੋਟੋਸ਼ੂਟ ਦੇ ਲਈ ਗਲੈਮਰ ਰਾਜਸਥਾਨੀ ਪੋਸ਼ਾਕ ਦੇ ਨਾਲ ਹੀ ਹਾਥੀ ਬੁਲਵਾਏ ਗਏ। ਰਾਜਸੀ ਠਾਠ ਨੂੰ ਦਰਸਾਉਂਦੀ ਵੈਡਿੰਗ ਸ਼ੂਟ ਵਿਚ ਤਕਰੀਬਨ 15 ਲੱਖ ਰੁਪਏ ਤੱਕ ਖਰਚਾ ਆਉਂਦਾ ਹੈ। ਗਰਮੀਆਂ ਦੇ ਵਿਚ ਲੇਹ ਲਦਾਖ ਵਿਚ ਸ਼ੂਟਿੰਗ ਕੀਤੀ ਜਾਂਦੀ ਹੈ। ਇਸ ਫੀਲਡ ਨਾਲ ਜੁੜੇ ਜਾਣਕਾਰ ਦੱਸਦੇ ਹਨ ਕਿ ਤਕਰੀਬਨ ਦੋ ਤੋਂ ਢਾਈ ਲੱਖ ਰੁਪਏ ਦੇ ਖਰਚ ਵਿਚ ਸੈਟ ਤੇ ਨੈਚੂਰਲ ਬਿਊਟੀ ਤੇ ਲੋਕੇਸ਼ਨ ਨੂੰ ਧਿਆਨ ਵਿਚ ਰੱਖ ਕੇ ਥੀਮ ਬੇਸਟ ਫੋਟੋਗ੍ਰਾਫੀ ਤੇ ਸ਼ੂਟਿੰਗ ਕੀਤੀ ਜਾ ਰਹੀ ਹੈ। ਡ੍ਰੈਸ ਡਿਜ਼ਾਈਨਰ ਦੀ ਹੈਲਪ ਨਾਲ ਤਿੰਨ ਤੋਂ ਪੰਜ ਮਿੰਟ ਦੀ ਵੀਡੀਓ ਫ਼ਿਲਮ ਬਣਾਈ ਜਾ ਰਹੀ ਹੈ, ਜਿਸ ਵਿਚ ਜੋੜੇ ਨੂੰ ਹੀਰੋ ਹੀਰੋਇਨ ਵਾਲਾ ਗਲੈਮਰਜ਼ ਦਿਖਾਇਆ ਜਾਂਦਾ ਹੈ। ਆਮ ਲੋਕਲ ਅਰਥਾਤ ਚੰਡੀਗੜ੍ਹ, ਅੰਮ੍ਰਿਤਸਰ, ਲੁਧਿਆਣਾ ਵਿਚ ਵੀ ਪ੍ਰੀ-ਵੈਡਿੰਗ ਫੋਟੋਸ਼ੂਟ ਕਰਨਾ ਹੋਵੇ ਤਾਂ ਸਵਾ ਤੋਂ ਡੇਢ ਲੱਖ ਰੁਪਏ ਤੱਕ ਖਰਚਾ ਆਉਂਦਾ ਹੈ। ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ, ਕੁੱਲੂ ਮਨਾਲੀ, ਡਲਹੋਜ਼ੀ ਦੀ ਵੀ ਅੱਜ ਕੱਲ ਚੋਣ ਹੋ ਰਹੀ ਹੈ। ਇਥੋਂ ਤੱਕ ਪੰਜਾਬੀਆਂ ਵਿਚ ਦੁਬਈ ਦਾ ਕਰੇਜ਼ ਸਭ ਤੋਂ ਜ਼ਿਆਦਾ ਹੈ। ਦੁਬਈ ਵਿਚ ਮਾਰੂਥਲ, ਬੁਰਜ ਖਲੀਫਾ, ਫਾਊਨਟੈਨ ਅਤੇ ਉਥੋਂ ਦੇ ਮਾਲਜ਼ ਵਿਚ ਵੀ ਪਰਮਿਸ਼ਨ ਦੇ ਬਾਅਦ ਸੈਟ ਲਗਾ ਕੇ ਵੈਡਿੰਗ ਸ਼ੂਟਿੰਗ ਕੀਤੀ ਜਾਂਦੀ ਹੈ। ਇਸ ਸ਼ੂਟਿੰਗ ਵਿਚ ਸਾਢੇ ਪੰਜ ਲੱਖ ਰੁਪਏ ਤੱਕ ਖਰਚ ਆਉਂਦਾ ਹੈ।

ਇਸ ਤੋਂ ਇਲਾਵਾ ਇੰਡੋਨੇਸ਼ੀਆ ਦਾ ਬਾਲੀ ਵੀ ਪੰਜਾਬ ਦੇ ਜੋੜਿਆਂ ਦੇ ਲਈ ਮਹੱਤਵਪੂਰਨ ਸਥਾਨ ਹੈ। ਇਥੇ ਦੁਬਈ ਦੇ ਮੁਕਾਬਲੇ ਘੱਟ ਖਰਚਾ ਆਉਂਦਾ ਹੈ। ਪੰਜਾਬ ਦੇ ਪ੍ਰੀ-ਵੈਡਿੰਗ ਫੋਟੋਗ੍ਰਾਫਰ ਸੰਨੀ ਧੀਮਾਨ ਦੱਸਦੇ ਹਨ ਕਿ ਵਿਦੇਸ਼ਾਂ ਵਿਚ ਵਸਣ ਵਾਲੇ ਪੰਜਾਬੀ ਪਰਿਵਾਰ ਵੀ ਪ੍ਰੀ-ਵੈਡਿੰਗ ਸ਼ੂਟ ਦੇ ਲਈ ਪੰਜਾਬ ਦੇ ਪਿੰਡਾਂ ਦੀਆਂ ਥਾਵਾਂ ਨੂੰ ਤਰਜੀਹ ਦੇ ਰਹੇ ਹਨ। ਕਾਰਨ ਇਹ ਹੈ ਕਿ ਤਕਰੀਬਨ ਤਿੰਨ ਪੀੜ੍ਹੀ ਪਹਿਲਾਂ ਕੈਨੇਡਾ, ਅਮਰੀਕਾ, ਬ੍ਰਿਟੇਨ ਤੇ ਯੂਰਪ, ਅਸਟ੍ਰੇਲੀਆ ਵਿਚ ਵਸਣ ਵਾਲੇ ਪੰਜਾਬੀ ਪਰਿਵਾਰ ਦੀ ਵਰਤਮਾਨ ਪੀੜ੍ਹੀ ਜੋ ਉਥੋਂ ਦੇ ਸਭਿਆਚਾਰ ਵਿਚ ਰਚ ਵਸ ਚੁੱਕੀ ਹੈ, ਉਹਨਾਂ ਨੂੰ ਪੰਜਾਬ ਦੀ ਮਿੱਟੀ ਤੇ ਇਥੋਂ ਦੇ ਕਚਲਰ ਦੇ ਰੂਬਰੂ ਕਰਨਾ ਹੈ। ਇਸੇ ਮਕਸਦ ਨਾਲ ਪ੍ਰਵਾਸੀ ਪੰਜਾਬੀ ਆਪਣੇ ਧੀਆਂ-ਪੁੱਤਰਾਂ ਦੇ ਲਈ ਪ੍ਰੀ-ਵੈਡਿੰਗ ਫੋਟੋਸ਼ੂਟ ਕਰਵਾ ਰਹੇ ਹਨ। ਇਸ ਦੌਰਾਨ ਪਿੰਡ ਦਾ ਦ੍ਰਿਸ਼, ਖੇਤ, ਟਰੈਕਟਰ, ਕੱਚਾ ਘਰ ਵਰਗਿਆਂ ਦਾ ਸੈਟ ਬਣਾ ਕੇ ਇਥੇ ਸ਼ਾਟ ਫ਼ਿਲਮ ਤੇ ਫੋਟੋਸ਼ੂਟ ਲਏ ਜਾ ਰਹੇ ਹਨ। ਇਕ ਸਾਧਾਰਨ ਸੈਟ ਬਣਾਉਣ ਵਿਚ 6 ਤੋਂ 8 ਲੱਖ ਰੁਪਏ ਲੱਗਦੇ ਹਨ।

---

# ਬਹਾਦਰੀਆਂ ਦੇ ਇਤਿਹਾਸ ਦਾ ਸੋਮਾ ਸਿੱਖ ਰੈਜੀਮੈਂਟ

**ਆਰਐਸ.ਖਾਲਸਾ**

ਦਸ ਸਿੱਖ ਗੁਰੂ ਸਾਹਿਬਾਨ ਦੀਆਂ ਵਿਰਸੇ ਵਿਚੋਂ ਮਿਲੀਆਂ ਸਿੱਖਿਆਵਾਂ ਅਤੇ ਬਲੀਦਾਨ ਦੀ ਸੋਚ 'ਤੇ ਪਹਿਰਾ ਦੇ ਕੇ ਜਾਬਰ ਦੁਸ਼ਮਣ ਨੂੰ ਮੂੰਹ ਤੋੜਵਾਂ ਜਵਾਬ ਦੇਣ ਵਾਲੀ ਭਾਰਤੀ ਫੌਜ ਦੀ ਲਗਭਗ 150 ਸਾਲਾ ਪੁਰਾਣੀ ਸਿੱਖ ਰੈਜੀਮੈਂਟ ਦੁਨੀਆਂ ਦੀਆਂ ਪ੍ਰਸਿੱਧ ਮਾਰਸ਼ਲ ਰੈਜੀਮੈਂਟਾਂ ਵਿਚੋਂ ਇੱਕ ਗਿਣੀ ਜਾਂਦੀ ਹੈ। ਸਿੱਖ ਰੈਜੀਮੈਂਟ ਦੇ ਇਤਿਹਾਸ ਸਬੰਧੀ ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਹ ਰੈਜੀਮੈਂਟ ਖਾਲਸਾ ਆਰਮੀ ਦੇ ਨਾਮ 'ਤੇ ਪ੍ਰਸਿੱਧ ਸੀ। ਸੰਨ 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਈਸਟ ਇੰਡੀਆ ਕੰਪਨੀ ਵੱਲੋਂ ਖਾਲਸਾ ਰਾਜ 'ਤੇ ਕਬਜ਼ਾ ਕਰਨ ਉਪਰੰਤ ਅੰਗਰੇਜ਼ਾਂ ਨੇ ਖਾਲਸਾ ਆਰਮੀ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਅਤੇ ਇਸ ਦਾ ਨਾਮ "ਰੈਜੀਮੈਂਟ ਆਫ ਫਿਰੋਜ਼ਪੁਰ ਸਿੱਖ" ਅਤੇ "ਰੈਜੀਮੈਂਟ ਆਫ ਲੁਧਿਆਣਾ ਸਿੱਖ" ਰੱਖਿਆ ਗਿਆ। ਉਸ ਤੋਂ ਬਾਅਦ ਬ੍ਰਿਟਿਸ਼ ਫੌਜ ਦੇ ਕੈਪਟਨ ਜੀ ਟਿਬਸ ਅਤੇ ਕਰਨਲ ਪੀ. ਗੌਰਡਨ ਦੀ ਕਮਾਂਡ ਹੇਠ 1 ਅਗਸਤ 1846 ਨੂੰ ਫਿਰੋਜ਼ਪੁਰ ਤੇ ਲੁਧਿਆਣਾ ਸਿੱਖ ਰੈਜੀਮੈਂਟ ਨੂੰ ਇਕੱਠੇ ਕਰਕੇ ਸਿੱਖ ਰੈਜੀਮੈਂਟਾਂ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ। "ਨਿਸ਼ਚੇ ਕਰ ਆਪਨੀ ਜੀਤ ਕਰੂੰ" ਦੇ ਸਿਧਾਂਤ ਨੂੰ ਲੈ ਕੇ ਆਪਣੀ ਸੂਰਬੀਰਤਾ ਭਰੇ ਜੌਹਰ ਦਿਖਾਉਣ ਵਾਲੀ ਸਿੱਖ ਰੈਜੀਮੈਂਟ ਦੇ ਜਾਂਬਾਜ਼ ਸੂਰਮਿਆਂ ਨੇ 12 ਸਤੰਬਰ 1897 ਨੂੰ ਸਾਰਾਗੜ੍ਹੀ ਦੀ ਜੰਗ ਵਿੱਚ ਆਪਣੀ ਦਲੇਰੀ ਦਾ ਉਹ ਕਾਰਨਾਮਾ ਦਿਖਾਇਆ ਜੋ ਸ਼ਾਇਦ ਦੁਨੀਆਂ ਦੇ ਇਤਿਹਾਸ ਅੰਦਰ ਲੜੀਆਂ ਗਈਆਂ ਪ੍ਰਮੁੱਖ ਲੜਾਈਆਂ ਵਿਚ ਕਿਧਰੇ ਵੀ ਦੇਖਣ ਨੂੰ ਨਹੀਂ ਮਿਲਦਾ। ਸਾਰਾਗੜ੍ਹੀ ਦੀ ਜੰਗ ਦੌਰਾਨ ਦੇਸ਼ ਦੀ ਰੱਖਿਆ ਕਰਨ ਵਾਲੇ ਸਿੱਖ ਰੈਜੀਮੈਂਟ ਦੇ ਬਹਾਦਰ 21 ਜਵਾਨਾਂ ਨੇ 10,000 ਦੇ ਕਰੀਬ ਅਫਗਾਨ ਕਬਾਇਲੀਆਂ ਵੱਲੋਂ ਕੀਤੇ ਗਏ ਅਚਾਨਕ ਹਮਲੇ ਦਾ ਡਟਵਾਂ ਮੁਕਾਬਲਾ ਕਰਕੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਦੁਸ਼ਮਣ ਫੌਜਾਂ ਦੇ ਮੈਦਾਨੇ ਜੰਗ ਅੰਦਰ ਪੈਰ ਨਾ ਲੱਗਣ ਦਿੱਤੇ। ਸਿੱਖ ਰੈਜੀਮੈਂਟ ਦੇ 21 ਜਵਾਨਾਂ ਵੱਲੋਂ ਦਿੱਤੀ ਗਈ ਲਾਸਾਨੀ ਕੁਰਬਾਨੀ ਨੂੰ ਦੇਖਦੇ ਹੋਏ ਉਸ ਵੇਲੇ ਦੀ ਬ੍ਰਿਟਿਸ਼ ਪਾਰਲੀਮੈਂਟ ਵੱਲੋਂ ਸ਼ਹੀਦ ਹੋਣ ਵਾਲੇ ਹਰ ਜਵਾਨ ਨੂੰ ਵਿਕਟੋਰੀਆ ਕਰਾਸ ਮੈਡਲ ਨਾਲ ਨਿਵਾਜਿਆ ਗਿਆ।

ਇੱਥੇ ਹੀ ਬੱਸ ਨਹੀਂ ਸਿੱਖ ਰੈਜੀਮੈਂਟ ਦੇ ਬਹਾਦਰ ਜਵਾਨਾਂ ਨੇ ਪਹਿਲੇ ਅਤੇ ਦੂਜੇ ਸੰਸਾਰ ਯੁੱਧ ਵਿਚ ਭਾਗ ਲੈ ਕੇ ਆਪਣੇ ਬਹਾਦਰੀ ਭਰੇ ਕਾਰਨਾਮੇ ਦੁਸ਼ਮਣ ਫੌਜਾਂ ਨੂੰ ਬੜੀ ਹੀ ਬਾਖੂਬੀ ਨਾਲ ਦਿਖਾਏ।

ਭਾਰਤੀ ਫੌਜ ਦੀ ਸਭ ਤੋਂ ਵੱਧ ਜੋਸ਼ੀਲੀ ਤੇ ਨਿਧੱੜਕ ਰੈਜੀਮੈਂਟ ਦੇ ਤੌਰ 'ਤੇ ਪ੍ਰਸਿੱਧ ਸਿੱਖ ਰੈਜੀਮੈਂਟ ਦੇ ਸੂਰਬੀਰ ਜਵਾਨਾਂ ਨੇ ਹੁਣ ਤੱਕ ਵੱਖ-ਵੱਖ ਹੋਈਆਂ ਜੰਗਾਂ ਦੌਰਾਨ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ 72 ਦੇ ਕਰੀਬ ਵੱਡੇ ਸਨਮਾਨ ਪ੍ਰਾਪਤ ਕੀਤੇ, ਉਥੇ ਨਾਲ ਹੀ ਆਪਣੇ ਬੁਲੰਦ ਹੌਸਲੇ ਸਦਕਾ ਇਸ ਰੈਜੀਮੈਂਟ ਨੇ 14 ਵਿਕਟੋਰੀਆ ਕਰਾਸ ਮੈਡਲ, 2 ਪਰਮਵੀਰ ਚੱਕਰ, 2 ਅਸ਼ੋਕ ਚੱਕਰ, 14 ਮਹਾਂਵੀਰ ਚੱਕਰ, 14 ਕੀਰਤੀ ਚੱਕਰ, 64 ਵੀਰ ਚੱਕਰ, 15 ਸ਼ੌਰਿਯਾ ਚੱਕਰ, 75 ਸੈਨਾ ਮੈਡਲ, 25 ਵਿਸ਼ਿਸ਼ਟ ਮੈਡਲਾਂ ਸਮੇਤ ਕੁੱਲ 1596 ਦੇ ਕਰੀਬ ਗੈਲੰਟਰੀ ਐਵਾਰਡ ਪ੍ਰਾਪਤ ਕਰਕੇ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ। ਖਾਸ ਕਰਕੇ ਭਾਰਤ ਦੀ ਆਜ਼ਾਦੀ ਤੋਂ ਬਾਅਦ ਸੰਨ 1948 ਵਿੱਚ ਪਾਕਿਸਤਾਨ ਨਾਲ ਲੜੀ ਗਈ ਜੰਗ ਦੌਰਾਨ ਸਿੱਖ ਰੈਜੀਮੈਂਟ ਦਾ ਲਾਂਸ ਨਾਇਕ ਕਰਮ ਸਿੰਘ ਪਹਿਲਾ ਪਰਮਵੀਰ ਚੱਕਰ ਪ੍ਰਾਪਤ ਕਰਨ ਵਾਲਾ ਬਹਾਦਰ ਸੂਰਮਾ ਸੀ। ਇਸੇ ਤਰ੍ਹਾਂ ਸੰਨ 1962 ਵਿੱਚ ਚੀਨ ਨਾਲ ਹੋਈ ਜੰਗ ਦੌਰਾਨ



ਬਾਕੀ ਸਫ਼ਾ 32 'ਤੇ

# ਬੱਸੀਆਂ ਰੈਸਟ ਹਾਊਸ ਅਤੇ ਮਹਾਰਾਜਾ ਦਲੀਪ ਸਿੰਘ

**ਜਸਵਿੰਦਰ ਸਿੰਘ**

ਬੱਸੀਆਂ ਵਿਖੇ ਨਹਿਰੀ ਰੈਸਟ ਹਾਊਸ ਪਿਛਲੇ ਕੁਝ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦੱਸਿਆ ਜਾ ਰਿਹਾ ਹੈ ਕਿ ਖਾਲਸਾ ਰਾਜ ਦੇ ਅੰਤਿਮ ਵਾਰਸ ਮਹਾਰਾਜਾ ਦਲੀਪ ਸਿੰਘ ਨੂੰ ਜਦੋਂ ਅੰਗਰੇਜ਼ ਪੰਜਾਬ ਤੋਂ ਬਾਹਰ ਫਤਹਿਗੜ੍ਹ ਨੂੰ ਲੈ ਜਾ ਰਹੇ ਸਨ, ਤਾਂ ਉਸ ਯਾਤਰਾ ਦੌਰਾਨ ਪੰਜਾਬ ਵਿਚ ਅੰਤਿਮ ਰਾਤ ਬਾਲ ਮਹਾਰਾਜੇ ਨੇ ਇਸ ਬੱਸੀਆਂ ਕੋਠੀ ਵਿਚ ਗੁਜ਼ਾਰੀ ਸੀ। ਇਸ ਤਰ੍ਹਾਂ ਦੀ ਜਾਣਕਾਰੀ ਦੇਣ ਕਰਕੇ ਇਹ ਬੱਸੀਆਂ ਕੋਠੀ ਬਾਰੇ ਚਰਚਾ 'ਭਾਵਨਾਤਮਕ' ਵੀ ਬਣ ਜਾਂਦੀ ਹੈ ਅਤੇ ਦਲੀਪ ਸਿੰਘ ਪ੍ਰਤੀ ਹਮਦਰਦੀ ਦਾ ਭਾਵ ਵੀ। ਮਹਾਰਾਜਾ ਦਲੀਪ ਸਿੰਘ ਬੜਾ ਹੀ ਬਦਕਿਸਮਤ ਰਿਹਾ ਸੀ। ਉਸ ਦੇ ਜਨਮ ਤੋਂ ਛੇਤੀ ਮਗਰੋਂ ਉਸ ਦਾ ਪਿਤਾ ਮਹਾਰਾਜਾ ਰਣਜੀਤ ਸਿੰਘ ਚੜ੍ਹਾਈ ਕਰ ਗਿਆ। ਅੰਗਰੇਜ਼ਾਂ ਨੇ ਉਸ ਦੀ ਮਾਤਾ ਮਹਾਰਾਣੀ ਜਿੰਦਾਂ ਨੂੰ ਉਸ ਤੋਂ ਵੱਖ ਕਰ ਦਿੱਤਾ ਅਤੇ ਫੇਰ ਮਹਾਰਾਜੇ ਨੂੰ ਪੰਜਾਬ ਤੋਂ ਬਾਹਰ ਫਤਹਿਗੜ੍ਹ (ਯੂਪੀ.) ਭੇਜ ਦਿੱਤਾ। ਇਸ ਰਵਾਨਗੀ ਤੋਂ ਬਾਅਦ ਦਲੀਪ ਸਿੰਘ ਨੂੰ ਮੁੜ ਆਪਣਾ ਵਤਨ ਦੇਖਣਾ ਨਸੀਬ ਨਹੀਂ ਹੋਇਆ। ਫਤਹਿਗੜ੍ਹ ਅੰਗਰੇਜ਼ਾਂ ਨੇ ਉਸ ਦੇ ਚਾਰ-ਚੁਫੇਰੇ ਐਸਾ ਵਾਤਾਵਰਣ ਬਣਾਇਆ ਕਿ ਮਹਾਰਾਜਾ ਈਸਾਈ ਹੋ ਕੇ ਇੰਗਲੈਂਡ ਚਲਾ ਗਿਆ।

ਅੰਗਰੇਜ਼ਾਂ ਨੇ ਤਾਂ ਦਲੀਪ ਸਿੰਘ ਨਾਲ ਚਲਾਕੀ ਅਤੇ ਅਪਮਾਨਜਨਕ ਢੰਗ ਨਾਲ ਵਿਵਹਾਰ ਕੀਤਾ ਹੀ ਸੀ ਪਰ ਉਸ ਦੇ ਆਪਣੇ ਸਿੱਖ ਭਾਈਚਾਰੇ ਨੇ ਵੀ ਉਸ ਨਾਲ ਘੱਟ ਨਹੀਂ ਕੀਤੀ। ਉਹ ਲੋਕ ਜੋ ਉਸ ਦੇ ਪਿਤਾ ਮਹਾਰਾਜਾ ਰਣਜੀਤ ਸਿੰਘ ਦੀਆਂ ਬਖਸ਼ਿਸ਼ਾਂ ਅਤੇ ਮਿਹਰਾਂ ਸਦਕਾ ਉੱਚੇ ਰੁਤਬਿਆਂ ਤਕ ਪਹੁੰਚੇ ਸਨ, ਜਾਗੀਰਦਾਰ ਅਥਵਾ ਵਜ਼ੀਰ ਬਣੇ ਸਨ, ਸਭ ਨੇ ਮੂੰਹ ਫੇਰ ਲਿਆ, ਕੋਈ ਹਉਕਾ ਨਹੀਂ ਲਿਆ ਉਸ ਨੂੰ ਪਰਦੇਸ ਭੇਜੇ ਜਾਣ 'ਤੇ, ਸਿਵਾਏ ਭਾਈ ਮਹਾਰਾਜ ਸਿੰਘ ਦੇ।



ਉਹ ਵੀ ਵਿਚਾਰਾ ਇਕੱਲਾ ਪੈ ਗਿਆ ਅਤੇ ਉਸ ਦੇ ਯਤਨ ਵੀ ਅਸਫਲ ਹੋ ਗਏ। ਬਾਅਦ ਵਿਚ ਠਾਕਰ ਸਿੰਘ ਸੰਧਾਂਵਾਲੀਏ ਨੇ ਵੀ ਕੁਝ ਯਤਨ ਕੀਤੇ ਪਰ ਆਪਣਿਆਂ, ਜਿਨ੍ਹਾਂ ਨੂੰ ਮਹਾਰਾਜਾ ਦਲੀਪ ਸਿੰਘ ਆਪਣਾ 'ਮਾਸ ਅਤੇ ਲਹੂ' ਲਿਖਦਾ ਸੀ, ਉਨ੍ਹਾਂ ਸਭਨਾਂ ਨੇ ਉਸ ਨੂੰ 'ਝੂਠਾ ਅਤੇ ਦਗ਼ਾਬਾਜ਼' ਕਿਹਾ ਅਤੇ ਇਹ ਵੀ ਉਸ ਨੂੰ ਲਿਖਿਆ ਸੀ ਕਿ ਉਹ (ਸਿੱਖ) ਆਪਣੀ ਮਲਕਾ ਲਈ ਮਰ ਮਿਟਣਗੇ ਪਰ ਉਸ (ਦਲੀਪ ਸਿੰਘ) ਨੂੰ ਕਦੇ ਵੀ ਆਪਣਾ ਮਹਾਰਾਜਾ ਨਹੀਂ ਮੰਨਣਗੇ।ਅਤੇ "ਏਹ ਜੇੜ੍ਹਾ ਤੂੰ ਸਰਕਾਰ ਅੰਗਰੇਜ਼ੀ ਤੋਂ ਬਾਗੀ ਹੋਇਆ ਹੈਂ, ਅਕਲ ਦੀ ਗੱਲ ਨਹੀਂ ਕੀਤੀ। ਸਾਡੇ ਵਿੱਚ ਜੇੜ੍ਹਾ ਥੋੜ੍ਹੀ ਅਕਲ ਭੀ ਰੱਖਦਾ ਹੈ, ਉਹ ਭੀ ਤੇਰੀ ਸਹਾਇਤਾ ਦਾ ਨਾਮ ਨਹੀਂ ਲਏਗਾ, ਸਾਥੋਂ ਕੋਈ ਉਮੀਦ ਨਾ ਰੱਖੀਂ, ਲੰਡਨ ਨੂੰ ਮੁੜ ਜਾਹ ਤੇ ਮਾਫ਼ੀ ਮੰਗ ਲੈ।" ਹੋਰ, ਹੱਦ ਇਹ ਹੋ ਗਈ ਸੀ ਕਿ ਸਿੰਘ-ਸਭਾਵਾਂ ਨੇ ਉਸ ਨੂੰ ਏਥੇ ਤਕ ਲਿਖ ਦਿੱਤਾ ਸੀ ਕਿ ਉਹ ਕੀ, ਅੱਜ ਜੇਕਰ ਰਣਜੀਤ ਸਿੰਘ ਵੀ ਆ ਜਾਵੇ, ਉਹ ਵੀ ਉਨ੍ਹਾਂ ਨੂੰ ਮਲਕਾ ਵਿਕਟੋਰੀਆ ਦੀ ਰਾਜ ਭਗਤੀ ਤੋਂ ਨਹੀਂ ਹਟਾ ਸਕਦਾ।

ਉਸ ਬਦ-ਕਿਸਮਤ ਮਹਾਰਾਜੇ ਉੱਤੇ ਇਨ੍ਹਾਂ ਗੱਲਾਂ ਦਾ ਅਸਰ ਇਹ ਹੋਇਆ ਕਿ ਮਾਯੂਸੀ ਅਤੇ ਗ਼ਰੀਬੀ ਦੀ ਹਾਲਤ ਵਿਚ ਉਹ ਪੈਰਿਸ ਵਿਖੇ ਚੜ੍ਹਾਈ ਕਰ ਗਿਆ। ਜਿਸ ਬਾਲਕ ਦੇ ਜਨਮ 'ਤੇ ਉਸ ਦੇ ਮਹਾਰਾਜਾ ਪਿਤਾ ਨੇ ਵੱਡੀਆਂ ਖੁਸ਼ੀਆਂ ਮਨਾਈਆਂ ਸਨ, ਜਦੋਂ ਦਲੀਪ ਸਿੰਘ ਨੇ ਪੈਰਿਸ ਵਿੱਚ ਚੜ੍ਹਾਈ ਕੀਤੀ ਤਾਂ ਮਰਨ ਤੋਂ ਬਾਅਦ ਉਸ ਸਮੇਂ ਉਸ ਕੋਲ ਕੋਈ ਨਹੀਂ ਸੀ ਜੋ ਉਸ ਦੀਆਂ ਅੱਖਾਂ ਬੰਦ ਕਰ ਸਕਦਾ। ਵੀਹਵੀਂ ਸਦੀ ਵਿਚ ਜਦੋਂ ਦਲੀਪ ਸਿੰਘ ਦੀਆਂ ਦੋ ਪੁੱਤਰੀਆਂ ਹਿੰਦੁਸਤਾਨ ਆਈਆਂ ਸਨ, ਕਿਸੇ ਸਿੱਖ ਨਾਲ ਵਿਆਹ ਕਰਵਾਉਣ ਲਈ, ਤਾਂ ਕਿਸੇ ਸਿੱਖ ਨੇ ਉਨ੍ਹਾਂ ਦਾ ਹੱਥ ਫੜਨ ਦਾ ਹੀਆ ਨਾ ਕੀਤਾ। ਇਕ ਪੁੱਤਰੀ ਤਾਂ ਕੁਆਰੀ ਹੀ ਮਰ ਗਈ ਅਤੇ ਦੂਸਰੀ ਨੇ ਇਕ ਮੁਸਲਮਾਨ ਨਾਲ ਵਿਆਹ ਕਰ ਲਿਆ। ਹੁਣ ਪਿਛਲੇ ਕੁਝ ਸਮੇਂ ਤੋਂ ਮਹਾਰਾਜਾ ਦਲੀਪ ਸਿੰਘ ਫੇਰ ਚਰਚਾ ਵਿਚ ਆਇਆ ਹੋਇਆ ਹੈ। ਇਹ ਦੱਸਦਿਆਂ ਹੋਇਆਂ ਕਿ ਬੱਸੀਆਂ ਕੋਠੀ ਵਿਚ ਮਹਾਰਾਜੇ ਨੇ ਫਤਹਿਗੜ੍ਹ ਨੂੰ ਜਾਂਦਿਆਂ ਹੋਇਆਂ ਪੰਜਾਬ ਵਿਚ ਆਪਣੀ ਆਖ਼ਰੀ ਰਾਤ ਗੁਜ਼ਾਰੀ ਸੀ, ਇਸ ਲਈ ਇਸ ਥਾਂ 'ਤੇ ਦਲੀਪ ਸਿੰਘ ਨਾਲ ਸਬੰਧਤ ਕੋਈ ਯਾਦਗਾਰ ਬਣਾਈ ਜਾਣੀ ਚਾਹੀਦੀ ਹੈ। ਇਸ ਉੱਦਮ ਵਿਚ ਕੁਝ ਨੇਤਾ ਅਤੇ ਸਾਧਾਰਨ ਸੰਸਥਾਵਾਂ ਸ਼ਾਮਲ ਹੋ ਗਈਆਂ ਹਨ ਅਤੇ ਇਸ ਬਾਬਤ ਕੁਝ ਲੇਖ ਵੀ ਅਖ਼ਬਾਰਾਂ ਵਿਚ ਆਏ ਹਨ। ਜੋ ਲੇਖ ਅਖ਼ਬਾਰਾਂ ਵਿਚ ਬੱਸੀਆਂ ਕੋਠੀ ਵਿਖੇ ਮਹਾਰਾਜਾ ਦਲੀਪ ਸਿੰਘ ਦੇ ਰਾਤ ਕੱਟਣ ਬਾਰੇ ਲਿਖੇ ਗਏ ਹਨ, ਉਹ ਉੱਪਰੀ ਜਿਹੀ ਹੀ ਜਾਣਕਾਰੀ 'ਤੇ ਆਧਾਰਤ ਹਨ। ਮਹਾਰਾਜਾ ਦਲੀਪ ਸਿੰਘ ਬੱਸੀਆਂ ਕੋਠੀ ਵਿਖੇ ਰਾਤ ਰਿਹਾ ਸੀ ਕਿ ਨਹੀਂ, ਇਹ ਇਤਿਹਾਸ ਨਾਲ ਸਬੰਧਤ ਵਿਸ਼ਾ ਹੈ ਪਰ ਇਸ ਬਾਬਤ ਕਿਸੇ ਵੀ ਇਤਿਹਾਸਕਾਰ, ਵਿਦਵਾਨ ਦਾ ਲੇਖ ਨਹੀਂ ਆਇਆ ਅਤੇ ਨਾ ਹੀ ਲੇਖਕਾਂ ਨੇ ਦਲੀਪ ਸਿੰਘ ਦੇ ਬੱਸੀਆਂ ਰਾਤ ਰਹਿਣ ਬਾਰੇ ਕੋਈ ਠੋਸ ਅਥਵਾ ਦਸਤਾਵੇਜ਼ੀ ਜਾਣਕਾਰੀ ਦਿੱਤੀ ਹੈ। ਇਸ ਲਈ ਇਹ ਦਾਅਵਾ ਕਰਨਾ ਕਿ ਦਲੀਪ ਸਿੰਘ 'ਬੱਸੀਆਂ ਕੋਠੀ ਵਿਖੇ ਰਾਤ ਰਿਹਾ ਸੀ' ਠੀਕ ਨਹੀਂ ਲਗਦਾ। ਜ਼ਿਕਰ ਵੀ ਕਿਤੇ ਨਹੀਂ ਮਿਲਦਾ।

ਬਾਲ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਤੋਂ ਠੀਕ-ਠਾਕ ਫਤਿਹਗੜ੍ਹ ਪਹੁੰਚਾਉਣ ਦੀ ਜ਼ਿੰਮੇਵਾਰੀ ਡਾ. ਲੋਗਨ ਨੂੰ ਦਿੱਤੀ ਗਈ ਸੀ। ਇਸ ਲਈ ਜਿੱਥੇ ਮਹਾਰਾਜੇ ਦੀ ਸੁਰੱਖਿਆ ਲਈ ਕਾਫ਼ਿਲੇ ਨਾਲ ਘੋੜ ਚੜ੍ਹੇ ਅਤੇ ਹੋਰ ਸੁਰੱਖਿਆ ਦਸਤੇ ਸਨ, ਉੱਥੇ ਦੋ ਤੋਪਾਂ ਵੀ ਨਾਲ-ਨਾਲ ਲੈ ਜਾਈਆਂ ਗਈਆਂ ਸਨ। ਇਸ ਬਾਬਤ ਡਾ. ਲੋਗਨ ਆਪਣੇ ਅਫਸਰਾਂ ਨਾਲ ਅਤੇ ਵਿਦੇਸ਼ ਬੈਠੀ ਪਤਨੀ ਨਾਲ ਖ਼ਤ-ਪੱਤਰੀ ਲਗਾਤਾਰ ਕਰਦਾ ਰਿਹਾ ਸੀ। ਉਸ ਦੇ ਸਾਰੇ ਦਸਤਾਵੇਜ਼ ਉਸ ਦੀ ਪਤਨੀ ਲੇਡੀ ਲੋਗਨ ਨੇ Sir John Login and duleep Singh ਨਾਂ ਹੇਠ ਪੁਸਤਕ ਵਿਚ ਜੁਲਾਈ 1889 ਨੂੰ ਛਪਵਾ ਦਿੱਤੇ ਸਨ। ਮਹਾਰਾਜਾ ਦਲੀਪ ਸਿੰਘ ਨਾਲ ਲਾਹੌਰ ਤੋਂ ਫਤਿਹਗੜ੍ਹ ਗਏ ਡਾ. ਲੋਗਨ ਬਾਰੇ ਇਸ ਪੁਸਤਕ ਵਿਚ 'ਬੱਸੀਆਂ ਕੋਠੀ' ਵਿਚ ਰਾਤ ਰਹਿਣ ਦਾ ਕੋਈ ਜ਼ਿਕਰ ਨਹੀਂ ਹੈ। ਏਸੇ ਤਰ੍ਹਾਂ ਉਘੇ ਸਿੱਖ ਇਤਿਹਾਸਕਾਰ ਅਤੇ ਵਿਦਵਾਨ ਡਾ. ਗੰਡਾ ਸਿੰਘ ਨੇ ਬੜੀ ਮਿਹਨਤ ਕਰਕੇ ਮਹਾਰਾਜਾ ਦਲੀਪ ਸਿੰਘ ਨਾਲ ਸਬੰਧਤ ਦਸਤਾਵੇਜ਼ Maharaja daleep Singh correspondence ਪੰਜਾਬੀ ਯੂਨੀਵਰਸਿਟੀ ਰਾਹੀਂ ਛਪਵਾ ਦਿੱਤੇ ਸਨ। ਮਹਾਰਾਜਾ ਦਲੀਪ ਸਿੰਘ ਬਾਰੇ ਸੱਤ ਸੌ ਤੋਂ ਵੱਧ ਪੰਨਿਆਂ ਵਾਲੀ ਇਸ ਮਹੱਤਵਪੂਰਨ ਪੁਸਤਕ ਵਿਚ ਵੀ ਦਲੀਪ ਸਿੰਘ ਦੇ ਬੱਸੀਆਂ ਵਿਖੇ ਰਾਤ ਰਹਿਣ ਦਾ ਕੋਈ ਜ਼ਿਕਰ ਨਹੀਂ ਹੈ।

ਮਾਈਕਲ ਅਲੈਗਜ਼ੈਂਡਰ ਅਤੇ ਸੁਸ਼ੀਲਾ ਆਨੰਦ ਨੇ ਮਹਾਰਾਜਾ ਦਲੀਪ ਸਿੰਘ ਬਾਰੇ ਵਿਸਥਾਰਪੂਰਵਕ ਪੁਸਤਕ- Queen Victoria's Magaraja daleep Singh, 1838-93 ਲਿਖੀ ਹੈ। ਇਸ ਪੁਸਤਕ ਵਿਚ ਵੀ ਉਪਰੋਕਤ ਬੱਸੀਆਂ ਵਾਲੀ ਘਟਨਾ ਬਾਰੇ ਕੋਈ ਜ਼ਿਕਰ ਨਹੀਂ ਹੈ। 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀ 'ਧਰਮ ਪ੍ਰਚਾਰ ਕਮੇਟੀ' ਨੇ ਪਿਰਥੀ ਪਾਲ ਸਿੰਘ ਕਪੂਰ ਵੱਲੋਂ ਸੰਪਾਦਤ ਕੀਤੀ ਹੋਈ ਪੁਸਤਕ- Maharaja daleep Singh, "he Last Sovereign Ruler of the Punjab ਛਾਪੀ ਹੈ। ਇਨ੍ਹਾਂ ਪੁਸਤਕਾਂ ਤੋਂ ਇਲਾਵਾ ਕ੍ਰਿਸਟੀ ਕੈਂਪਬੈਲ ਦੀ Maharaja Box ਅਤੇ ਹੋਰ ਵੀ ਪੁਸਤਕਾਂ ਜੋ ਦਲੀਪ ਸਿੰਘ ਬਾਰੇ ਛਪੀਆਂ ਹਨ, ਇਨ੍ਹਾਂ ਕਿਸੇ ਵਿਚ ਵੀ ਉਸ ਦੇ ਰਾਤ ਬੱਸੀਆਂ ਵਿਖੇ ਠਹਿਰਨ ਦਾ ਜ਼ਿਕਰ ਨਹੀਂ ਹੈ। ਇਸ ਲਈ ਸਬੰਧਤ ਜਨਾਂ ਨੂੰ ਸਾਰੀ ਸਥਿਤੀ ਸਾਫ਼ ਕਰਨੀ ਚਾਹੀਦੀ ਹੈ। ਖਬਰ ਹੈ ਕਿ ਬੱਸੀਆਂ ਕੋਠੀ ਦੇ ਨਾਲ ਲ਼ਗਦੀ ੧੩ ਏਕੜ ਜ਼ਮੀਨ ਵੀ ਹੈ। ਜੇਕਰ ਦਲੀਪ ਸਿੰਘ ਦੇ ਬੱਸੀਆਂ ਕੋਠੀ ਵਿਖੇ ਰਾਤ ਰਹਿਣ ਦਾ ਕਿਸੇ ਪਾਸ ਪ੍ਰਮਾਣ ਹੈ, ਦਸਤਾਵੇਜ਼ ਹੈ ਤਾਂ ਉਸ ਨੂੰ ਜ਼ਾਹਰ ਕੀਤਾ ਜਾਵੇ, ਨਹੀਂ ਤਾਂ 'ਬੱਸੀਆਂ ਕੋਠੀ ਅਤੇ ਮਹਾਰਾਜਾ ਦਲੀਪ ਸਿੰਘ' ਬਾਰੇ ਗ਼ਲਤ ਜਾਣਕਾਰੀ ਦੇਣੀ ਅਤੇ ਬਿਆਨਬਾਜ਼ੀ ਕਰਨੀ ਬੰਦ ਕਰ ਦਿੱਤੀ ਜਾਵੇ। ਦੂਸਰੇ ਪਾਸੇ, ਜੋ ਕੂਕਿਆਂ ਬਾਰੇ ਬੱਸੀਆਂ ਕੋਠੀ ਵਿਚ ਰਾਇਕੋਟ ਬੁੱਚੜ ਬਧ ਕੇਸ ਦੇ ਸਬੰਧ ਵਿਚ ਸੰਨ ੧੯੭੧ ਈ. ਵਿੱਚ ਮੁਕੱਦਮਾ ਚਲਾਏ ਜਾਣ, ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਅਤੇ ਨਾਮਧਾਰੀ ਗੁਰੂ ਰਾਮ ਸਿੰਘ ਦੇ ਬੱਸੀਆਂ ਗਵਾਹੀ ਲਈ ਆਉਣ ਦੀ ਗੱਲ ਹੈ, ਉਹ ਠੀਕ ਹੈ ਅਤੇ ਇਸ ਬਾਰੇ ਜੁਲਾਈ-੧੯੭੧ ਈ. ਦੇ ਦਸਤਾਵੇਜ਼ ਮੌਜੂਦ ਹਨ ਅਤੇ ਉਸ ਸਮੇਂ ਦੀਆਂ ਅਖ਼ਬਾਰਾਂ ਵੀ ਉਪਲਬਧ ਹਨ।

# ਅੱਠਵੇਂ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ

**ਡਾ. ਰਣਜੀਤ ਸਿੰਘ**

ਅੱਠਵੇਂ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਗੁਰਗੱਦੀ ਉਥੇ ਬੈਠਣ ਵਾਲੇ ਸਭ ਤੋਂ ਘੱਟ ਉਮਰ ਅਤੇ ਸਭ ਤੋਂ ਘੱਟ ਸਮੇਂ ਤੀਕ ਗੁਰਗੱਦੀ ਉਤੇ ਰਹਿਣ ਵਾਲੇ ਗੁਰੂ ਸਾਹਿਬਾਨ ਹੋਏ ਹਨ। ਸੱਤਵੇਂ ਸਤਿਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਰਾਮਰਾਏ ਨੂੰ ਗੁਰਬਾਣੀ ਵਿਚ ਇਕ ਸ਼ਬਦ ਦੀ ਤਬਦੀਲੀ ਕਰਨ ਬਦਲੇ ਕੇਵਲ ਗੁਰਗੱਦੀ ਤੋਂ ਹੀ ਵਾਂਝਾ ਨਹੀਂ ਕੀਤਾ ਸਗੋਂ ਸਿੱਖੀ ਵਿਚੋਂ ਵੀ ਖਾਰਜ ਕਰ ਦਿੱਤਾ ਸੀ। ਇਸ ਕਰਕੇ ਉਨ੍ਹਾਂ ਨੇ ਆਪਣੇ ਛੋਟੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਦੀ ਬਖਸ਼ੀਸ਼ ਕਰਨ ਦਾ ਮਨ ਬਣਾਇਆ। ਸ੍ਰੀ ਹਰਿਕ੍ਰਿਸ਼ਨ ਜੀ ਕੇਵਲ ਪੰਜ ਸਾਲ ਤੇ ਤਿੰਨ ਕੁ ਮਹੀਨੇ ਦੇ ਸਨ, ਜਦੋਂ ਗੁਰੂ ਪਿਤਾ ਗੁਰੂ ਹਰਿਰਾਏ ਸਾਹਿਬ ਨੇ ਉਨ੍ਹਾਂ ਨੂੰ ਗੁਰਗੱਦੀ ਦੀ ਬਖਸ਼ਿਸ਼ ਕੀਤੀ। ਇਸੇ ਕਰਕੇ ਗੁਰੂ ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਬਾਲਾ ਪ੍ਰੀਤਮ ਆਖਿਆ ਜਾਂਦਾ ਹੈ। ਆਪ ਦਾ ਜਨਮ ਗੁਰੂ ਹਰਿਰਾਏ ਸਾਹਿਬ ਦੇ ਘਰ 7 ਜੁਲਾਈ, 1656 ਨੂੰ ਕੀਰਤਪੁਰ ਸਾਹਿਬ ਵਿਖੇ, ਮਾਤਾ ਸੁਲੱਖਣੀ ਜੀ ਦੀ ਕੁੱਖੋਂ ਹੋਇਆ। ਗੁਰੂ ਜੀ ਨੇ ਇਹ ਸਿੱਧ ਕਰ ਦਿੱਤਾ ਕਿ ਗੁਰੂ ਨਾਨਕ ਦੀ ਗੱਦੀ ਉਤੇ ਬੈਠਣ ਲਈ ਉਮਰ ਨਹੀਂ ਸਗੋਂ ਗੁਣਾਂ ਦੀ ਪਰਖ ਦੇਣੀ ਪੈਂਦੀ ਹੈ।

ਗੁਰੂ ਸਾਹਿਬ ਨੂੰ ਗੱਦੀ ਉਤੇ ਬੈਠਦਿਆਂ ਹੀ ਆਪਣੇ ਵੱਡੇ ਰਾਮਰਾਏ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਜਿਸ ਨੂੰ ਕਿ ਸਰਕਾਰੀ ਹਮਾਇਤ ਪ੍ਰਾਪਤ ਸੀ। ਪਰ ਗੁਰੂ ਜੀ ਨੇ ਜਿਸ ਸੁਚੱਜੇ ਢੰਗ ਨਾਲ ਸਿੱਖ ਲਹਿਰ ਦੀ ਅਗਵਾਈ ਕੀਤੀ, ਇਹ ਆਪਣੇ ਆਪ ਵਿਚ ਇਕ ਮਿਸਾਲ ਹੈ। ਆਪ ਨੇ ਗੁਰੂ ਪਿਤਾ ਜੀ ਵੱਲੋਂ ਸਥਾਪਤ ਕੀਤੀ ਮਰਿਯਾਦਾ ਨੂੰ ਕਾਇਮ ਰੱਖਿਆ। ਜਦੋਂ ਉਹ ਸੰਗਤ ਨੂੰ ਉਪਦੇਸ਼ ਦਿੰਦੇ ਸਨ ਤਾਂ ਇੰਝ ਨਹੀਂ ਸੀ ਲੱਗਦਾ ਕਿ ਇਕ ਪੰਜ ਸਾਲ ਦਾ ਬੱਚਾ ਉਪਦੇਸ਼ ਦੇ ਰਿਹਾ ਹੈ, ਸਗੋਂ ਇਕ ਸੰਪੂਰਨ ਗੁਰੂ ਦੇ ਬੋਲਾਂ ਦਾ ਲਿਸ਼ਕਾਰਾ ਪੈਂਦਾ ਸੀ। ਆਪ ਜੀ ਚੜ੍ਹਦੇ ਸੂਰਜ ਦੀ ਲਾਲੀ ਵਾਂਗ ਸਨ ਜਿਹੜੀ ਹਨੇਰੇ ਨੂੰ ਮਿੱਠੇ-ਮਿੱਠੇ ਚਾਨਣ ਨਾਲ ਦੂਰ ਕਰਦੀ ਹੈ ਅਤੇ ਆਪਣੀਆਂ ਕਿਰਨਾਂ ਦਾ ਨਿੱਘ ਵੀ ਦਿੰਦੀ ਹੈ। ਗੁਰਬਾਣੀ ਉਤੇ ਆਪ ਦੀ ਪਕੜ ਬੇਮਿਸਾਲ ਸੀ। ਗੁਰੂ ਜੀ ਸੰਗਤ ਦੇ ਭਰਮ-ਭੁਲੇਖੇ ਦੂਰ ਕਰਦੇ ਸਨ। ਧਰਮ ਪ੍ਰਚਾਰ ਲਈ ਆਪਣੇ ਪਿਤਾ ਜੀ ਵਾਂਗ ਉਨ੍ਹਾਂ ਨੇ ਪ੍ਰਚਾਰਕ ਦੂਰ-ਦੁਰਾਡੇ ਭੇਜੇ। ਰਾਮਰਾਏ ਦੀ ਸ਼ਹਿ ਉਤੇ ਗੁਰੂ ਘਰ ਦੇ ਮਸੰਦ ਧਰਮ ਪ੍ਰਚਾਰ ਕਰਨ ਦੀ ਥਾਂ ਆਪਣੇ ਭੋਗ ਵਿਲਾਸ ਲਈ ਮਾਇਆ ਇਕੱਠੀ ਕਰਨ ਲੱਗ ਪਏ ਸਨ। ਆਪ ਨੇ ਸੰਗਤਾਂ ਨੂੰ ਹੁਕਮ ਕੀਤਾ ਕਿ ਹੁਣ ਕੋਈ ਮਸੰਦ ਨਹੀਂ ਹੈ, ਉਨ੍ਹਾਂ ਨੂੰ ਕੋਈ ਵੀ ਭੇਟਾ ਨਾ ਦਿੱਤੀ ਜਾਵੇ। ਇਸ ਹੁਕਮ ਨਾਲ ਸਿੱਖੀ ਵਿਚ ਸੰਭਾਵੀ ਹੋਣ ਵਾਲੇ ਨਿਘਾਰ ਨੂੰ ਰੋਕਿਆ ਗਿਆ। ਗੁਰੂ ਸਾਹਿਬ ਦੇ ਬਚਨਾਂ ਅਤੇ ਕਰਮਾਂ ਨੇ ਸਿੱਖੀ ਨੂੰ ਹੋਰ ਚੜ੍ਹਦੀ ਕਲਾ ਦੀ ਬਖਸ਼ਿਸ਼ ਕੀਤੀ। ਸੰਗਤ ਨੂੰ ਗੁਰੂ ਸਾਹਿਬ ਦੇ ਸ਼ਬਦਾਂ ਦੀ ਸ਼ਕਤੀ, ਕਰਮਾਂ ਦੀ ਸਦਾਚਾਰਕਤਾ ਅਤੇ ਅਮਲ ਦੀ ਉੱਚਮਤਾ ਨਾਲ ਆਪਣੇ ਗੁਰੂ 'ਤੇ ਪੂਰਨ ਭਰੋਸਾ ਹੋ ਗਿਆ ਤੇ ਉਹ ਉਨ੍ਹਾਂ ਦੇ ਬਾਲਾ ਪ੍ਰੀਤਮ ਬਣ ਗਏ। ਜਿਸ ਦ੍ਰਿੜਤਾ ਨਾਲ ਆਪ ਨੇ ਮਸੰਦਾਂ ਨੂੰ ਕਾਬੂ ਕੀਤਾ, ਉਸੇ ਦ੍ਰਿੜ੍ਹਤਾ ਨਾਲ ਆਪ ਨੇ ਸੰਗਤ ਨੂੰ ਕੁੜੀ ਮਾਰਨ ਤੋਂ ਤੋਬਾ ਕਰਨ ਦਾ ਹੁਕਮ ਕੀਤਾ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੁੜੀ ਮਾਰਨ ਨੂੰ ਆਪਣੀ ਕੁਰਹਿਤ ਵਿਚ ਸ਼ਾਮਲ ਕੀਤਾ ਸੀ, ਅਸਲ ਵਿਚ ਇਸ ਦਾ ਆਰੰਭ ਅੱਠਵੇਂ ਸਤਿਗੁਰੂ ਨੇ ਹੀ ਕਰ ਦਿੱਤਾ ਸੀ। ਦਸਮੇਸ਼ ਪਿਤਾ ਨੇ ਤਾਂ ਉਸ ਨੂੰ ਸਿੱਖ ਰਹਿਤ ਮਰਿਯਾਦਾ ਦਾ ਅਤੁੱਟ ਅੰਗ ਬਣਾਇਆ।




ਰਾਮਰਾਏ ਦੀਆਂ ਸੰਗਤਾਂ ਨੂੰ ਆਪਣੇ ਨਾਲ ਜੋੜਨ ਦੀਆਂ ਜਦੋਂ ਸਾਰੀਆਂ ਸਕੀਮਾਂ ਸਫਲ ਨਾ ਹੋ ਸਕੀਆਂ ਤਾਂ ਉਹ ਬਾਦਸ਼ਾਹ ਔਰੰਗਜ਼ੇਬ ਕੋਲ ਸ਼ਿਕਾਇਤ ਕਰਨ ਜਾ ਪਹੁੰਚਿਆ। ਬਾਦਸ਼ਾਹ ਤਾਂ ਮੌਕੇ ਦੀ ਭਾਲ ਵਿਚ ਹੀ ਸੀ ਕਿਉਂਕਿ ਉਸ ਨੂੰ ਯਕੀਨ ਸੀ ਕਿ ਗੁਰੂ ਦੇ ਸਿੱਖਾਂ ਨੂੰ ਇਸਲਾਮ ਧਾਰਨ ਕਰਨ ਲਈ ਕਿਸੇ ਵੀ ਢੰਗ ਨਾਲ ਤਿਆਰ ਨਹੀਂ ਕੀਤਾ ਜਾ ਸਕਦਾ। ਉਸ ਸੋਚਿਆ ਬਾਲ ਗੁਰੂ ਨੂੰ ਲਾਲਚ ਦੇ ਕੇ ਆਪਣੇ ਵੱਲ ਕੀਤਾ ਜਾ ਸਕਦਾ ਹੈ। ਉਸ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਉਣ ਦਾ ਫੈਸਲਾ ਕਰ ਲਿਆ। ਉਹ ਇਹ ਧਾਰਨਾ ਨਹੀਂ ਦੇਣਾ ਚਾਹੁੰਦਾ ਸੀ ਕਿ ਉਸ ਦੇ ਮਨ ਵਿਚ ਖੋਟ ਹੈ। ਇਸ ਕਰਕੇ ਉਸ ਨੇ ਰਾਜਾ ਜੈ ਸਿੰਘ ਨੂੰ ਬੁਲਾ ਕੇ ਹੁਕਮ ਕੀਤਾ ਕਿ ਮੈਂ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਉਨ੍ਹਾਂ ਨੂੰ ਇੱਜ਼ਤ ਮਾਣ ਨਾਲ ਦਿੱਲੀ ਲਿਆਂਦਾ ਜਾਵੇ। ਜਦੋਂ ਗੁਰੂ ਜੀ ਦੇ ਦਿੱਲੀ ਆਉਣ ਦੀ ਖ਼ਬਰ ਸੰਗਤ ਨੂੰ ਪਤਾ ਲੱਗੀ ਤਾਂ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਉਨ੍ਹਾਂ ਰਾਜਾ ਜੈ ਸਿੰਘ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਸਾਡੀ ਬੇਨਤੀ ਵੀ ਦੱਸੀ ਜਾਵੇ, ਅਸੀਂ ਬਾਲਾ ਪ੍ਰੀਤਮ ਦੇ ਦਰਸ਼ਨ ਲਈ ਬਿਹਬਲ ਹੋ ਰਹੇ ਹਾਂ।

ਜਦੋਂ ਇਹ ਸੱਦਾ ਪੱਤਰ ਗੁਰੂ ਜੀ ਕੋਲ ਪੁੱਜਾ ਤਾਂ ਉਨ੍ਹਾਂ ਇਸ ਸਬੰਧੀ ਵਿਚਾਰ ਕੀਤੀ। ਸੱਦਾ ਪੱਤਰ ਲੈ ਕੇ ਆਏ ਅਧਿਕਾਰੀ ਨੂੰ ਗੁਰੂ ਜੀ ਨੇ ਆਖਿਆ ਕਿ ਮੈਂ ਬਾਦਸ਼ਾਹ ਦੇ ਮੱਥੇ ਨਾ ਲੱਗਣ ਦਾ ਫੈਸਲਾ ਕਰ ਚੁੱਕਾ ਹਾਂ ਪਰ ਜੇਕਰ ਸੰਗਤ ਦੀ ਇੱਛਾ ਹੈ ਤਾਂ ਮੈਂ ਸੰਗਤ ਨੂੰ ਦਰਸ਼ਨ ਦੇਣ ਜ਼ਰੂਰ ਦਿੱਲੀ ਜਾਵਾਂਗਾ। ਅਧਿਕਾਰੀ ਮੁੜ ਰਾਜਾ ਜੈ ਸਿੰਘ ਕੋਲ ਗਿਆ। ਜੈ ਸਿੰਘ ਆਪ ਗੁਰੂ ਜੀ ਦੇ ਦਰਸ਼ਨਾਂ ਲਈ ਬਿਹਬਲ ਸੀ। ਉਸ ਉੱਤਰ ਭੇਜਿਆ ਕਿ ਗੁਰੂ ਜੀ ਤੁਹਾਡਾ ਬਾਸ਼ਾਹ ਨੂੰ ਮਿਲਣਾ ਜ਼ਰੂਰੀ ਨਹੀਂ ਹੈ, ਤੁਸੀਂ ਸੰਗਤ ਨੂੰ ਦਰਸ਼ਨ ਦੇਣ ਜ਼ਰੂਰ ਆਵੋ। ਗੁਰੂ ਜੀ ਨੇ ਸੋਚ ਵਿਚਾਰ ਕੇ ਦਿੱਲੀ ਜਾਣ ਦਾ ਫੈਸਲਾ ਕੀਤਾ। ਬਹੁਤ ਸਾਰੀ ਸੰਗਤ ਉਨ੍ਹਾਂ ਦੇ ਨਾਲ ਤੁਰ ਪਈ ਤੇ ਰਾਹ ਵਿਚ ਹੋਰ ਸੰਗਤ ਜੁੜਦੀ ਗਈ। ਜਦੋਂ ਗੁਰੂ ਜੀ ਪੰਜੋਖਰਾ ਪਿੰਡ ਪੁੱਜੇ ਤਾਂ ਆਪ ਨੇ ਸੰਗਤ ਨੂੰ ਵਾਪਸ ਜਾਣ ਦਾ ਆਦੇਸ਼ ਦਿੱਤਾ। ਆਪ ਜੀ ਨੇ ਉਥੇ ਇਕ ਲਕੀਰ ਖਿੱਚ ਦਿੱਤੀ ਕਿ ਇਸ ਤੋਂ ਅੱਗੇ ਕੋਈ ਸਿੱਖ ਨਹੀਂ ਜਾਵੇਗਾ। ਇਥੇ ਖਲੋ ਕੇ ਅਰਦਾਸ ਕੀਤਿਆਂ ਮੇਰੇ ਦਰਸ਼ਨ ਹੋ ਸਕਣਗੇ। ਆਪਣੇ ਕੁਝ ਪ੍ਰਚਾਰਕਾਂ ਨੂੰ ਵੀ ਉਥੇ ਰਹਿਣ ਲਈ ਆਖਿਆ ਤਾਂ ਜੋ ਉਹ ਸੰਗਤ ਨੂੰ ਗੁਰਬਾਣੀ ਨਾਲ ਜੋੜਨ ਦਾ ਕਾਰਜ ਕਰਨ। ਇਸੇ ਥਾਂ ਹੀ ਗੁਰੂ ਜੀ ਨੇ ਇਕ ਆਮ ਇਨਸਾਨ ਤੋਂ ਗੀਤਾ ਦੇ ਅਰਥ ਕਰਵਾ ਕੇ ਹੰਕਾਰੀ ਪੰਡਿਤ ਦਾ ਹੰਕਾਰ ਤੋੜਿਆ ਜਿਹੜਾ ਫਿਰ ਗੁਰੂ ਜੀ ਦਾ ਪੱਕਾ ਸਿੱਖ ਬਣਿਆ। ਗੁਰੂ ਜੀ ਜਦੋਂ ਦਿੱਲੀ ਪੁੱਜੇ ਤਾਂ ਰਾਜਾ ਜੈ ਸਿੰਘ ਨੇ ਨੰਗੇ ਪੈਰੀਂ ਆ ਕੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਆਪਣੇ ਮਹੱਲ ਵਿਚ ਠਹਿਰਾਇਆ। ਦਿੱਲੀ ਦੀ ਸੰਗਤ ਗੁਰੂ ਜੀ ਦੇ ਆਗਮਨ ਦੀ ਖਬਰ ਸੁਣ ਵਹੀਰਾਂ ਘੱਤ ਆਪਣੇ ਬਾਲਾ ਪ੍ਰੀਤਮ ਦੇ ਦਰਸ਼ਨਾਂ ਨੂੰ ਆਉਣ ਲੱਗ ਪਈ। ਬਾਦਸ਼ਾਹ ਨੇ ਗੁਰੂ ਲਈ ਕੀਮਤੀ ਤੋਹਫੇ ਭੇਜੇ ਅਤੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ। ਗੁਰੂ ਜੀ ਨੇ ਉੱਤਰ ਭੇਜਿਆ, "ਮੇਰਾ ਵੱਡਾ ਭਰਾ ਤੁਹਾਡੇ ਕੋਲ ਹੈ। ਰਾਜਸੀ ਵਿਚਾਰ ਤੇ ਕਾਰੋਬਾਰ ਉਹ ਹੀ ਕਰਦਾ ਹੈ। ਮੇਰਾ ਕਾਰਜ ਸੱਚੇ ਨਾਮ ਦਾ ਉਪਦੇਸ਼ ਦੇਣਾ ਹੈ। ਰਾਮਰਾਏ ਪਹਿਲਾਂ ਹੀ ਮੇਰਾ ਵਿਰੋਧੀ ਹੈ, ਜੇਕਰ ਮੈਂ ਤੁਹਾਡੇ ਕੋਲ ਆਇਆ ਤਾਂ ਉਹ ਹੋਰ ਵਿਰੋਧੀ ਹੋ ਜਾਵੇਗਾ। ਮੈਂ ਨਹੀਂ ਚਾਹੁੰਦਾ ਸਾਡੀ ਦੁਸ਼ਮਣੀ ਵਿਚ ਹੋਰ ਵਾਧਾ ਹੋਵੇ। ਇਸੇ ਕਰਕੇ ਮੈਂ ਤੁਹਾਨੂੰ ਨਾ ਮਿਲਣ ਦਾ ਫੈਸਲਾ ਕੀਤਾ ਹੋਇਆ ਹੈ।' " ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਗੁਰੂ ਜੀ ਕੋਲ ਜ਼ਰੂਰ ਕੋਈ ਦੈਵੀ ਸ਼ਕਤੀ ਹੈ ਤੇ ਉਹ ਦਰਸ਼ਨਾਂ ਲਈ ਹੋਰ ਵੀ ਉਤਾਵਲਾ ਹੋ ਗਿਆ।

ਉਦੋਂ ਹੀ ਦਿੱਲੀ ਵਿਚ ਚੇਚਕ ਫੈਲ ਗਈ। ਗੁਰੂ ਜੀ ਰੋਗੀਆਂ ਦੀ ਸੇਵਾ ਦਿਨ-ਰਾਤ ਕਰਨ ਲੱਗ ਪਏ। ਛੂਤ ਦੇ ਡਰੋਂ ਜਿਹੜੇ ਰੋਗੀਆਂ ਨੂੰ ਪਰਿਵਾਰ ਦੇ ਮੈਂਬਰਾਂ ਨੇ ਵੀ ਤਿਆਗ ਦਿੱਤਾ ਸੀ, ਗੁਰੂ ਜੀ ਨੇ ਉਨ੍ਹਾਂ ਦੀ ਸੇਵਾ ਕਰਕੇ ਉਨ੍ਹਾਂ ਦੇ ਦੁਖ ਨੂੰ ਦੂਰ ਕੀਤਾ। ਆਖਦੇ ਹਨ ਕਿ ਬਾਦਸ਼ਾਹ ਨੇ ਆਪਣੇ ਬੇਟੇ ਨੂੰ ਵੀ ਗੁਰੂ ਜੀ ਕੋਲ ਭੇਜਿਆ ਪਰ ਗੁਰੂ ਜੀ ਨੇ ਉਸ ਨਾਲ ਵੀ ਜਾਣ ਤੋਂ ਨਾਂਹ ਕਰ ਦਿੱਤੀ ਤੇ ਆਖਿਆ ਕਿ ਜੇਕਰ ਬਾਦਸ਼ਾਹ ਸਾਥੋਂ ਉਪਦੇਸ਼ ਲੈਣਾ ਚਾਹੁੰਦਾ ਹੈ ਤਾਂ ਤੁਸੀਂ ਹੀ ਸਾਡਾ ਸੰਦੇਸ਼ ਲਿਖ ਕੇ ਲੈ ਜਾਵੋ। ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਗੁਰੂ ਨਾਨਕ ਸਾਹਿਬ ਦਾ ਇਹ ਸ਼ਬਦ ਰਾਜ ਕੁਮਾਰ ਨੂੰ ਲਿਖਵਾਇਆ:

ਕਿਆ ਖਾਧੈ ਕਿਆ ਪੈਧੈ ਹੋਇ।।
ਜਾ ਮਨਿ ਨਾਹੀ ਸਚਾ ਸੋਇ।। ਅੰਕ (੧੪੨)

ਰਾਜਾ ਜੈ ਸਿੰਘ ਤਾਂ ਗੁਰੂ ਜੀ ਦੇ ਰੱਬੀ ਜੋਤ ਹੋਣ ਦਾ ਕਾਇਲ ਸੀ ਪਰ ਫਿਰ ਵੀ ਉਸ ਨੇ ਬਾਦਸ਼ਾਹ ਦੇ ਕਹਿਣ 'ਤੇ ਗੁਰੂ ਜੀ ਦੀ ਪਰਖ ਕੀਤੀ। ਗੁਰੂ ਜੀ ਜਾਣੀ ਜਾਣ ਸਨ। ਉਨ੍ਹਾਂ ਰਾਜੇ ਨੂੰ ਸਮਝਾਇਆ, ਗੁਰੂ ਦੀ ਕਿਰਪਾ ਉਨ੍ਹਾਂ ਉਤੇ ਹੀ ਹੁੰਦੀ ਹੈ ਜਿਹੜੇ ਅਟੁੱਟ ਸ਼ਰਧਾ ਰੱਖਦੇ ਹਨ। ਰਾਜਾ ਜੈ ਸਿੰਘ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਗੁਰੂ ਜੀ ਦਾ ਪੱਕਾ ਸ਼ਰਧਾਲੂ ਬਣ ਗਿਆ।

ਬਾਕੀ ਸਫ਼ਾ 32 'ਤੇ

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦੇਵ ਜੀ ਦੇ "ਜਪੁ" ਦੀਆਂ ਪ੍ਰਕਾਸ਼ ਘੜੀਆਂ

**ਡਾ. ਗੁਰਨਾਇਬ ਸਿੰਘ**




"ਜਪੁ" ਗੁਰੂ ਨਾਨਕ ਦੇਵ ਜੀ ਦੀ ਸੂਤਰਬੱਧ ਦਾਰਸ਼ਨਿਕ ਬਾਣੀ ਹੈ। ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਮੰਨਿਆ ਜਾਂਦਾ ਹੈ। ਗੁਰਬਾਣੀ ਦੀ ਸਹਿਜ ਵਿਆਖਿਆ ਪ੍ਰਣਾਲੀ ਅਨੁਸਾਰ ਸਮੱਗਰ ਸ੍ਰੀ ਗੁਰੂ ਗ੍ਰੰਥ ਸਾਹਿਬ ।।ਜਪੁ।। ਦਾ ਟੀਕਾ ਹੀ ਹੈ ਪਰ ਗੁਰਬਾਣੀ ਵਿਆਖਿਆ ਦੇ ਸੰਦਰਭ ਵਿੱਚ ਸਭ ਤੋਂ ਪਹਿਲਾਂ ਟੀਕਾ ਜਪੁ ਦਾ ਹੀ ਹੋਇਆ ਮੰਨਿਆ ਗਿਆ ਹੈ। ਇਹ ਟੀਕਾ ਸੋਢੀ ਮਿਹਰਬਾਨ ਦੇ ਸਪੁੱਤਰ ਹਰਿ ਜੀ ਵੱਲੋਂ ਹੋਇਆ ਮਿਲਦਾ ਹੈ। ਇਸ ਤੋਂ ਬਾਅਦ ਭਾਈ ਮਨੀ ਸਿੰਘ ਵਾਲੇ ਟੀਕੇ ਦਾ ਸਥਾਨ ਆਉਂਦਾ ਹੈ। ਲਿਖਤ ਰੂਪ ਵਿਚ ਜਪੁ ਦੇ ਕਈ ਸੌ ਟੀਕੇ ਉਪਲਬਧ ਦੱਸੇ ਜਾਂਦੇ ਹਨ।

ਜਪੁ ਭਾਵੇਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਪਰ ਇਸ ਉਤੇ ਗੁਰਬਾਣੀ ਲਿਖਤ ਵਿਧਾਨ ਅਨੁਸਾਰ ਬਾਣੀਕਾਰ ਦਾ ਨਾਮ ਅੰਕਤ ਨਹੀਂ ਹੈ। ਇਸ ਦੀਆਂ 12 ਪਉੜੀਆਂ ਅੰਦਰ ਨਾਨਕ ਛਾਪ ਵੀ ਨਹੀਂ ਹੈ। ਪਉੜੀ ਛੰਦ ਨੂੰ ਬਾਣੀ ਲਿਖਤ ਵਿਧਾਨ ਮੁਤਾਬਕ ਜਪੁ ਸਿਰਲੇਖ ਅਧੀਨ ਲਿਪੀਬੱਧ ਕਰ ਕੇ ਵੀ ਨਹੀਂ ਦਰਸਾਇਆ ਗਿਆ। ਜਪੁ ਦੇ ਰਾਗ ਸਬੰਧੀ ਵੀ ਕੋਈ ਸੂਚਨਾ ਅੰਕਤ ਹੋਈ ਨਹੀਂ ਮਿਲੀ ਪਰ ਇਸ ਦੇ ਕਈ ਪੁਰਾਤਨ ਹੱਥ ਲਿਖਤੀ ਖਰੜਿਆਂ ਵਿਚ ਇਸ ਉੱਤੇ ਰਾਗ ਆਸਾ ਮਹੱਲਾ ਅੰਕਿਤ ਹੋਇਆ ਮਿਲਦਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਇਸ ਬਾਣੀ ਦਾ ਰਾਗ ਆਸਾ ਹੈ ਤੇ ਬਾਣੀਕਾਰ ਗੁਰੂ ਨਾਨਕ ਦੇਵ ਜੀ ਹਨ। ਆਸਾ ਰਾਗ ਅੰਮ੍ਰਿਤ ਵੇਲੇ ਦਾ ਰਾਗ ਹੈ ਅਤੇ ਇਸ ਰਾਗ ਵਿਚ ਲਿਖੀ ਬਾਣੀ ਅੰਮ੍ਰਿਤ ਵੇਲੇ ਪੜ੍ਹੀ ਜਾਂ ਗਾਈ ਜਾਂਦੀ ਹੈ। ਜਪੁ ਦਾ ਵਿਸ਼ਾ, ਪ੍ਰਭੂ ਉਸਤਤ, ਅੰਮ੍ਰਿਤ ਵੇਲੇ ਦੇ ਰਾਗ ਆਸਾ ਦਾ ਵਿਸ਼ਾ ਹੈ। ਡਾ. ਚਰਨ ਸਿੰਘ ਦੀ ਪੁਸਤਕ ਬਾਣੀ ਬਿਓਰਾ ਅਨੁਸਾਰ, ਜਪੁਜੀ ਦੀਆਂ ਮਾਤਰਾਂ ਜੇ ਜੋੜੀਆਂ ਜਾਣ ਤਾਂ ਕੁਲ ਜੋੜ ਅੱਖਰਾਂ ਜਿੰਨਾ ਹੀ ਆਉਂਦਾ ਹੈ। ਕੁੱਲ ਅੱਖਰ 4977 ਹਨ ਤੇ ਮਾਤਰਾਂ ਤੇ ਮੁਕਤੇ ਵੀ 4977 ਹੀ ਹਨ।

ਜਪੁ ਨਾਨਕ ਸਾਹਿਬ ਵੱਲੋਂ ਪਹਿਲੀ ਵਾਰ ਹਾਜ਼ਰ ਹਜ਼ੂਰ ਅਕਾਲ ਪੁਰਖ ਸਨਮੁਖ ਉਸ ਦੇ ਹੁਕਮ ਦੀ ਸਿਫ਼ਤ ਸਲਾਹ ਵਿਚ ਉਚਾਰੀ ਵਾਰ ਹੈ ਜੋ ਉਸ ਨੂੰ ਪ੍ਰਵਾਨ ਹੋਈ। ਇਹ ਧੁਰ ਕੀ ਬਾਣੀ ਇਸ ਕਰਕੇ ਹੈ ਕਿਉਂਕਿ ਅਕਾਲ ਪੁਰਖ ਦੀ ਸਿਫ਼ਤ ਵੀ ਉਹ ਹੀ ਕਰ ਸਕਦਾ ਹੈ ਜਿਸ ਉੱਤੇ ਉਸ ਦੀ ਨਦਰ ਹੁੰਦੀ ਹੈ। ਗੁਰੂ ਨਾਨਕ ਉਤੇ ਉਸ ਦੀ ਨਦਰ ਆਈ ਤੇ ਉਨ੍ਹਾਂ ਨੂੰ ਹੁਕਮ ਹੋਇਆ ਕਿ ਉਹ ਉਸ ਦੀ ਸਿਫ਼ਤ ਕਰਨ। ਇਸ ਨਦਰ ਕਾਰਨ ਨਾਨਕ ਜੀ ਦੇ ਸਵਾਸ ਉਸ ਪ੍ਰਭੂ ਦੀ ਸਿਫ਼ਤ ਸਲਾਹ ਦਾ ਰੂਪ ਗ੍ਰਹਿਣ ਕਰ ਸਕੇ ਅਤੇ ਨਾਨਕ ਸਾਹਿਬ ਦੇ ਮੁਖੋਂ ਜਪੁ ਦਾ ਪ੍ਰਕਾਸ਼ ਹੋਇਆ। ਇਸ ਤਰੀਕੇ ਨਾਲ ਸਿਫ਼ਤ ਸਲਾਹ ਦਾ ਇਹ ਭਾਸ਼ਾਈ ਰੂਪ ਅਕਾਲ ਪੁਰਖ ਦੀ ਬਾਣੀ ਅਖਵਾਇਆ ਹੈ। ਜਪੁ ਅਕਾਲ ਪੁਰਖ ਦੀ ਵਾਰ ਹੈ ਜਿਸ ਦਾ ਛੰਦ ਰੂਪ ਪਉੜੀ ਹੈ। ਸਿਫ਼ਤ ਦਾ ਅਰਥ ਹੈ ਗੁਣ ਅਤੇ ਸਲਾਹ ਦਾ ਅਰਥ ਹੈ ਉਨ੍ਹਾਂ ਦੀ ਉਸਤਤ, ਮਹਿਮਾ, ਵਖਿਆਨ। ਜਪੁ ਦਾ ਅਰਥ ਹੈ ਉਨ੍ਹਾਂ ਗੁਣਾਂ ਨੂੰ ਵਾਰ-ਵਾਰ ਦੱਸਣਾ ਜਾਂ ਦੁਹਰਾਉਣਾ। ਸਿਫ਼ਤ ਸਲਾਹ ਦੇ ਜਾਪੁ ਦਾ ਅਰਥ ਹੋਇਆ, ਅਕਾਲ ਪੁਰਖ ਦੇ ਗੁਣਾਂ ਦਾ ਵਾਰ-ਵਾਰ ਵਖਿਆਨ। ਗੁਰੂ ਨਾਨਕ ਸਾਹਿਬ ਨੇ ਜਪੁ ਵਿਚ ਇਹੋ ਕੀਤਾ ਹੈ। ਨਿਰੰਕਾਰ ਦੇ ਸਰੂਪ ਦੀ ਥਾਹ ਪਾ ਲੈਣ ਦਾ ਦਾਅਵਾ ਕਰਨ ਵਾਲੇ ਉਨ੍ਹਾਂ ਵਕਤਾਂ ਦੇ ਦਾਅਵੇਦਾਰਾਂ ਨੂੰ ਗੁਰੂ ਨਾਨਕ ਜੀ ਨੇ ਜਪੁ ਦੇ ਰੂਪ ਵਿੱਚ ਅਕਾਲ ਪੁਰਖ ਦੇ ਗੁਣਾਂ ਨੂੰ ਵਾਰ-ਵਾਰ ਗਾ ਕੇ ਸੁਣਾਇਆ। ਉਨ੍ਹਾਂ ਲੋਕਾਂ ਨੇ ਨਾਨਕ ਸਾਹਿਬ ਵਾਸਤੇ 'ਭੂਤਨਾ, 'ਬੇਤਾਲਾ ਦੇ ਸ਼ਬਦੀ ਵਿਸ਼ੇਸ਼ਣਾਂ ਦੀ ਵਰਤੋਂ ਕੀਤੀ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਵਿਸ਼ੇਸ਼ਣਾਂ ਨੂੰ ਸਵੀਕਾਰ ਕਰਦਿਆਂ ਹੋਰ ਵੀ ਦੀਵਾਨਗੀ ਨਾਲ ਜਪੁ ਨੂੰ ਨਾਨਕ ਬਾਣੀ ਦੇ ਰੂਪ ਵਿਚ ਗਾਇਆ। ਉਨ੍ਹਾਂ ਤੋਂ ਪਿੱਛੋਂ ਦੂਜੇ ਗੁਰੂ ਸਾਹਿਬਾਨ ਨੇ 'ਨਾਨਕ' ਨੂੰ ਗਾਇਆ। ਇਸ ਤਰ੍ਹਾਂ ਸਮੁੱਚੀ ਗੁਰਬਾਣੀ ਜਪੁ ਦਾ ਵਿਸਥਾਰ ਬਣੀ ਤੇ ਅਕਾਲ ਪੁਰਖ ਦੀ ਸਿਫ਼ਤ ਸਲਾਹ ਅਖਵਾਈ।

ਸਿੱਖ ਇਤਿਹਾਸ ਅੰਦਰ ਜਪੁ ਦੇ ਪ੍ਰਕਾਸ਼ ਬਾਰੇ ਤਿੰਨ ਮੱਤ ਉਪਲੱਬਧ ਹਨ। ਪਹਿਲੇ ਮੱਤ ਮੁਤਾਬਕ ਜਪੁ ਗੁਰੂ ਨਾਨਕ ਜੀ ਵੱਲੋਂ ਵੇਈਂ ਪ੍ਰਵੇਸ਼ ਦੌਰਾਨ ਨਿਰੰਕਾਰ ਦੇ ਦਰਬਾਰ ਵਿਚ ਉਚਾਰਿਆ ਮੰਨਿਆ ਜਾਂਦਾ ਹੈ। ਵੇਈਂ ਪ੍ਰਵੇਸ਼ ਵਾਲੀ ਸਾਖੀ ਅਨੁਸਾਰ ਗੁਰੂ ਨਾਨਕ ਜੀ ਨੂੰ ਪਾਰਬ੍ਰਹਮ ਪਰਮੇਸ਼ਰ ਦੇ ਦਰਬਾਰ ਵਿਚ ਲਿਜਾਇਆ ਗਿਆ, ਕਿਉਂਕਿ ਉਹ ਇਸ ਧਰਤੀ ਉੱਤੇ ਅਕਾਲ ਪੁਰਖ ਦੇ ਹੁਕਮ ਨੂੰ ਪਛਾਣ ਗਏ ਸਨ। ਉਹ ਉਸ ਹੁਕਮ ਦੇ ਗੀਤ ਗਾ ਰਹੇ ਸਨ ਇਸ ਕਰ ਕੇ ਉਹ ਅਕਾਲ ਪੁਰਖ ਨੂੰ ਭਾਅ ਗਏ ਸਨ। ਅਕਾਲ ਪੁਰਖ ਨੇ ਗੁਰੂ ਨਾਨਕ ਜੀ ਨੂੰ ਆਪਣੇ ਪਾਸ ਲੈ ਕੇ ਆਉਣ ਦਾ ਆਦੇਸ਼ ਦਿੱਤਾ। ਸਾਖੀਆਂ ਮੁਤਾਬਿਕ "ਤਬਿ ਫਿਰ ਅਵਾਜ ਹੋਆ, ਨਾਨਕ ਮੇਰਾ ਹੁਕਮ ਤੇਰੀ ਨਦਰੀ ਆਇਆ ਹੈ, ਤੂੰ ਮੇਰੇ ਹੁਕਮ ਦੀ ਸਿਫਤ ਕਰੁ। ਜੋ ਕਿਸੀ ਕਿਆ ਹੋਆ ਹੈ ਅਤੇ ਮੇਰੇ ਦਰਿ ਕਿਆ ਕਿਆ ਸੁਣਿਆ ਬਜੰਤ ਗਾਵਨ ਹਾਰੇ।" ਤਬਿ ਬਾਬਾ ਬੋਲਿਆ, "ਧੁਨਿ ਉਠੀ ਰਾਗ ਆਸਾ ਮ.ਲ. ਜਪੁ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ਜਪੁ ਸੰਪੂਰਣੁ ਕੀਤਾ।" ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਜਪੁ ਰੂਪ ਵਿਚ ਸਿਫ਼ਤ ਕੀਤੀ। ਇਹ ਸਿਫ਼ਤ ਅਕਾਲ ਪੁਰਖ ਨੂੰ ਪੋਹ ਗਈ। ਜਪੁ ਪ੍ਰਵਾਨ ਹੋਇਆ ਅਤੇ ਨਾਨਕ ਸਾਹਿਬ ਨੂੰ ਜਪੁ ਦਾ ਪ੍ਰਕਾਸ਼ ਧਰਤੀ ਉਤੇ ਕਰਨ ਕਰਾਉਣ ਦਾ ਆਦੇਸ਼ ਦਿੱਤਾ ਗਿਆ। ਇਸ ਤਰ੍ਹਾਂ ਗੁਰੂ ਨਾਨਕ ਜੀ ਨੇ ਜਪੁ ਦਾ ਉਚਾਰਨ ਵੇਈਂ ਪ੍ਰਵੇਸ਼ ਦੌਰਾਨ ਰੱਬ ਸੱਚੇ ਦੇ ਦਰਬਾਰ ਵਿਚ ਉਸ ਦੇ ਹੁਕਮ ਦੀ ਸਿਫਤ ਦੇ ਰੂਪ ਵਿਚ ਪਹਿਲੀ ਵਾਰ ਕੀਤਾ। ਸਿੱਖ ਪਰੰਪਰਾ ਨੇ ਜਪੁ ਦੇ ਪ੍ਰਕਾਸ਼ ਬਾਰੇ ਇਸ ਮੱਤ ਨੂੰ ਸੰਪੂਰਨ ਰੂਪ ਵਿਚ ਪ੍ਰਵਾਨ ਕਰ ਲਿਆ ਹੋਇਆ ਹੈ। ਦੂਜਾ ਮੱਤ ਜਪੁ ਨੂੰ ਸਮੁੱਚੀ ਨਾਨਕ ਬਾਣੀ ਅੰਦਰੋਂ 'ਮਥਕੇ' ਕੱਢਿਆ ਮੰਨਦਾ ਹੈ। ਇਸ ਧਾਰਣਾ ਮੁਤਾਬਿਕ ਮੰਥਨ ਦਾ ਕਾਰਜ ਗੁਰੂ ਅੰਗਦ ਦੇਵ ਜੀ ਨੇ ਕੀਤਾ ਸੀ। ਇਸ ਮੱਤ ਦਾ ਸਭ ਤੋਂ ਪਹਿਲਾ ਹਵਾਲਾ ਮਿਹਰਬਾਨ ਵਾਲੀ ਜਨਮਸਾਖੀ ਦੇ ਸੋਢੀ ਹਰਿ ਜੀ ਵਾਲੇ ਭਾਗ ਵਿਚੋਂ ਪ੍ਰਾਪਤ ਹੋਇਆ ਹੈ। ਇਸ ਹਵਾਲੇ ਅਨੁਸਾਰ ਗੁਰੂ ਨਾਨਕ ਨੂੰ ਪਾਰਬ੍ਰਹਮ ਨੇ ਸੱਦ ਕੇ ਆਪਣੀ ਸਿਫ਼ਤ ਕਰਨ ਦੀ ਆਗਿਆ ਕੀਤੀ। ਇਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਅੰਗਦ ਨੂੰ ਆਖਿਆ, "ਪੁਰਖਾ ਅੰਗਦਾ। ਇਕ ਐਸੀ ਸਿਫ਼ਤ ਪਰਮੇਸ਼ਰ ਦੀ ਕਹੀਐ ਜਿਸ ਕਾ ਇਕੁ ਜਪੁ ਹੋਇ। ਐਸੀ ਸਿਫਤਿ ਕਾ ਜੋੜ ਬੰਧੀਐ ਪੁਰਖਾ।" ਗੁਰੂ ਅੰਗਦ ਦੇਵ ਜੀ ਨੇ ਨਾਨਕ-ਬਾਣੀ ਅੰਦਰੋਂ 38 ਪਉੜੀਆਂ ਚੁਣ ਕੇ ਗੁਰੂ ਨਾਨਕ ਦੇਵ ਜੀ ਦੀ ਨਜ਼ਰ ਕੀਤੀਆਂ ਜਿਹੜੀਆਂ ਉਨ੍ਹਾਂ ਨੇ ਪ੍ਰਵਾਨ ਕੀਤੀਆਂ। ਪਾਰਬ੍ਰਹਮ ਵੱਲੋਂ ਦੁਬਾਰਾ ਸੱਦਣ ਉੱਤੇ, ਪੁੱਛਣ ਉਪਰੰਤ ਗੁਰੂ ਨਾਨਕ ਜੀ ਨੇ ਇਹ ਜਪੁ ਸੁਣਾਇਆ। ਇਹ ਜਪੁ ਕਬੂਲ ਹੋਇਆ। ਇਸ ਸਾਖੀ ਵਿਚ ਜਪੁ ਦੇ ਉਚਾਰਨ, ਤਰਤੀਬ ਤੇ ਮਹਾਤਮ ਬਾਰੇ ਵਿਸਥਾਰ ਨਾਲ ਲਿਖਿਆ ਹੈ। ਸ੍ਰੀ ਜਪੁ ਜੀ ਸਾਹਿਬ ਦਾ ਪਰਮਾਰਥ ਵਾਲੀ ਸਾਖੀ ਵਿਚ ਪੂਰੇ ਜਪੁ ਦਾ ਟੀਕਾ ਪੇਸ਼ ਕੀਤਾ ਹੈ। ਇਸ ਮੱਤ ਅਧੀਨ ਗੁਰੂ ਅੰਗਦ ਦੇਵ ਜੀ ਨੇ ਜਪੁ ਨੂੰ ਪ੍ਰਾਪਤ ਪ੍ਰਵਾਨਤ ਤਰਤੀਬ ਦਿੱਤੀ ਸੀ ਪਰ ਇਸ ਅੰਦਰ ਦਰਜ ਬਾਣੀ ਸਿੱਧਾਂ ਨਾਲ ਗੋਸ਼ਟਿ ਦੌਰਾਨ ਪਹਿਲਾਂ ਹੀ ਰਚੀ ਹੋਈ ਸੀ। ਪਰਮਾਰਥ ਵਾਲੀ ਸਾਖੀ ਵਿਚ ਇਸ ਦਾ ਟੀਕਾ ਕਰਨ ਵੇਲੇ ਇਸ ਨੂੰ ਸਿੱਧਾਂ ਨਾਲ ਸੰਵਾਦ ਦੇ ਰੂਪ ਵਿਚ ਹੀ ਪੇਸ਼ ਕੀਤਾ ਗਿਆ ਹੈ।

ਗੁਰਬਾਣੀ ਵਿਆਖਿਆ ਦੇ ਸੰਦਰਭ ਵਿਚ ਜਪੁ ਦਾ ਇਹ ਸਭ ਤੋਂ ਪਹਿਲਾ ਟੀਕਾ ਮੰਨਿਆ ਗਿਆ ਹੈ ਜਿਹੜਾ ਸੋਢੀ ਮਿਹਰਬਾਨ ਦੇ ਸਪੁੱਤਰ ਸੋਢੀ ਹਰਿ ਜੀ ਵੱਲੋਂ ਕੀਤਾ ਗਿਆ ਸੀ। ਇਸ ਸਾਖੀ ਅਨੁਸਾਰ ਜਪੁ ਦਾ ਪ੍ਰਵਾਨਤ ਰੂਪ ਨਾਨਕ-ਬਾਣੀ ਅੰਦਰੋਂ ਪਰਮੇਸ਼ਰ ਦੀ ਇੱਛਾ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਆਗਿਆ ਵਿਚ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਵਿਖੇ ਤਿਆਰ ਕੀਤਾ ਸੀ।

ਤੀਜਾ ਮੱਤ ਜਪੁ ਨੂੰ ਗੁਰੂ ਨਾਨਕ ਜੀ ਵੱਲੋਂ ਸੁਮੇਰ ਪਰਬਤ ਉੱਤੇ ਹੋਈ ਸਿੱਧ ਗੋਸ਼ਟਿ ਵੇਲੇ ਉਚਾਰਿਆ ਮੰਨਦਾ ਹੈ। ਇਸ ਮੱਤ ਅਨੁਸਾਰ ਜਪੁ ਸਿੱਧਾਂ ਵੱਲੋਂ ਗੁਰੂ ਨਾਨਕ ਜੀ ਅੱਗੇ ਰੱਖੀਆਂ ਪੁੱਛਾਂ ਦਾ ਪ੍ਰਕਾਸ਼ ਉਤਰ ਹੈ। ਇਸ ਮੱਤ ਦੇ ਧਾਰਨੀ ਜਪੁ ਬਾਣੀ ਦੀਆਂ ਪਉੜੀਆਂ ਅੰਦਰ ਸਮੋਈ ਸੰਵਾਦੀ ਜੁਗਤ ਨੂੰ ਆਪਣੀ ਦਲੀਲ ਦਾ ਆਧਾਰ ਬਣਾਉਂਦੇ ਹਨ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਗਿਆਨ ਰਤਨਾਵਲੀ ਵਿਚ ਜਪੁ ਦਾ ਜ਼ਿਕਰ ਟੀਕੇ ਸਮੇਤ ਸੁਮੇਰ ਪਰਬਤ ਉੱਤੇ ਸਿੱਧਾਂ ਨਾਲ ਹੋਈ ਗੋਸ਼ਟਿ ਦੇ ਸੰਦਰਭ ਵਿਚ ਹੀ ਆਉਂਦਾ ਹੈ। ਇਥੇ ਗੁਰੂ ਨਾਨਕ ਸਾਹਿਬ ਬਹੁਤ ਹੀ ਵਿਸਥਾਰ ਨਾਲ ਸਿੱਧਾਂ ਦੇ ਸ਼ੰਕਿਆਂ ਦਾ ਨਿਵਾਰਨ ਜਪੁ ਦੇ ਰੂਪ ਵਿਚ ਕਰਦੇ ਹਨ। ਗੁਰੂ ਨਾਨਕ ਸਾਹਿਬ ਦੇ ਇਲਾਹੀ ਤੇਜਤਪ ਤੋਂ ਪ੍ਰਭਾਵਤ ਸਿੱਧਾਂ ਦੇ ਦਿਲ ਅੰਦਰ ਉਸ ਨੂੰ ਆਪਣੇ ਪੰਥ ਵਿਚ ਸ਼ਾਮਲ ਕਰਨ ਦਾ ਵਲਵਲਾ ਉੱਠਦਾ ਹੈ ਪਰ ਗੁਰੂ ਨਾਨਕ ਜੀ ਜਪੁ ਨਾਲ ਉਨ੍ਹਾਂ ਨੂੰ ਜਿੱਤ ਲੈਂਦੇ ਹਨ। ਸਿੱਧ ਮਸਤਕ ਅੰਦਰ ਉਸਰੀ, ਸੱਚ ਨੂੰ ਪਾ ਲੈਣ ਦਾ ਦਾਅਵਾ ਕਰਨ ਵਾਲੀ, ਹੰਕਾਰ ਦੀ ਕੂੜੀ ਕੰਧ ਢਹਿ ਜਾਂਦੀ ਹੈ। ਸਿੱਧ ਜਪੁ ਨੂੰ ਮਨ ਅੰਦਰ ਵਸਾ ਲੈਂਦੇ ਹਨ। ਇਸ ਤਰ੍ਹਾਂ ਜਪੁ ਹੰਕਾਰੀ ਵਿਦਵਤਾ ਉੱਤੇ ਜਿੱਤ ਦਾ ਨਿਸ਼ਾਨ ਬਣ ਜਗਤ ਨੂੰ ਉਸ ਇਕ ਦੇ ਹੁਕਮ ਦੀ ਨਿਸ਼ਾਨਦੇਹੀ ਕਰ ਸਕਣ ਦੀ ਸੋਝੀ ਬਖ਼ਸ਼ਣ ਵਾਲੀ ਬਾਣੀ ਬਣ ਜਾਂਦਾ ਹੈ। ਇਸ ਸਾਖੀ ਦੇ ਆਧਾਰ ਉੱਤੇ ਭਾਈ ਮਨੀ ਸਿੰਘ ਜਪੁ ਨੂੰ ਸੁਮੇਰ ਪਰਬਤ ਉੱਤੇ ਗੁਰੂ ਨਾਨਕ ਸਾਹਿਬ ਦੀ ਸਿੱਧਾਂ ਨਾਲ ਹੋਈ ਗੋਸ਼ਟਿ ਦਾ ਨਤੀਜਾ ਮੰਨਦਾ ਹੈ। ਇਸ ਗੋਸ਼ਟਿ ਦਾ ਇਕ ਦਿਲਚਸਪ ਪਹਿਲੂ ਇਹ ਹੈ ਕਿ ਭਾਈ ਮਰਦਾਨਾ ਤੇ ਜਾਂ 'ਬਾਲਾ' ਇਸ ਦੇ ਸਾਖ਼ਸ਼ੀ ਨਹੀਂ ਹਨ। ਬਾਬਾ ਗੁਰੂ ਨਾਨਕ ਸੁਮੇਰ ਪਰਬਤ ਉੱਤੇ ਜਾਣ ਵੇਲੇ ਉਨ੍ਹਾਂ ਨੂੰ ਕਾਗ ਭਸੁੰਡ ਕੋਲ ਹੀ ਟਿਕੇ ਰਹਿਣ ਦਾ ਆਦੇਸ਼ ਦੇ ਗਏ ਸਨ। ਗਿਆਨ ਰਤਨਾਵਲੀ ਵਾਲਾ ਇਹ ਟੀਕਾ ਜਪੁ ਦੇ ਟੀਕਾ ਇਤਿਹਾਸ ਦਾ ਇਕ ਹੋਰ ਮਹੱਤਵਪੂਰਨ ਦਸਤਾਵੇਜ਼ ਹੈ ਜਿਹੜਾ ਇਸ ਦੇ ਅਰਥ ਵਿਸਥਾਰ ਹਿਤ ਵਿਕਸਤ ਹੋਏ ਸਿੱਖ ਚਿੰਤਨ ਨੂੰ ਪ੍ਰਕਾਸ਼ਮਾਨ ਕਰਦਾ ਹੈ। ਸਾਖੀ ਦੇ ਇਕ ਅੰਗ ਰੂਪ ਵੱਜੋਂ ਇਸ ਦੀ ਮਹੱਤਤਾ ਤਾਂ ਹੈ ਹੀ ਪਰ ਇਸ ਨੂੰ ਸੁਤੰਤਰ ਟੀਕਾ ਮੰਨ ਕੇ ਅਧਿਐਨ ਦਾ ਵਿਸ਼ਾ ਬਣਾਉਣਾ ਹੋਰ ਵੀ ਦਿਲਚਸਪ ਹੋਵੇਗਾ। ਇਸ ਨਾਲ ਸਿੱਖ ਚਿੰਤਨ ਦੀ ਵਿਕਾਸਧਾਰਾ ਦੇ ਕਈ ਹੋਰ ਪੱਖ ਤੇ ਪੜਾਅ ਉਜਾਗਰ ਹੋਣਗੇ। ਭਾਈ ਮਨੀ ਸਿੰਘ ਵੱਲੋਂ ਜਪੁ ਦੇ ਟੀਕੇ ਨੂੰ ਦਿੱਤਾ ਜਿੱਤ ਦਾ ਵਿਸ਼ੇਸ਼ਣ ਪੰਜਾਬ ਅੰਦਰ ਸਿੱਖ ਰਾਜਨੀਤੀ ਦੀ ਚੜ੍ਹਤ ਨੂੰ ਪ੍ਰਤੀਬਿੰਬਤ ਕਰਦਾ ਹੈ।

ਜਪੁ ਪ੍ਰਕਾਸ਼ ਬਾਰੇ ਪ੍ਰਚੱਲਤ ਉਪਰੋਕਤ ਤਿੰਨ ਮੱਤਾਂ ਵਿਚ ਤਿੰਨ ਸ਼ਬਦ "ਸਿਫ਼ਤ, ਮੰਥਨ ਤੇ ਜਿੱਤ" ਪ੍ਰਮੁੱਖ ਹਨ। ਜਪੁ ਦੇ ਪ੍ਰਕਾਸ਼ ਹਿਤ ਟੀਕੇ ਦੇ ਪ੍ਰਸੰਗ ਵਿਚ ਇਹ ਤਿੰਨ ਸ਼ਬਦ ਸਿੱਖ ਚਿੰਤਨ ਅੰਦਰ ਹੋਏ ਵਿਕਾਸ ਦੇ ਪੜ੍ਹਾਵਾਂ ਨੂੰ ਦਰਸਾਉਂਦੇ ਹਨ ਜਿਹੜੇ ਪੰਜਾਬ ਵਿੱਚ ਸਿੱਖ ਸਮਾਜ ਵੱਲੋਂ ਗ੍ਰਹਿਣ ਕੀਤੀ ਸਥਿਤੀ ਤੇ ਸਮਰੱਥਾ ਦੇ ਹਰ ਪੱਖ ਤੋਂ ਤੋਲ ਦੇ ਸੂਚਕ ਹਨ।

# ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ

**ਸੁਖਵਿੰਦਰਜੀਤ ਸਿੰਘ ਮਨੌਲੀ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਕੀਤੀਆਂ, ਜਿਨ੍ਹਾਂ 'ਚ ਉਹ ਦੱਖਣੀ ਭਾਰਤ ਦੀ ਉਦਾਸੀ ਸਮੇਂ ਅਸਾਮ ਤੋਂ ਬੰਗਾਲ ਹੁੰਦੇ ਹੋਏ ਉੜੀਸਾ ਦੇ ਸ਼ਹਿਰ ਭੱਦਰਕ, ਜਾਜਪੁਰ ਤੋਂ ਕਟਕ ਹੁੰਦੇ ਹੋਏ ਬਾਅਦ 'ਚ ਪੁਰੀ ਪਹੁੰਚੇ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜਦੋਂ ਖਾਲਸਾ ਪੰਥ ਸਾਜਿਆ ਤਾਂ ਪੰਜ ਪਿਆਰਿਆਂ 'ਚ ਸ਼ਾਮਲ ਇਕ ਪਿਆਰਾ ਭਾਈ ਹਿੰਮਤ ਸਿੰਘ ਦਾ ਸਬੰਧ ਉੜੀਸਾ ਦੇ ਸ਼ਹਿਰ ਪੁਰੀ ਨਾਲ ਸੀ। ਪੁਰੀ 'ਚ ਗੁਰੂ ਦੇ ਪਿਆਰੇ ਹਿੰਮਤ ਸਿੰਘ ਦੇ ਨਾਮ 'ਤੇ ਇਤਿਹਾਸਕ ਯਾਦਗਾਰ ਵਜੋਂ ਇਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਤੋਂ ਸ਼ਹਿਰ ਕਟਕ 25 ਕਿਲੋਮੀਟਰ ਦੀ ਦੂਰੀ 'ਤੇ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੈ। ਉੜੀਸਾ ਦੇ ਇਤਿਹਾਸਕ ਸ਼ਹਿਰ ਪੁਰੀ ਜਾਣ ਤੋਂ ਪਹਿਲਾਂ ਕਟਕ 'ਚ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਠਹਿਰੇ ਸਨ, ਕੋਲਕਾਤਾ-ਚੇਨਈ ਨੈਸ਼ਨਲ ਹਾਈਵੇਅ 'ਤੇ ਮਹਾਨਦੀ ਦੇ ਕਿਨਾਰੇ 'ਤੇ ਇਤਿਹਾਸਕ ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ ਸਜਿਆ ਹੋਇਆ ਹੈ। ਕਟਕ ਦੇ ਇਸ ਗੁਰਦੁਆਰਾ ਸਾਹਿਬ ਦਾ ਸਿੱਖ ਇਤਿਹਾਸ 'ਚ ਇਕ ਖਾਸ ਸਥਾਨ ਹੈ। ਜਦੋਂ ਆਪਣੀ ਦੱਖਣੀ ਉਦਾਸੀ ਦੇ ਸਮੇਂ ਗੁਰੂ ਨਾਨਕ ਸਾਹਿਬ ਇੱਥੇ ਆ ਕੇ ਠਹਿਰੇ, ਤਾਂ



ਉੜੀਸਾ ਦਾ ਗਵਰਨਰ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੋਂ ਜਾਣੂ ਸੀ, ਇਸ ਸਥਾਨ 'ਤੇ ਉਨ੍ਹਾਂ ਦੇ ਦਰਸ਼ਨਾਂ ਲਈ ਆਇਆ। ਇਸ ਤੋਂ ਬਾਅਦ ਗੁਰੂ ਜੀ ਦੀ ਮਾਨਤਾ 'ਚ ਉੱਥੋਂ ਦੇ ਵੱਡੀ ਗਿਣਤੀ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਲੱਗੇ।

ਮਹਾਨਦੀ ਦੇ ਕਿਨਾਰੇ ਜਿਥੇ ਗੁਰੂ ਜੀ ਠਹਿਰੇ ਹੋਏ ਸਨ, ਉੱਥੇ ਨੇੜੇ ਹੀ ਇਕ ਸਾਧੂ ਰਹਿੰਦਾ ਸੀ, ਜਿਸ ਦਾ ਨਾਮ ਚੇਤਨਿਆ ਭਾਰਤੀ ਸੀ। ਚੇਤਨਿਆ ਭਾਰਤੀ ਸਾਧੂ ਭੈਰਵ ਦੇਵਤੇ ਦੀ ਪੂਜਾ ਅਰਚਣਾ ਕਰਿਆ ਕਰਦਾ ਸੀ। ਉਥੋਂ ਦੇ ਲੋਕਾਂ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਸ਼ਰਧਾ ਭਾਵ ਤੋਂ ਸਾਧੂ ਚੇਤਨਿਆ ਭਾਰਤੀ, ਗੁਰੂ ਜੀ ਨਾਲ ਈਰਖਾ ਕਰਨ ਲੱਗ ਪਿਆ ਕਿਉਂਕਿ ਉਸ ਦੇ ਬਹੁਤੇ ਸ਼ਰਧਾਲੂ ਗੁਰੂ ਨਾਨਕ ਜੀ ਦੇ ਮੁਰੀਦ ਬਣਨ ਲੱਗ ਪਏ ਸਨ। ਇਸ ਗੱਲੋਂ ਪ੍ਰੇਸ਼ਾਨ ਹੁੰਦਿਆਂ ਸਾਧੂ ਚੇਤਨਿਆ ਨੇ ਕਈ ਉਪਰਾਲੇ ਕੀਤੇ ਕਿ ਗੁਰੂ ਨਾਨਕ ਦੇਵ ਜੀ ਨੂੰ ਇਥੋਂ ਤੋਰਿਆ ਜਾ ਸਕੇ। ਸਭ ਸ਼ਕਤੀਆਂ ਅਤੇ ਕੋਸ਼ਿਸ਼ਾਂ ਠੁੱਸ ਹੁੰਦੀਆਂ ਗਈਆਂ। ਆਖਰ 'ਚ ਜਦੋਂ ਸਾਧੂ ਚੇਤਨਿਆ ਭਾਰਤੀ ਬਹੁਤ ਪ੍ਰੇਸ਼ਾਨ ਹੋ ਗਿਆ ਤਾਂ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਜਾਨ ਤੋਂ ਮਾਰਨ ਲਈ ਨਾਲ ਖੜ੍ਹੇ ਸਾਹਾੜਾ ਦਰੱਖਤ ਦੀ ਇਕ ਸੋਟੀ ਤੋੜ ਲਈ। ਸੋਟੀ ਮਾਰਨ ਲਈ ਜਦੋਂ ਚੇਤਨਿਆ ਗੁਰੂ ਜੀ ਵੱਲ ਵਧਿਆ ਤਾਂ ਉਸ ਦੇ ਹੱਥੋਂ ਸੋਟੀ ਡਿੱਗ ਗਈ। ਉਸ ਨੇ ਸੋਟੀ ਚੁੱਕਣ ਲਈ ਉਪਰਾਲਾ ਕੀਤਾ ਪਰ ਨਜ਼ਰ ਗੁਰੂ ਜੀ ਨਾਲ ਮਿਲਦੇ ਹੀ ਉਹ ਗੁਰੂ ਜੀ ਦੇ ਚਰਨੀਂ ਡਿੱਗ ਪਿਆ। ਆਪਣੀ ਭੁੱਲ ਬਖਸ਼ਾਉਣ ਲਈ ਉਸ ਨੇ ਗੁਰੂ ਜੀ ਅੱਗੇ ਵਾਸਤਾ ਪਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਤਾਂਤਰਿਕਪੁਣਾ ਅਤੇ ਰਿੱਧੀਆਂ-ਸਿੱਧੀਆਂ ਦਾ ਤਿਆਗ ਕਰਕੇ ਸੱਚੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ

ਬਾਕੀ ਸਫ਼ਾ 33 'ਤੇ



# ਪਾਠਕਾਂ ਦਾ ਨਜ਼ਰੀਆ

## ਗੱਠਜੋੜ ਤੋੜਨ ਦੀ ਮਾਹਿਰ ਮਾਇਆਵਤੀ

ਗੱਠਜੋੜ ਬਣਾਉਣਾ ਅਤੇ ਤੋੜਨਾ ਮਾਇਆਵਤੀ ਲਈ ਹੁਣ ਕੋਈ ਨਵੀਂ ਗੱਲ ਨਹੀਂ ਹੈ। ਪਿਛਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਕੀਤਾ ਸੀ। ਪਰ ਚੋਣਾਂ ਤੋਂ ਤੁਰੰਤ ਬਾਅਦ ਤੋੜ-ਵਿਛੋੜਾ ਕਰ ਲਿਆ। ਚੋਣਾਂ ਤੋਂ ਪਹਿਲਾਂ ਗੱਠਜੋੜ ਕਰਨਾ ਅਤੇ ਤੋੜਨਾ ਬਹੁਜਨ ਸਮਾਜ ਪਾਰਟੀ ਲਈ ਹੁਣ ਨਿਯਮਿਤ ਪ੍ਰਕਿਰਿਆ ਬਣ ਚੁੱਕਾ ਹੈ। ਬਹੁਜਨ ਸਮਾਜ ਪਾਰਟੀ ਨੇ ਸਭ ਤੋਂ ਪਹਿਲਾਂ ਸੰਨ 1993 ਵਿਚ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਕੀਤਾ ਸੀ ਅਤੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਇਕੱਠਿਆਂ ਉੱਤਰ ਪ੍ਰਦੇਸ਼ ਵਿਚ ਸਰਕਾਰ ਬਣਾਈ ਸੀ। ਇਸ ਤੋਂ ਬਾਅਦ 1995 ਵਿਚ ਬਹੁਜਨ ਸਮਾਜ ਪਾਰਟੀ ਨੇ ਗੱਠਜੋੜ ਤੋੜ ਲਿਆ ਸੀ ਤੇ ਭਾਜਪਾ ਦੇ ਬਾਹਰੀ ਸਮਰਥਨ ਨਾਲ ਸਰਕਾਰ ਬਣਾਈ ਸੀ। ਇਸ ਤੋਂ ਬਾਅਦ ਸੰਨ 1996 ਵਿਚ ਬਹੁਜਨ ਸਮਾਜ ਪਾਰਟੀ ਨੇ ਕਾਂਗਰਸ ਨਾਲ ਰਲ ਕੇ ਚੋਣਾਂ ਜਿੱਤੀਆਂ ਪਰ ਜਲਦ ਹੀ ਗੱਠਜੋੜ ਤੋੜ ਕੇ ਫਿਰ ਭਾਜਪਾ ਨਾਲ 6-6 ਮਹੀਨੇ ਸਰਕਾਰ ਚਲਾਉਣ ਦੀ ਸ਼ਰਤ ਨਾਲ ਹੱਥ ਮਿਲਾ ਲਿਆ।

ਇਕ ਵਾਰ ਫਿਰ ਜਦੋਂ 6 ਮਹੀਨੇ ਬਾਅਦ ਸਰਕਾਰ ਚਲਾਉਣ ਦੀ ਵਾਰੀ ਭਾਰਤੀ ਜਨਤਾ ਪਾਰਟੀ ਦੀ ਆਈ ਤਾਂ ਬਹੁਜਨ ਸਮਾਜ ਪਾਰਟੀ ਨੇ ਗੱਠਜੋੜ ਤੋੜ ਲਿਆ ਪਰ ਭਾਜਪਾ ਦੇ ਕਲਿਆਣ ਸਿੰਘ ਨੇ ਬਸਪਾ 'ਚ ਫੁੱਟ ਪਾ ਕੇ ਆਪਣੀ ਸਰਕਾਰ ਬਚਾ ਲਈ। ਉਸ ਸਮੇਂ ਮਾਇਆਵਤੀ ਨੇ ਐਲਾਨ ਕਰ ਦਿੱਤਾ ਕਿ ਉਹ ਅਗਾਂਹ ਤੋਂ ਕਦੇ ਵੀ ਭਾਜਪਾ ਨਾਲ ਗੱਠਜੋੜ ਨਹੀਂ ਕਰੇਗੀ ਪਰ 5 ਸਾਲ ਬਾਅਦ ਸਾਲ 2002 ਵਿਚ ਮਾਇਆਵਤੀ ਭਾਜਪਾ ਦੇ ਸਮਰਥਨ ਨਾਲ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ। ਇਥੇ ਇਸ ਤੱਥ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਜੇਕਰ ਮਾਇਆਵਤੀ ਇਸ ਵਾਰ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਨਾ ਕਰਦੀ ਤਾਂ ਬਹੁਜਨ ਸਮਾਜ ਪਾਰਟੀ ਦਾ ਹਾਲ ਸੰਨ 2014 ਵਾਲਾ ਹੀ ਹੁੰਦਾ। ਸੰਨ 2018 ਦੀਆਂ ਚੋਣਾਂ ਵਿਚ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਨੇ ਮੁਸਲਮਾਨਾਂ ਨੂੰ ਬਹੁਜਨ ਸਮਾਜ ਪਾਰਟੀ ਦੇ ਹੱਕ ਵਿਚ ਵੋਟਾਂ ਪਾਉਣ ਲਈ ਉਤਸ਼ਾਹਿਤ ਕੀਤਾ, ਜਿਸ ਕਾਰਨ ਬਿਜਨੌਰ ਤੋਂ ਬਹੁਜਨ ਸਮਾਜ ਪਾਰਟੀ ਦੇ ਹਿੰਦੂ ਉਮੀਦਵਾਰ ਨੇ ਜਿੱਤ ਪ੍ਰਾਪਤ ਕੀਤੀ, ਜਿਥੋਂ ਕਾਂਗਰਸ ਦਾ ਮੁਸਲਮਾਨ ਉਮੀਦਵਾਰ ਉਸ ਨੂੰ ਟੱਕਰ ਦੇ ਰਿਹਾ ਸੀ।

ਇਸੇ ਤਰ੍ਹਾਂ ਹੀ ਬਹੁਜਨ ਸਮਾਜ ਪਾਰਟੀ ਨੇ ਮੇਰਠ ਤੋਂ ਮੁਸਲਮਾਨ ਉਮੀਦਵਾਰ ਦੀ ਥਾਂ ਹਿੰਦੂ ਉਮੀਦਵਾਰ ਨੂੰ ਟਿਕਟ ਦਿੱਤੀ ਅਤੇ ਸਮਾਜਵਾਦੀ ਪਾਰਟੀ ਦੀਆਂ ਵੋਟਾਂ ਦੇ ਸਮਰਥਨ ਨਾਲ ਜਿੱਤ ਪ੍ਰਾਪਤ ਕੀਤੀ। ਪਰਿਵਾਰ ਵਿਚ ਚੱਲ ਰਹੇ ਮਤਭੇਦਾਂ ਕਾਰਨ ਸਮਾਜਵਾਦੀ ਪਾਰਟੀ ਨੇ ਸੰਨ 2019 ਦੀਆਂ ਲੋਕ ਸਭਾ ਚੋਣਾਂ ਵਿਚ ਅਸਫ਼ਲਤਾ ਦਾ ਸਾਹਮਣਾ ਕੀਤਾ ਅਤੇ ਹੁਣ ਮਾਇਆਵਤੀ ਵੀ ਸਮਾਜਵਾਦੀ ਪਾਰਟੀ ਨੂੰ ਇਕੱਲਿਆਂ ਛੱਡ ਗਈ ਹੈ।

**-ਰਾਹਿਲ ਨੌਰਾ**

## ਸਾਡਾ ਭਵਿੱਖ ਵਰਤਮਾਨ ਨਾਲੋਂ ਵੀ ਹਨੇਰਾ ਹੋਵੇਗਾ

ਇਸ ਸਮੇਂ ਸਾਡੇ ਮੁਲਕ ਕੋਲ ਗਿਆਨ, ਵਿਗਿਆਨ, ਸੂਚਨਾ, ਤਕਨੀਕ, ਖੇਡਾਂ ਆਦਿ ਦੇ ਖੇਤਰਾਂ ਵਿਚ ਮਾਣ ਕਰਨ ਲਈ ਕੁਝ ਵੀ ਵੱਡਾ ਨਹੀਂ ਹੈ। ਆਜ਼ਾਦੀ ਦਾ ਚਾਅ ਸੰਨ 1947, 1984, 1990, 1992 ਅਤੇ 2002 ਦੇ ਦੰਗਿਆਂ ਨੇ ਖ਼ਤਮ ਕਰ ਦਿੱਤਾ ਹੈ। ਅੱਜ ਗੁਆਂਢੀ ਮੁਲਕਾਂ ਨਾਲ ਭਾਰਤ ਦੀਆਂ ਕੀਤੀਆਂ ਲੜਾਈਆਂ ਸਾਨੂੰ ਹੌਸਲਾ ਤੇ ਉਤਸ਼ਾਹ ਦੇਣ ਦੀ ਥਾਂ ਗ੍ਰਹਿ-ਯੁੱਧ ਦੇ ਖ਼ਤਰਿਆਂ ਦਾ ਡਰ ਦੇ ਰਹੀਆਂ ਹਨ। ਇਸ ਸੂਰਤ ਵਿਚ ਨਵੀਂ ਪੈਦਾ ਅਤੇ ਜਵਾਨ ਹੋ ਰਹੀ ਪੀੜ੍ਹੀ ਆਤਮ-ਵਿਸ਼ਵਾਸ ਕਿੱਥੋਂ ਪ੍ਰਾਪਤ ਕਰੇਗੀ ? ਇਸ ਪੀੜ੍ਹੀ ਕੋਲ ਦੁਨੀਆ ਨੂੰ ਦਿਖਾਉਣ ਤੇ ਮਾਣ ਕਰਨ ਲਈ ਕੀ ਹੋਵੇਗਾ ? ਕੀ ਭਵਿੱਖ ਦੀ ਇਹ ਪੀੜ੍ਹੀ ਅੱਜ ਆਪਣਾ ਮੁਲਕ ਛੱਡ ਕੇ ਜਾਣ ਵਾਲਿਆਂ ਵਾਂਗ, ਆਪਣੀ ਧਰਤੀ ਨੂੰ ਕਾਲੇ ਪਾਣੀਆਂ ਦੀ ਸਜ਼ਾ ਸਮਝਦਿਆਂ, ਇੱਥੋਂ ਭੱਜਣ ਦੇ ਬਹਾਨੇ ਅਤੇ ਤਰੀਕੇ ਨਹੀਂ ਲੱਭੇਗੀ ?

ਕਿੰਨੇ ਸ਼ਰਮ ਦੀ ਗੱਲ ਹੈ ਕਿ ਅਸੀਂ ਆਪਣੀ ਭਵਿੱਖ ਦੀ ਪੀੜ੍ਹੀ ਨੂੰ ਬੁਜ਼ਦਿਲੀ ਦੇ ਭਾਰ ਹੇਠ ਦਬਾਉਣ ਲਈ ਹਰ ਤਰ੍ਹਾਂ ਦੀ ਤਿਆਰੀ ਕਰੀ ਬੈਠੇ ਹਾਂ। ਅਸੀਂ ਲੜਨ, ਬੋਲਣ ਅਤੇ ਮਰਨ ਤੋਂ ਭੱਜੇ ਲੋਕ ਇੰਨੇ ਸਾਹ-ਸੱਤਹੀਣ ਹੋ ਗਏ ਹਾਂ ਕਿ ਅੱਜ ਆਪਣੇ ਬੱਚਿਆਂ ਦੀ ਲਾਸ਼ਾਂ ਅਤੇ ਨਿੱਕੀਆਂ ਨਿੱਕੀਆਂ ਧੀਆਂ ਦੇ ਜਬਰ ਜਨਾਹ ਦੇ ਬੋਝ ਨੂੰ ਬੜੀ ਆਸਾਨੀ ਤੇ ਬੇਸ਼ਰਮੀ ਨਾਲ ਢੋਅ ਰਹੇ ਹਾਂ।

ਅਸੀਂ ਇੰਨੇ ਬਿਮਾਰ ਹੋ ਚੁੱਕੇ ਲੋਕ ਹਾਂ ਕਿ ਇਨ੍ਹਾਂ ਘਟਨਾਵਾਂ ਦਾ ਸਾਡੀ ਜ਼ਮੀਰ ਉੱਪਰ ਕੋਈ ਅਸਰ ਨਹੀਂ ਹੁੰਦਾ ਸਗੋਂ ਅਸੀਂ ਇਸ ਨੂੰ ਦੂਜਿਆਂ ਨਾਲ ਵਾਪਰੀਆਂ 'ਆਮ' ਘਟਨਾਵਾਂ ਸਮਝ ਕੇ ਬੜੀ ਛੇਤੀ ਭੁੱਲ ਜਾਂਦੇ ਹਾਂ। ਕੀ ਅਜਿਹੀਆਂ ਘਟਨਾਵਾਂ ਤੋਂ ਸਬਕ ਸਿੱਖਣ ਅਤੇ ਉਨ੍ਹਾਂ ਨੂੰ ਸਾਰੀ ਉਮਰ ਯਾਦ ਰੱਖਣ ਲਈ ਹਰ ਬੰਦੇ ਨੂੰ ਆਪਣੇ ਢਿੱਡੋਂ ਜੰਮੇ ਬੱਚਿਆਂ ਦੀ ਬਲੀ ਦੇਣੀ ਪਵੇਗੀ ? ਕਿਉਂ ਸਾਨੂੰ ਪਰਾਈ ਪੀੜ ਤੋਂ ਹਾਲਾਤ ਦੀ ਭਿਆਨਕਤਾ ਦਾ ਅੰਦਾਜ਼ਾ ਨਹੀਂ ਹੋ ਰਿਹਾ ? ਕੀ ਇਨ੍ਹਾਂ ਹਾਲਾਤ ਵਿਚ ਅਸੀਂ ਆਪਣੇ ਬੱਚਿਆਂ ਨੂੰ ਬਿਹਤਰ ਭਵਿੱਖ ਜਾਂ ਬਿਹਤਰ ਭਵਿੱਖ ਦੇ ਸੁਪਨੇ ਦੇ ਸਕਾਂਗੇ ? ਕੀ ਆਪੋ-ਆਪਣੇ ਵਸੀਲੇ ਜੁਟਾਉਣ ਦਾ ਸਾਡਾ ਅਮਲ ਸਾਡੇ ਬੱਚਿਆਂ ਨੂੰ ਬੇਖ਼ੌਫ਼ ਸਮਾਜ ਮੁਹੱਈਆ ਕਰ ਸਕਦਾ ਹੈ ? ਜੇ ਨਹੀਂ ਤਾਂ ਅਸੀਂ ਆਪਣੀ ਭਵਿੱਖ ਦੀ ਪੀੜ੍ਹੀ ਲਈ ਸਮਾਜ ਵਜੋਂ ਕੀ ਕਰ ਰਹੇ ਹਾਂ ? ਅਸੀਂ ਆਪਣੀ ਬੋਲੀ, ਭੋਜਨ, ਧਰਤੀ, ਮਿੱਟੀ, ਪਾਣੀ, ਫ਼ਸਲਾਂ, ਫਲ਼ ਅਤੇ ਪੂਰਾ ਵਾਤਾਵਰਨ ਗਵਾ ਲਿਆ ਪਰ ਹੁਣ ਜਦੋਂ ਸਾਡੇ ਕੋਲ ਗਵਾਉਣ ਲਈ ਕੁਝ ਨਹੀਂ ਹੈ ਤਾਂ ਵੀ ਸਾਡੇ ਕੋਲ 'ਕੁਝ' ਹੈ ਅਤੇ ਵਿਵਸਥਾ ਨੂੰ ਇਸ ਦੀ ਮਹੱਤਤਾ ਦਾ ਸਾਡੇ ਨਾਲੋਂ ਪਹਿਲਾਂ ਤੇ ਵੱਧ ਪਤਾ ਹੈ। ਇਹ ਸਾਡੀ ਨਵੀਂ ਪੀੜ੍ਹੀ ਹੈ, ਸਾਡੇ ਬੱਚੇ। ਹੁਣ ਸਾਡੇ ਬੱਚੇ ਇਸ ਵਿਵਸਥਾ ਦੇ ਮੁੱਖ ਨਿਸ਼ਾਨੇ 'ਤੇ ਹਨ। ਸਾਡੇ ਬੱਚਿਆਂ ਨੂੰ ਹਰ ਤਰ੍ਹਾਂ ਨਾਲ ਘੇਰ ਲਿਆ ਗਿਆ ਹੈ। ਉਨ੍ਹਾਂ ਦੇ ਬਚਪਨ, ਸਿਹਤ, ਖੇਡਾਂ, ਗਿਆਨ, ਪਾਲਣ-ਪੋਸ਼ਣ ਆਦਿ ਸਭ ਕੁਝ ਨੂੰ ਇਸ ਵਿਵਸਥਾ ਨੇ ਆਪਣੇ ਹੱਥਾਂ ਵਿਚ ਲੈ ਲਿਆ ਹੈ। ਅਸੀਂ ਵਿਵਸਥਾ ਦੀ ਇਸ ਖੇਡ ਨੂੰ ਅਗਾਊਂ ਸਮਝਣ ਤੋਂ ਅਸਮਰੱਥ ਰਹੇ ਹਾਂ। ਅਜੇ ਵੀ ਸਮਾਂ ਹੈ, ਅਸੀਂ ਸੁਚੇਤ ਹੋਈਏ ਅਤੇ ਆਪਣੇ ਬੱਚਿਆਂ ਲਈ ਨੰਗੇ ਧੜ ਲੜਨ ਲਈ ਤਿਆਰ ਹੋਈਏ। ਜੇ ਅਸੀਂ ਅਜਿਹਾ ਨਾ ਕੀਤਾ ਤਾਂ ਸਾਡਾ ਭਵਿੱਖ ਸਾਡੇ ਵਰਤਮਾਨ ਨਾਲੋਂ ਵੀ ਹਨੇਰਾ ਹੋਵੇਗਾ ਅਤੇ ਸਾਡੇ ਬੱਚੇ ਸਾਨੂੰ ਕਦੇ ਮੁਆਫ਼ ਨਹੀਂ ਕਰਨਗੇ।

**-ਸਰਬਜੀਤ**

## ਸੋਸ਼ਲ ਮੀਡੀਆ 'ਚ ਟਰੋਲ ਹੋਈਆਂ ਸੁੱਤੇ ਸੰਸਦ ਮੈਂਬਰਾਂ ਦੀਆਂ ਤਸਵੀਰਾਂ

ਫਰੀਦਕੋਟ ਤੋਂ ਚੁਣੇ ਗਏ ਲੋਕ ਸਭਾ ਮੈਂਬਰ ਜਨਾਬ ਮੁਹੰਮਦ ਸਦੀਕ ਅਤੇ ਉੱਤਰੀ-ਪੂਰਬੀ ਦਿੱਲੀ ਤੋਂ ਸੰਸਦ ਮੈਂਬਰ ਪਦਮਸ੍ਰੀ ਹੰਸ ਰਾਜ ਹੰਸ ਦੇ ਪਲੇਠੇ ਪਾਰਲੀਮੈਂਟ ਸੈਸ਼ਨ ਵਿਚ ਸੁੱਤੇ ਹੋਣ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਵਿਚ ਟਰੋਲਿੰਗ ਦਾ ਸਬੱਬ ਬਣੀਆਂ ਹਨ। ਦੂਸਰੇ ਪਾਸੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਅਜੇ ਧਰਮਿੰਦਰ ਦਿਓਲ ਉਰਫ ਸਨੀ ਦਿਓਲ ਦੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਇਕ ਨਿਯੁਕਤੀ ਪੱਤਰ ਨੇ ਤਾਂ ਤਰਥਲੀ ਹੀ ਮਚਾ ਦਿੱਤੀ ਹੈ ਜਿਸ ਵਿਚ ਉਹ ਆਪਣੇ ਪੀਏ ਗੁਰਪ੍ਰੀਤ ਸਿੰਘ ਪਲਹੇੜੀ ਨੂੰ ਹੀ ਗੁਰਦਾਸਪੁਰ ਤੋਂ ਆਪਣੇ ਅਧਿਕਾਰ ਸੌਂਪਦੇ ਨਜ਼ਰ ਆ ਰਹੇ ਹਨ। ਐਨਾ ਹੀ ਨਹੀਂ, ਉਹ ਸੋਸ਼ਲ ਮੀਡੀਆ ਟਰੋਲਿੰਗ ਤੋਂ ਬਾਅਦ ਇਕ ਹੋਰ ਜਾਰੀ ਕੀਤੇ ਬਿਆਨ ਵਿਚ ਆਪਣੇ ਫ਼ੈਸਲੇ ਨੂੰ ਦਰੁਸਤ ਦਰਸਾਉਣ ਦੇ ਯਤਨਾਂ ਵਿਚ ਵੀ ਲੱਗੇ ਹੋਏ ਹਨ।

ਇਹ ਸਾਰਾ ਵਰਤਾਰਾ ਇੰਨਾ ਛੋਟਾ ਨਹੀਂ ਹੈ ਕਿ ਅਸੀਂ ਕੁਝ ਦਿਨਾਂ ਦੀ ਟਰੋਲਿੰਗ ਤੋਂ ਬਾਅਦ ਕਿਸੇ ਹੋਰ ਮੁੱਦੇ ਦੀ ਭਾਲ ਵਿਚ ਲੱਗ ਜਾਈਏ। ਭਾਰਤੀ ਸੰਵਿਧਾਨ ਦੇ ਰਚੇਤਾ ਡਾਕਟਰ ਭੀਮ ਰਾਓ ਅੰਬੇਡਕਰ ਜੋ ਮੁਲਕ ਦੇ ਪਹਿਲੇ ਕਾਨੂੰਨ ਮੰਤਰੀ ਵੀ ਸਨ, ਇਕ ਯੂਨੀਵਰਸਿਟੀ 'ਚ ਵਿਦਿਆਰਥੀਆਂ ਦੇ ਸਨਮੁਖ ਦਿੱਤੇ ਭਾਸ਼ਣ ਵਿਚ ਕਹਿੰਦੇ ਹਨ ਕਿ ਪਾਰਲੀਮੈਂਟ ਮੁਲਕ ਦਾ ਨਿਰਮਾਣ ਕਰੇਗੀ। ਉਸ ਵੱਲੋਂ ਕੱਢੀਆਂ ਕੰਧਾਂ ਦੀ ਮਿਆਦ ਤੇ ਮਜ਼ਬੂਤੀ ਲਈ ਇਕੱਲੇ ਚੁਣੇ ਮੈਂਬਰ ਹੀ ਨਹੀਂ ਸਗੋਂ ਉਨ੍ਹਾਂ ਨੂੰ ਚੁਣਨ ਵਾਲੇ ਲੋਕ ਵੀ ਜ਼ਿੰਮੇਵਾਰ ਹੋਣਗੇ। ਡਾਕਟਰ ਅੰਬੇਡਕਰ ਅੱਗੇ ਆਪਣੇ ਭਾਸ਼ਣ 'ਚ ਕਹਿੰਦੇ ਹਨ ਕਿ ਇਕ ਮਜ਼ਬੂਤ, ਨਿਰਪੱਖ ਤੇ ਸਿਰਕੱਢ ਮੁਲਕ ਬਣਾਉਣ ਲਈ ਸਾਨੂੰ ਪਾਰਖੂ ਮਤਦਾਤਾ ਬਣਾਉਣ ਅਤੇ ਬਾਕੀ ਸਾਰੇ ਮਸਲਿਆਂ 'ਤੇ ਜ਼ਿਆਦਾ ਜ਼ੋਰ ਦੇਣਾ ਪਵੇਗਾ। ਹੁਣ ਜਦੋਂ ਅਸੀਂ ਸਾਡੇ ਇਨ੍ਹਾਂ ਨੁਮਾਇੰਦਿਆਂ ਦੀ ਟਰੋਲਿੰਗ ਕਰਦੇ ਹਾਂ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਨੁਕਸ ਕਿਤੇ ਨਾ ਕਿਤੇ ਸਾਡੇ ਆਪਣੇ ਵਿਚ ਜ਼ਿਆਦਾ ਹੈ ਜੋ ਅਜਿਹੇ ਵਰਤਾਰੇ ਵਾਰ-ਵਾਰ ਘਟ ਹੀ ਨਹੀਂ ਰਹੇ ਸਗੋਂ ਇਨ੍ਹਾਂ ਦੀ ਰਫ਼ਤਾਰ ਵੀ ਦਿਨੋ-ਦਿਨ ਵੱਧ ਰਹੀ ਹੈ। ਇਹ ਰਫ਼ਤਾਰ ਸਾਡੇ ਲੋਕਤੰਤਰੀ ਪ੍ਰਬੰਧ ਲਈ ਘੋਰ ਚਿੰਤਾ ਦਾ ਵਿਸ਼ਾ ਹਨ। ਗੱਲ ਸੋਸ਼ਲ ਮੀਡੀਆ 'ਤੇ ਹੱਸਣ-ਖੇਡਣ ਤੇ ਟਰੋਲਿੰਗ ਤੋਂ ਅੱਗੇ ਵਧਣੀ ਚਾਹੀਦੀ ਹੈ। ਅੱਜ ਭਾਰਤ ਕਈ ਕਿਸਮ ਦੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਹ ਚੁਣੌਤੀ ਚਾਹੇ ਅਗਲੇ ਸਾਲ ਮੁਲਕ ਦੇ ਦੋ ਦਰਜਨ ਸ਼ਹਿਰਾਂ ਵਿਚ ਰਹਿਣ ਵਾਲੇ ਦਸ ਕਰੋੜ ਲੋਕਾਂ ਦੇ ਪਾਣੀ ਤੋਂ ਵਿਰਵੇ ਹੋਣ ਦੀ ਹੋਵੇ, ਗੰਧਲੇ ਪਾਣੀ ਕਾਰਨ ਹਰ ਰੋਜ਼ ਮਰਨ ਵਾਲੇ 500 ਸਾਡੇ ਵਰਗੇ ਹੋਰ ਨਾਗਰਿਕਾਂ ਦੀ ਹੋਵੇ, ਉਹ ਚਾਹੇ ਧਰਮ ਦੇ ਨਾਂ 'ਤੇ ਮਾਰ ਦਿੱਤੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਧਣ ਦੀ ਹੋਵੇ, ਉਹ ਜੰਮੂ-ਕਸ਼ਮੀਰ ਤੋਂ ਲੈ ਕੇ ਉੱਤਰ-ਪੂਰਬੀ ਸੂਬਿਆਂ ਤਕ ਵੱਧ ਰਹੀਆਂ ਖਾੜਕੂ ਗਤੀਵਿਧੀਆਂ ਦੀ ਹੋਵੇ ਜਿਨ੍ਹਾਂ ਨੂੰ ਇਸਲਾਮਿਕ, ਨਾਗਾ, ਮਾਓਵਾਦੀ ਅਤੇ ਪਤਾ ਨਹੀਂ ਹੋਰ ਕਿੰਨੇ ਨਾਵਾਂ ਹੇਠ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਹ ਸਿਲਸਿਲਾ ਹੈ ਜਿਸ ਲਈ ਇਸ ਮੌਕੇ ਚਿੰਤਨ ਵਾਲੇ ਸਿਰ ਸਾਡੇ ਮੁਲਕ ਨੂੰ ਲੋੜੀਂਦੇ ਹਨ ਪਰ ਸੱਤਾ ਅਤੇ ਕੁਰਸੀ ਦੇ ਪਰਿਵਾਰਕ ਸਥਾਈਪੁਣੇ ਲਈ ਸਾਰੀਆਂ ਪਾਰਟੀਆਂ ਦੇ ਵੱਡੇ ਆਗੂ ਸਿਰ ਹਿਲਾਉਣ ਵਾਲੇ ਲੋਕਾਂ ਦੀ ਕਤਾਰ ਬਣਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਇਸ ਦੇ ਸਿੱਟੇ ਵਜੋਂ ਲਗਪਗ ਸਭ ਸਿਆਸੀ ਧਿਰਾਂ ਕਲਾਕਾਰਾਂ, ਲੋਕ ਗਾਇਕਾਂ, ਸਾਧਾਂ-ਸੰਤਾਂ ਰਾਹੀਂ ਲੋਕਾਂ ਨੂੰ ਭਰਮਾਉਣ ਵਿਚ ਲੱਗੀਆਂ ਹੋਈਆਂ ਹਨ।

ਸਿੱਟੇ ਵਜੋਂ ਆਰਥਿਕ, ਸਿਆਸੀ ਤੇ ਸਮਾਜਿਕ ਮਾਮਲਿਆਂ ਦੇ ਮਾਹਿਰ ਲੋਕ ਇਸ ਜਮਹੂਰੀ ਪ੍ਰਣਾਲੀ ਤੋਂ ਦੂਰ, ਬਹੁਤ ਦੂਰ ਹੁੰਦੇ ਜਾ ਰਹੇ ਹਨ। ਸੰਸਦ ਦੀ ਕਾਰਵਾਈ ਅਤੇ ਹਾਜ਼ਰੀ ਲਗਾਤਾਰ ਖਾਨਾਪੂਰਤੀ ਬਣਦੀ ਜਾ ਰਹੀ ਹੈ। ਨਤੀਜਨ ਸਦਨ ਵਿਚ ਕਈ ਮਹੱਤਵਪੂਰਨ ਬਿੱਲ ਪੇਸ਼ ਹੋਣ ਮੌਕੇ ਹੋਣ ਵਾਲੀ ਚਰਚਾ 10 ਫ਼ੀਸਦੀ ਮੈਂਬਰਾਂ ਦਾ ਕੋਰਮ ਪੂਰਾ ਨਾ ਹੋਣ ਦੀ ਹਾਲਤ ਵਿਚ ਉਠਾ ਤਕ ਦਿੱਤੀ ਜਾਂਦੀ ਹੈ। ਸਾਡੀ ਜਮਹੂਰੀ ਪ੍ਰਕਿਰਿਆ ਵਿਚ ਪੈਸਾ, ਵੱਡਾ ਨਾਂ ਅਤੇ ਪਾਰਟੀਆਂ ਦੇ ਚੋਣ ਨਿਸ਼ਾਨ ਲਗਾਤਾਰ ਹਾਵੀ ਹੁੰਦੇ ਜਾ ਰਹੇ ਹਨ ਜਿਸ ਦੇ ਨਤੀਜੇ ਵਜੋਂ ਮੁਲਕ ਦੇ ਕਾਨੂੰਨ ਘਾੜਿਆਂ ਦਾ ਸਰੂਪ ਵਿਗੜਦਾ-ਵਿਗੜਦਾ ਸਮੁੱਚੇ ਸਮਾਜ ਦੀ ਬਣਤਰ ਨੂੰ ਵਿਗਾੜ ਰਿਹਾ ਹੈ। ਇਸੇ ਕਾਰਨ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੋਂ ਲੈ ਕੇ ਮੀਡੀਆ ਅਦਾਰਿਆਂ ਅਤੇ ਸਿਆਸੀ ਪਾਰਟੀਆਂ ਦੇ ਵਿਚਾਰਧਾਰਕ ਵਿੰਗਾਂ 'ਤੇ ਭਾਰੂ ਹੁੰਦੇ ਕਾਰਪੋਰੇਟ ਘਰਾਣਿਆਂ ਦੇ ਅਸਰ ਦਾ ਅਸੀਂ ਜ਼ਾਹਰਾ ਪ੍ਰਗਟਾਵਾ ਸਾਡੀਆਂ ਸਥਾਨਕ ਤੋਂ ਲੈ ਕੇ ਕੌਮੀ ਚੋਣਾਂ ਦੇ ਨਤੀਜਿਆਂ ਵਿਚ ਵੇਖ ਰਹੇ ਹਾਂ। ਜੇ ਇਹ ਰੰਗ ਇਸੇ ਤਰੀਕੇ ਹੋਰ ਗੂੜ੍ਹੇ ਹੁੰਦੇ ਗਏ ਤਾਂ ਸਾਨੂੰ ਆਪਣੇ ਲਏ ਅਤੇ ਲਾਗੂ ਕੀਤੇ ਫ਼ੈਸਲਿਆਂ ਲਈ ਆਉਣ ਵਾਲੀਆਂ ਪੀੜ੍ਹੀਆਂ ਦੇ ਸਨਮੁਖ ਸਿਵਾਏ ਸ਼ਰਮਿੰਦਗੀ ਤੋਂ ਹੋਰ ਕੋਈ ਰਾਹ ਨਹੀਂ ਬਚੇਗਾ।

**-ਤਰਨਦੀਪ ਬਿਲਾਸਪੁਰ**

## ਜ਼ਿੰਮੇਵਾਰੀ ਅਤੇ ਫ਼ਰਜ਼

ਆਪਣੀ ਜ਼ਿੰਮੇਵਾਰੀ ਅਤੇ ਫਰਜ਼ ਨੂੰ ਸਮਝਣਾ ਚਾਹੀਦਾ ਹੈ। ਮਨੁੱਖ ਦੇ ਅਧਿਕਾਰਾਂ ਦੇ ਨਾਲ ਨਾਲ ਫਰਜ਼ ਵੀ ਹੁੰਦੇ ਹਨ। ਫਰਜ਼ ਤੇ ਅਧਿਕਾਰ ਨਾਲ ਨਾਲ ਚਲਦੇ ਹਨ (Rights and duties go hand by hand)। ਹਰ ਮਨੁੱਖ ਆਪਣੇ ਅਧਿਕਾਰ ਬਾਰੇ ਤਾਂ ਸੋਚਦਾ ਹੈ ਪਰ ਆਪਣੇ ਫਰਜ਼ ਬਾਰੇ ਕੋਈ ਵੀ ਮਨੁੱਖ ਸਾਵਧਾਨ ਨਹੀਂ। ਬਹੁਤ ਥੋੜੇ ਮਨੁੱਖ ਅਜਿਹੇ ਹੁੰਦੇ ਹਨ ਜਿਹੜੇ ਆਪਣੇ ਫਰਜ਼ਾਂ ਨੂੰ ਸਮਝ ਕੇ ਉਨ੍ਹਾਂ ਦੀ ਪਾਲਣਾ ਕਰਦੇ ਹਨ।

ਕੁਝ ਲੋਕ ਤਾਂ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਆਪਣੇ ਫਰਜ਼ਾਂ ਬਾਰੇ ਗਿਆਨ ਵੀ ਨਹੀਂ ਹੁੰਦਾ, ਫਰਜ਼ਾਂ ਦੀ ਪਾਲਣਾ ਕਰਨੀ ਤਾਂ ਦੂਰੀ ਦੀ ਗੱਲ ਹੈ। There is no peace and prosperity in this world because a very few persons perform their duties honestly and sincerly what the should do. ਸਮਾਜ ਵਿਚ ਜੋ ਕੁਝ ਵੀ ਬੁਰਾ ਹੋ ਰਿਹਾ ਹੈ, ਉਹ ਫਰਜ਼ ਦੀ ਕੁਤਾਹੀ, ਮੂਰਖਤਾ, ਅਗਿਆਨਤਾ, ਖੁਦਗਰਜ਼ੀ, ਅਹੰਕਾਰ ਅਤੇ ਈਰਖਾ ਕਰਕੇ ਹੋ ਰਿਹਾ ਹੈ।

ਇਸ ਦੇ ਸਬੰਧ ਵਿਚ ਮੈਂ ਦੋ ਉਦਾਹਰਣਨਾ ਦੇਣੀਆਂ ਚਾਹਾਂਗਾ। ਪੰਜਾਬ ਵਿਚ ਇਕ ਜ਼ਿਲ੍ਹੇ ਦੇ ਪ੍ਰਬੰਧ ਲਈ ਜ਼ਿਲ੍ਹੇ ਦਾ ਮੁਖੀ ਡੀ.ਸੀ. ਹੁੰਦਾ ਹੈ ਅਤੇ ਉਸ ਦੀ ਸਹਾਇਤਾ ਲਈ ਬਾਕੀ ਮਹਿਕਮਿਆਂ ਲਈ ਵੀ ਕੁਝ ਮੁਖੀ ਹੁੰਦੇ ਹਨ ਜਿਵੇਂ ਜ਼ਿਲ੍ਹੇ ਦੀ ਅਮਨ ਸ਼ਾਂਤੀ, ਲੋਕਾਂ ਦੀ ਇੱਜ਼ਤ, ਜਾਨ ਤੇ ਮਾਲ ਦੀ ਰੱਖਿਆ ਲਈ ਇਕ ਐਸ.ਐਸ.ਪੀ. ਅਤੇ ਉਸ ਦੇ ਥੱਲੇ ਡੀ.ਐਸ.ਪੀ., ਉਸ ਤੋਂ ਥੱਲੇ ਇੰਸਪੈਕਟਰ। ਇਕ ਜ਼ਿਲ੍ਹੇ ਦੇ ਪ੍ਰਬੰਧ ਲਈ ਇੰਨੀਆਂ ਪਦਵੀਆਂ ਤੇ ਅਫ਼ਸਰ ਨੀਅਤ ਹਨ ਪਰ ਇਸ ਦੇ ਬਾਵਜੂਦ ਵੀ ਜ਼ਿਲ੍ਹੇ ਵਿਚ ਨਿੱਤ ਲੁੱਟਾਂ-ਖੋਹਾਂ, ਕਤਲੋਗਾਰਤ, ਬਲਾਤਕਾਰ ਅਤੇ ਚੋਰੀਆਂ ਤੇ ਡਾਕੇ ਪੈਂਦੇ ਹਨ ਕੀ ਇਸ ਦਾ ਕਾਰਨ ਅਫ਼ਸਰਾਂ ਦੀ ਜਿੰਮੇਵਾਰੀ ਤੇ ਫਰਜ਼ ਦੀ ਕੁਤਾਹੀ ਦਾ ਸਿੱਟਾ ਨਹੀਂ ?

ਇਸੇ ਤਰ੍ਹਾਂ ਜ਼ਿਲ੍ਹੇ ਦੇ ਵਿੱਦਿਅਕ ਢਾਂਚੇ ਦੀ ਬਣਤਰ ਹੈ, ਜ਼ਿਲ੍ਹੇ ਵਿਚ ਸਾਰੇ ਸਕੂਲਾਂ ਦੇ ਪ੍ਰਬੰਧ ਲਈ ਇਕ ਮੁਖੀ ਹੁੰਦਾ ਹੈ ਜਿਸ ਨੂੰ ਡੀ.ਈ.ਓ .ਆਖ਼ਦੇ ਹਨ। ਉਸ ਦੇ ਥੱਲੇ ਡਿਪਟੀ ਡੀਓਜ਼ ਤੇ ਬੀਓਜ਼ ਹੁੰਦੇ ਹਨ।

ਸਕੂਲਾਂ ਦੇ ਪ੍ਰਬੰਧ ਲਈ ਮੁੱਖ ਅਧਿਆਪਕ ਅਤੇ ਪ੍ਰਿੰਸੀਪਲਜ਼ ਹੁੰਦੇ ਹਨ। ਇਸ ਦੇ ਬਾਵਜੂਦ ਵੀ ਪੰਜਾਬ ਦੇ ਸਕੂਲਾਂ ਦੀ ਵਿੱਦਿਅਕ ਦਸ਼ਾ ਕੀ ਹੈ ? ਇਹ ਸਾਰੇ ਹੀ ਜਾਣਦੇ ਹਨ। ਇਸ ਦਾ ਕਾਰਨ ਵੀ ਆਪਣੀ ਜਿੰਮੇਵਾਰੀ ਤੇ ਫਰਜ਼ ਦੀ ਕੋਤਾਹੀ ਹੈ। ਮੈਂ ਸਕੂਲਾਂ ਵਿਚ 22 ਵਰ੍ਹੇ ਪੜ੍ਹਾਇਆ। ਪਰ ਇਸ ਸਮੇਂ ਮੈਂ ਇਕ ਵਾਰੀ ਵੀ ਜ਼ਿਲ੍ਹੇ ਦੇ ਮੁਖੀ ਡੀ.ਈ.ਓ ਨੂੰ ਸਕੂਲਾਂ ਨੂੰ ਚੈਕ ਕਰਨ ਆਉਂਦੇ ਨਹੀਂ ਦੇਖਿਆ। ਬੱਚੇ ਫਤਹਿਵੀਰ ਸਿੰਘ ਦੀ ਮ੍ਰਿਤੂ ਦਾ ਕਾਰਨ ਵੀ ਗੈਰ ਜ਼ਿੰਮੇਵਾਰੀ ਅਤੇ ਫਰਜ਼ ਦੀ ਕੁਤਾਹੀ ਸਿੱਖ ਹੋਈ ਹੈ।

**-ਮਾਸਟਰ ਨਿਰਮਲ ਸਿੰਘ ਲਾਲੀ**

## ਟਿੱਬੇ ਦੀਆਂ ਟੀਸੀਆਂ

**ਕੇਵਲ ਸਿੰਘ ਧਰਮਪੁਰਾ**
(98788-01561)

ਜਿਹੜੇ ਕਹਿੰਦੇ ਸੀ ਕਿ
ਇਹ ਤਾਂ ਦੋ ਸਾਲਾਂ 'ਚ
ਕਿਤੇ ਗੱਡੀ ਚੜ੍ਹ 'ਜੂ
ਹੁਣ ਉਹ ਕਹਿੰਦੇ ਨੇ
ਇਹ ਆਉਂਦੇ ਸਾਲ ਮਰ 'ਜੂ
ਸਮਾਂ ਜਦੋਂ ਚਾਹੂ ਤਾਂ
ਜਵਾਬ ਮਿਲ ਜਾਣਗੇ
ਮਿਹਨਤਾਂ ਹਾਂ ਕਰ ਰਹੇ
ਖ਼ਵਾਬ ਮਿਲ ਜਾਣਗੇ

ਜਦੋਂ ਦਿਨ ਫਿਰੇ ਤਾਂ
ਮੰਜਿਲਾਂ ਵੀ ਮਿਲ ਜਾਣੀਆਂ
ਸਿੱਧੇ ਮੂੰਹ ਜੋ ਅੱਜ ਗੱਲ ਨਹੀਂ ਕਰਦੇ
ਇੱਕ ਦਿਨ ਉਹਨਾਂ ਨੇ ਹੀ
ਮੂੰਹ ਦੀਆਂ ਖਾਣੀਆਂ
ਜਿੱਥੇ ਲੰਘ ਗਏ ਦੋਸਤੋ
ਪਹਾੜ ਵੀ ਮੁਸੀਬਤਾਂ ਦੇ
ਐਵੀਂ ਟਿੱਬੇ ਦੀਆਂ ਟੀਸੀਆਂ
ਵੀ ਲੰਘ ਜਾਣੀਆਂ
ਫੇਰ ਲੋਕਾਂ ਦੀਆਂ ਅੱਖਾਂ
ਰਹਿ ਦੰਗ ਜਾਣੀਆਂ

## ਪੁੱਠਾ ਪੰਗਾ ਲੈ ਲਿਆ ਤਾਏ ਨੇ..

**-ਜਨਮੇਜਾ ਸਿੰਘ ਜੌਹਲ**

ਤਾਇਆ ਜਦੋਂ ਦਾ ਯੂਨੀਵਰਸਿਟੀ ਪੜ੍ਹਨ ਲੱਗਾ ਸੀ, ਉਹ ਰੋਜ਼ ਕੋਈ ਨਵੀਂ ਗੱਲ ਸਿਖਦਾ। ਤਾਈ ਨਾਲ ਗੱਲ ਕਰਨ ਦੀਆਂ ਸਕੀਮਾਂ ਘੜਦਾ, ਪਰ ਹਰ ਵਾਰੀ ਖੜਕੈਂਤੀ ਹੋਣ ਦੇ ਡਰੋਂ, ਹਰ ਸਕੀਮ ਆਪੇ ਹੀ ਰੱਦ ਕਰ ਦੇਂਦਾ। ਸਾਰੇ ਹੋਸਟਲ ਦੇ ਮੁੰਡੇ ਤਾਏ ਨੂੰ ਮਿੱਠੀਆਂ ਟਕੋਰਾਂ ਲਾਉਂਦੇ ਰਹਿੰਦੇ। ਇਕ ਦਿਨ ਤਾਇਆ 'ਕੱਲਾ ਬੈਠਾ ਸੀ। ਉਹ ਸੋਚਣ ਲੱਗ ਪਿਆ ਬਈ ਜੇ ਗੱਲ ਬਣ ਗਈ ਤਾਂ ਫੇਰ ਤਾਈ ਨੂੰ ਘੁੰਮਾਉਣ ਫਿਰਾਉਣ ਵੀ ਲਿਜਾਣਾ ਪਊ.. ਪਰ ਲਿਜਾਊ ਕਿੱਥੇ ? ਦੋ ਦਿਨ ਤਾਇਆ ਏਸੇ ਉਲਝਣ ਚ ਫਸਿਆ ਰਿਹਾ। ਤੀਜੇ ਦਿਨ ਉਹਨੂੰ ਕਿਸੇ ਦੱਸਿਆ ਬਈ ਲੁੱਦੇਹਾਣੇ ਸ਼ਹਿਰ ਅੰਦਰ ਇਕ ਉੱਚਾ ਲੰਮਾ ਘੰਟਾ-ਘਰ ਹੈਗਾ, ਜਿਹਤੋਂ ਕਹਿੰਦੇ ਡਿੱਗ ਕੇ ਬੰਦਾ ਰਾਹ ਵਿਚ ਹੀ ਮਰ ਜਾਂਦਾ। ਹੁਣ ਤਾਏ ਨੇ ਸੋਚਿਆ, ਕਿਉਂ ਨਾ ਤਾਈ ਨੂੰ ਲਿਜਾਣ ਤੋਂ ਪਹਿਲੋਂ ਆਪ ਹੀ ਦੇਖ ਲਿਆ ਜਾਵੇ। ਲਓ ਜੀ ਨਾਲ ਲੈ ਕੇ ਇਕ ਸਾਥੀ ਤਾਏ ਹੁਰੀਂ ਜਾ ਪਹੁੰਚੇ ਲੱਕੜ ਦੇ ਪੁਲ 'ਤੇ। ਜਦ ਉੱਤੇ ਚੜ੍ਹੇ ਤਾਂ ਸਾਹਮਣੇ ਘੰਟਾ ਘਰ ਦਿਸ ਪਿਆ। ਤਾਏ ਦਾ ਰੋਮ ਰੋਮ ਖਿੜ ਉਠਿਆ। ਪੌੜੀਆਂ ਉਤਰਦੇ ਹੀ ਸਾਹਮਣੇ ਇਕ ਹਲਵਾਈ ਦੀ ਦੁਕਾਨ ਦਿਸ ਪਈ। "ਯਾਰ ਪਹਿਲੋਂ ਜਲੇਬੀਆਂ ਖਾ ਲਈਏ।"

"ਆਹੋ, ਪੇਂਡੂਆਂ ਨੂੰ ਤਾਂ ਜਲੇਬੀ ਦਿਸਣੀ ਚਾਹੀਦੀ ਆ, ਉੱਥੇ ਹੀ ਸਰੀਰ ਪੱਕੀ ਬਰੇਕ ਮਾਰਦੂ।"

"ਦੇਖ ਹਲਵਾਈ ਕਿੰਨਾ ਮੋਟਾ, ਸੁਣਿਆ ਮੋਟੇ ਬੰਦੇ ਖੁਸ਼ਮਿਜਾਜ਼ ਹੁੰਦੇ ਆ, ਭਾਵੇਂ ਕੁਤਕਤਾਰੀਆਂ ਕੱਢ ਲਓ।" ਨਾਲ ਦੇ ਨੇ ਵਿਚਾਰ ਦਿੱਤੇ। ਤਾਏ ਉਸ ਦੀਆਂ ਦੋ ਚਾਰ ਹੋਰ ਗੱਲਾਂ ਦੀ ਚੁੱਕ 'ਚ ਆ ਗਿਆ ਤੇ ਉੱਠ ਕੇ ਜਾ ਹਲਵਾਈ ਦੀ ਧੁੰਨੀ ਚ ਉਂਗਲੀ ਫੇਰ 'ਤੀ। ਨਾਲ ਦੇ ਨੇ ਤਾਂ ਸ਼ੂਟ ਵੱਟ ਲਈ ਤੇ ਤਾਏ ਨੂੰ ਹਲਵਾਈ ਨੇ ਧੌਣੋਂ ਫੜ ਲਿਆ। ਦੂਸਰੇ ਹੱਥ ਨਾਲ ਹਲਵਾਈ ਨੂੰ ਖੁਰਚਣਾ ਚੱਕਦੇ ਵੇਖ ਤਾਏ ਨੇ ਤਾਂ ਲੇਰ ਮਾਰ 'ਤੀ। ਹਲਵਾਈ ਨੇ ਘਬਰਾ ਕੇ ਧੌਣ ਛੱਡ 'ਤੀ। ਤਾਏ ਨੇ ਲਹਿੰਦੇ ਵੱਲ ਨੂੰ ਐਸੀ ਦੁੜਕੀ ਲਾਈ ਕਿ ਅੱਜ ਤਕ ਤਾਏ ਨੇ ਨਾ ਆਪ ਤੇ ਨਾ ਕਦੇ ਤਾਈ ਨਾਲ ਘੰਟਾ-ਘਰ ਵੱਲ ਮੂੰਹ ਵੀ ਕੀਤਾ ਹੋਵੇ।


Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਸਿੱਖ ਰਿਲੀਜ਼ੀਅਸ ਸੁਸਾਇਟੀ ਦੁਆਰਾ ਗੁਰਦੁਆਰਾ ਪਲਾਟਾਈਨ ਵਿਖੇ ਦੂਜੀ ਸਲਾਨਾ "ਸਰਬੱਤ ਦਾ ਭਲਾ" ਰਨ-ਵਾਕ ਆਯੋਜਿਤ

ਇਸ ਸਮਾਗਮ ਵਿਚ ਨੌਜਵਾਨਾਂ ਨੇ ਖਾਸ ਦਿਲਚਸਪੀ ਵਿਖਾਈ ਅਤੇ ਇਸ ਨੂੰ ਆਯੋਜਿਤ ਕਰਨ ਵਿਚ ਵੀ ਮਜ਼ਬੂਤ ਭੂਮਿਕਾ ਨਿਭਾਈ। ਇਲੀਨਾਇਸ ਦੇ ਸੈਨੇਟਰ ਐਨ ਗਲੇਸਪੀ ਨੇ ਨੌਜਵਾਨਾਂ ਨੂੰ ਅਜਿਹੀਆਂ ਤੰਦਰੁਸਤ ਗਤੀਵਿਧੀਆਂ ਵਿਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਅਤੇ ਰਨ-ਵਾਕ ਦੇ ਪਹਿਲੇ, ਦੂਜੇ ਤੇ ਤੀਜੇ ਸਥਾਨ ਉਤੇ ਰਹਿਣ ਵਾਲੇ ਕ੍ਰਮਵਾਰ ਮੁਕਲ ਕੁਮਾਰ, ਅਮਨਦੀਪ ਸਿੰਘ ਅਤੇ ਸ਼ਾਨ ਸਿੰਘ ਸੋਹੀ ਨੂੰ ਇਨਾਮ ਵੱਜੋਂ ਪੁਰਸਕਾਰ ਦੇ ਰੂਪ ਵਿਚ ਸਰਟੀਫਿਕੇਟ ਦਿੱਤੇ।

ਇਸ ਮੌਕੇ ਸਿੱਖ ਰਿਲੀਜ਼ੀਅਸ ਸੁਸਾਇਟੀ ਦੇ ਬੋਰਡ ਮੈਂਬਰ ਪ੍ਰੇਮਪਾਲ ਸਿੰਘ ਨੇ ਕਿਹਾ ਕਿ ਇਸ ਸਮਾਗਮ ਦੀ ਸਫਲਤਾ ਨੌਜਵਾਨਾਂ, ਮੈਡੀਕਲ ਸਟਾਫ, ਸਮਰਪਿਤ ਯੁਵਾ ਵਾਲੰਟੀਅਰਾਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦੇ ਸਹਿਯੋਗ ਅਤੇ ਮਿਹਨਤਕਸ਼ ਟੀਮ ਤੋਂ ਬਿਨਾ ਸੰਭਵ ਨਹੀਂ ਸੀ।

## 21 ਸਤੰਬਰ ਨੂੰ ਵੁਲਵਰਹੈਂਪਟਨ ਵਿਖੇ ਹੋਵੇਗੀ 7ਵੀਂ ਯੂਕੇ ਗੱਤਕਾ ਚੈਂਪੀਅਨਸ਼ਿਪ : ਢੇਸੀ

ਇਸ ਮੌਕੇ ਗੁਰੂ ਨਾਨਕ ਸਤਸੰਗ ਗੁਰਦੁਆਰਾ ਦੇ ਪ੍ਰਧਾਨ ਬਲਰਾਜ ਸਿੰਘ ਅਟਵਾਲ ਨੇ ਕਿਹਾ ਕਿ ਇਨਾਂ ਖੇਡਾਂ ਦੀ ਮੇਜ਼ਬਾਨੀ ਕਰਨਾ, ਉਨਾਂ ਲਈ ਮਾਣ ਦੀ ਗੱਲ ਹੈ। ਉਨਾਂ ਕਿਹਾ ਕਿ ਇਹ ਇਕ ਮੁਫ਼ਤ ਪਰਿਵਾਰਕ ਆਯੋਜਨ ਹੋਵੇਗਾ, ਜੋ ਸਭ ਲਈ ਖੁੱਲ੍ਹਾ ਹੋਵੇਗਾ ਅਤੇ ਇੱਥੇ ਲੰਗਰ ਵੀ ਵਰਤਾਇਆ ਜਾਵੇਗਾ। ਇਸ ਵਿਚ ਯੋਗਦਾਨ ਲਈ ਕੋਈ ਵੀ ਵਲੰਟੀਅਰ ਜਾਂ ਸਥਾਨਕ ਵਪਾਰਕ ਅਦਾਰੇ ਸਪਾਂਸ਼ਰਸ਼ਿਪ ਲਈ ਉਨਾਂ ਨਾਲ ਰਾਬਤਾ ਕਰ ਸਕਦੇ ਹਨ। ਉਨਾਂ ਨੇ ਸਭ ਨੂੰ ਇਸ ਚੈਂਪੀਅਨਸ਼ਿਪ ਵਿਚ ਭਾਗ ਲੈਣ ਅਤੇ ਇਸ ਨੂੰ ਸਫਲ ਬਣਾਉਣ ਦਾ ਸੱਦਾ ਦਿੱਤਾ।

ਇਸ ਬੈਠਕ ਵਿਚ ਹੋਰਨਾਂ ਤੋਂ ਇਲਾਵਾ ਸ. ਹਰਨੇਕ ਸਿੰਘ ਮੈਰੀਪੁਰੀਆ, ਗੁਰਮੀਤ ਸਿੰਘ ਸਿੱਧੂ ਗੁਰਦੁਆਰਾ ਜਨਰਲ ਸਕੱਤਰ, ਹਰਮਨ ਸਿੰਘ ਜੌਹਲ ਸਕੱਤਰ, ਗੱਤਕਾ ਫੈਡਰੇਸ਼ਨ ਯੂਕੇ. ਅਤੇ ਅਵਤਾਰ ਸਿੰਘ ਚੇਅਰਮੈਨ ਕੌਂਸਲ ਆਫ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਯੂਕੇ ਵੀ ਹਾਜ਼ਰ ਸਨ।

## ਹਰਬੰਸ ਸਿੰਘ ਤੇਗ ਦਾ ਅਕਾਲ ਚਲਾਣਾ

ਉਨ੍ਹਾਂ ਨੇ ਮੈਨੂੰ ਸ਼ਤਰੰਜ ਦਿਖਾਈ ਵੀ ਤੇ ਸਿਖਾਈ ਵੀ; ਮੇਰੇ ਨਾਲ ਅਕਸਰ ਖੇਡਦੇ ਤੇ ਮੈਨੂੰ ਹਰਾ ਦਿੰਦੇ। ਸਿਰਫ ਇੱਕ ਬਾਰ, ਪਤਾ ਨਹੀਂ, ਮੈਂ ਕਿਵੇਂ ਜਿੱਤ ਗਿਆ; ਉਹ ਕਹਿਣ ਲੱਗੇ 'ਹੁਣ ਤੈਨੂੰ ਸ਼ਤਰੰਜ ਆ ਗਈ'। ਮੈਂ ਸਮਝਦਾ ਸੀ ਕਿ ਉਨ੍ਹਾਂ ਨੇ ਮੈਨੂੰ ਆਪ ਹੀ ਅਵੇਸਲੇ ਜਹੇ ਹੋ ਕੇ ਜਿਤਾ ਦਿੱਤਾ ਸੀ। ਉਹ ਸਾਡੀ ਆਖਰੀ ਬਾਜ਼ੀ ਸੀ।

ਗਿਆਨੀ ਦਿੱਤ ਸਿੰਘ ਦੇ ਇਲਾਵਾ ਉਹ ਭਾਈ ਕਾਹਨ ਸਿੰਘ ਨਾਭਾ ਤੇ ਪ੍ਰੋ. ਸਾਹਿਬ ਸਿੰਘ ਦੇ ਵੀ ਕਾਇਲ ਸਨ। ਮਹਾਨ ਕੋਸ਼ ਉਨ੍ਹਾਂ ਦੇ ਸਿਰਹਾਣੇ ਪਿਆ ਰਹਿੰਦਾ। ਕੋਈ ਗੱਲ ਛਿੜਦੀ ਉਹ ਝੱਟ ਮਹਾਨ ਕੋਸ਼ ਖੋਲ੍ਹ ਲੈਂਦੇ। ਹੋਰ ਤਾਂ ਹੋਰ, ਉਨ੍ਹਾਂ ਨੇ ਕਈਆਂ ਦੇ ਚਿਰੋਕਣੇ ਰੋਗ ਮਹਾਨ ਕੋਸ਼ 'ਚ ਲਿਖੇ ਨੁਸਖਿਆਂ ਨਾਲ਼ ਠੀਕ ਕਰ ਦਿੱਤੇ ਸਨ। ਕਈ ਲੋਕ ਉਨ੍ਹਾਂ ਨੂੰ ਬਹੁਤ ਵੱਡਾ ਹਕੀਮ ਸਮਝਦੇ। ਤ੍ਰਿਫਲਾ ਉਹ ਆਪ ਵੀ ਛਕਦੇ ਤੇ ਦੂਜਿਆਂ ਨੂੰ ਛਕਾਉਂਦੇ। ਤ੍ਰਿਫਲੇ ਦੇ ਗੁਣ ਹਮੇਸ਼ਾ ਉਨ੍ਹਾਂ ਦੀ ਜ਼ੁਬਾਨ 'ਤੇ ਰਹਿੰਦੇ।

ਕਾਲਜ ਦੇ ਪ੍ਰੋ. ਨਿਸ਼ਾਨ ਸਿੰਘ ਤੇ ਪ੍ਰੋ. ਗਜਿੰਦਰ ਸਿੰਘ ਕਲਾਸਾਂ ਛੱਡ ਛੱਡ ਉਨ੍ਹਾਂ ਦੀ ਸੰਗਤ ਮਾਣਦੇ ਤੇ ਗੁਰਮਤਿ ਗਿਆਨ ਸਿੱਖਦੇ। ਤੇਗ ਸਾਹਿਬ ਵੀ ਖੁਸ਼ ਹੁੰਦੇ ਕਿ ਉਹ ਪ੍ਰੋਫੈਸਰਾਂ ਨੂੰ ਕੁਝ ਸਿਖਾਉਂਦੇ ਹਨ; ਉਹ ਵੀ ਸਾਇੰਸ ਦਿਆਂ ਨੂੰ। ਉਹ ਸਾਇੰਸ ਦੀਆਂ ਕਈ ਗੱਲਾਂ ਇਨ੍ਹਾਂ ਨੂੰ ਪੁੱਛਦੇ ਤੇ ਅਗਲੇ ਦਿਨ ਕਥਾ ਵਿੱਚ ਵਖਿਆਨ ਕਰਦੇ। ਪ੍ਰੋਫੈਸਰ ਆਪਣੀਆਂ ਗੱਲਾਂ ਦਾ ਵਿਸਤਾਰ ਸੁਣ ਕੇ ਖੁਸ਼ ਹੁੰਦੇ ਤੇ ਉਨ੍ਹਾਂ ਨੂੰ ਲੱਗਦਾ ਕਿ ਉਹ ਵੀ ਕੋਈ ਸ਼ੈਅ ਹਨ। ਅਗਲੇ ਦਿਨ ਉਹੀ ਗੱਲਾਂ ਉਹ ਕਲਾਸਾਂ 'ਚ ਦੱਸਦੇ ਤੇ ਵਿਦਿਆਰਥੀ ਦੇਖਦੇ ਕਿ ਸਾਡੇ ਅਧਿਆਪਕ ਕਿੰਨੇ ਮਹਾਨ ਹਨ। ਕਾਲਜ ਅਤੇ ਗੁਰਦੁਆਰੇ ਦਰਮਿਆਨ ਗਿਆਨ ਦਾ ਸੰਵਾਦ ਜਾਰੀ ਰਹਿੰਦਾ।

ਦੀਵਾਨਾਂ ਦੀ ਹਾਜ਼ਰੀ ਭਰਨ ਉਹ ਦੂਰ-ਦੂਰ ਤਕ ਚਲੇ ਜਾਂਦੇ ਤੇ ਕਦੇ-ਕਦੇ ਮੈਨੂੰ ਨਾਲ਼ ਲੈ ਜਾਂਦੇ। ਉਹ ਵਾਰ-ਵਾਰ ਤਿੰਨ ਫੁੱਟੀ ਕਿਰਪਾਨ ਸੰਭਾਲਦੇ ਤੇ ਹਰ ਵਾਰ ਮੇਰੇ ਗੋਡੇ 'ਤੇ ਵੱਜਦੀ। ਉਨ੍ਹਾਂ ਆਖਣਾ 'ਦੇਖੀਂ'। ਮੈਂ ਕਹਿਣਾ 'ਕੋਈ ਨੀ ਜੀ'। ਕਦੇ ਕਦੇ ਉਨ੍ਹਾਂ ਦਾ ਮੋਟਰ ਸਾਈਕਲ ਬੰਦ ਹੋ ਜਾਣਾ ਤਾਂ ਉਨ੍ਹਾਂ ਨੇ ਹਿਲਾ ਹਲੂ ਕੇ ਚਲਾ ਲੈਣਾ ਤੇ ਕਹਿਣਾ 'ਘੋੜਾ ਬੜਾ ਅੜੀਅਲ ਜਾਨਵਰ ਹੈ'। ਉਨ੍ਹਾਂ ਲਈ ਮੋਟਰ ਸਾਈਕਲ ਵੀ ਜਾਨਵਰ ਹੀ ਸੀ।

ਦੀਵਾਨ ਵਿੱਚ ਪਹੁੰਚ ਕੇ ਉਨ੍ਹਾਂ ਨੇ ਸੰਗਤ ਵਿੱਚ ਬੈਠ ਜਾਣਾ। ਅਨੰਦ ਸਾਹਿਬ ਦੇ ਪਾਠ ਉਪਰੰਤ ਪਤਾ ਹੀ ਨਾ ਲੱਗਣਾ ਕਿਹੜੇ ਵੇਲੇ 'ਤੁਮ ਠਾਕੁਰ ਤੁਮ ਪੈ ਅਰਦਾਸਿ' ਕਰਦੇ ਕਰਦੇ ਤੇਗ ਸਾਹਿਬ ਨੇ ਆਪੇ ਹੀ ਅਰਦਾਸ ਲਈ ਆ ਖਲੋਣਾ ਤੇ ਜੈਕਾਰਾ ਗਜਾ ਕੇ ਮਹਾਰਾਜ ਦੀ ਤਾਬਿਆ ਬੈਠ ਜਾਣਾ। ਵਾਕ ਲੈਣਾ ਤੇ ਉਸਦੀ ਕਥਾ ਕਰਨੀ, ਜਿਸ ਵਿੱਚ ਸਾਡੀ ਸਿਆਸਤ, ਸਮਾਜਿਕਤਾ ਅਤੇ ਧਾਰਮਿਕਤਾ ਨੂੰ ਸੇਧਾਂ ਦੇਣੀਆਂ, ਨਵੀਂ ਪੀੜ੍ਹੀ ਨੂੰ ਤਾੜਨਾ ਕਰਨੀ, ਵਹਿਮਾਂ ਭਰਮਾਂ ਦਾ ਖੰਡਨ ਕਰਨਾ, ਪ੍ਰਵਾਣਤ ਰਹਿਤ ਮਰਿਯਾਦਾ ਦੀ ਲੋੜ 'ਤੇ ਜ਼ੋਰ ਦੇਣਾ ਤੇ ਬਾਣੀ ਦੇ ਹਵਾਲਿਆਂ ਦੀ ਵਰਖਾ ਕਰ ਦੇਣੀ। ਧੰਨ ਧੰਨ ਹੋ ਜਾਣੀ। ਛਿੜੇ ਦੀਵਾਨ ਵਿੱਚ ਤੇਗ ਸਾਹਿਬ ਦੀਆਂ ਗੱਲਾਂ ਦੀ ਚਰਚਾ ਹੋਣੀ; ਹੋਰ ਕਿਸੇ ਨੇ ਕੀ ਕਿਹਾ ਸਭ ਭੁੱਲ ਭੁਲਾ ਜਾਣਾ। ਮੇਲਾ ਲੁੱਟਣਾ ਤਾਂ ਸੁਣਿਆ ਸੀ, ਤੇਗ ਸਾਹਿਬ ਦੀਵਾਨ ਲੁੱਟ ਲੈਂਦੇ। ਕਥਾ ਕਰਦਿਆਂ ਕਈ ਸ਼ਰਧਾਲੂ ਉਨ੍ਹਾਂ ਅੱਗੇ ਮਾਇਆ ਅਰਪਣ ਕਰਦੇ ਤਾਂ ਉਹ ਇਸਨੂੰ ਮਨਮੱਤ ਸਮਝਦੇ ਹੋਏ ਚੁੱਕ ਕੇ ਮਹਾਰਾਜ ਦੇ ਅੱਗੇ ਅਰਪਣ ਕਰ ਦਿੰਦੇ। ਤੇਗ ਸਾਹਿਬ ਮਹੀਨ ਗੱਲਾਂ ਦੇ ਵੱਡੇ ਸਿਦਕਵਾਨ ਵਿਦਵਾਨ ਸਨ।

ਉਨ੍ਹਾਂ ਦੇ ਵਖਿਆਨ ਅਕਸਰ ਮਨ ਦੇ ਵਿਸ਼ੇ ਵਿਚ ਉਤਰ ਜਾਂਦੇ। ਉਹ ਮਾਨਵੀ ਮਾਨਸਿਕ ਕਮਜ਼ੋਰੀਆਂ ਦੀ ਬੜੀ ਮਹੀਨ ਵਿਆਖਿਆ ਕਰਦੇ। ਕਦੇ-ਕਦੇ ਝੌਲਾ ਜਿਹਾ ਪੈਂਦਾ, ਜਿਵੇਂ ਉਹ ਮੈਨੇਜਰ ਨਾਲੋਂ ਮਨੋਵਿਗਿਆਨ ਦਾ ਪ੍ਰੋਫੈਸਰ ਹੋਵੇ। ਉਨ੍ਹਾਂ ਨੇ ਇਸੇ ਵਿਸ਼ੇ ਨਾਲ ਸਬੰਧਤ 'ਮਨ ਰਾਜਾ ਸੁਲਤਾਨ' ਕਿਤਾਬ ਵੀ ਲਿਖੀ ਸੀ, ਜਿਸ ਦਾ ਜ਼ਿਕਰ ਕਰਨਾ ਉਹ ਕਦੇ ਨਾ ਭੁੱਲਦੇ। ਉਹ ਗਿਆਨੀ ਪਾਸ ਸਨ ਤੇ ਉਹ ਹਮੇਸ਼ਾ ਇਤਰਾਜ਼ ਕਰਦੇ ਕਿ ਲੋਕੀਂ ਹਰ ਸਿੱਖ ਨੂੰ ਗਿਆਨੀ ਕਹਿ ਦਿੰਦੇ ਹਨ। ਉਹ ਅੰਗਰੇਜ਼ੀ ਨਹੀਂ ਸੀ ਜਾਣਦੇ। ਇਸ ਗੱਲ ਦਾ ਪਤਾ ਉਦੋਂ ਲੱਗਦਾ ਜਦ ਉਹ ਕਿਸੇ ਗੱਲ ਦੇ ਜਵਾਬ ਵਿੱਚ 'ਨੋਂ' ਦੀ ਬਜਾਏ ਦੋ ਬਾਰ 'ਨੌਟ ਨੌਟ' ਆਖਦੇ। ਮੈਂ ਇੱਕ ਵਾਰ ਉਨ੍ਹਾਂ ਨੂੰ ਦੱਸਿਆ ਵੀ ਕਿ 'ਤੇਗ ਸਾਹਿਬ ਨੌਟਨਹੀਂ ਨੋ ਕਿਹਾ ਕਰੋ'। ਕਹਿਣ ਲੱਗੇ 'ਨਹੀਂ, ਸਿੰਘਾਂ ਦਾ ਨੌਟ ਹੀ ਹੁੰਦਾ'।

ਉਹ ਖੁਦ ਨੂੰ ਪ੍ਰਿੰਸੀਪਲ ਸਾਹਿਬ ਸਿੰਘ ਦਾ ਪੇਟ-ਘਰੋੜੀ ਦਾ ਵਿਦਿਆਰਥੀ ਦੱਸ ਕੇ ਖੁਸ਼ ਹੁੰਦੇ। ਉਨ੍ਹਾਂ ਕੋਲ ਸਾਹਿਬ ਸਿੰਘ ਦੀਆਂ ਕਈ ਚਿੱਠੀਆਂ ਸਨ, ਜਿਨ੍ਹਾਂ ਨੂੰ ਉਹ ਕੀਮਤੀ ਖ਼ਜ਼ਾਨੇ ਦੀ ਤਰ੍ਹਾਂ ਸਾਂਭ ਸਾਂਭ ਰੱਖਦੇ। ਇਸ ਮੁਹੱਬਤੀ ਦੀਖਿਆ ਰਾਹੀਂ ਉਨ੍ਹਾਂ ਨੇ ਗੁਰਬਾਣੀ ਨੂੰ ਸਮਝਣ ਲਈ ਵਿਆਕਰਣਿਕ ਸੂਝ ਬੂਝ ਹਾਸਲ ਕੀਤੀ ਹੋਈ ਸੀ, ਜਿਸਦਾ ਇਸਤੇਮਾਲ ਬੜੇ ਫ਼ਖ਼ਰ ਨਾਲ਼ ਕਰਦੇ।

ਉਹ ਲੰਮਾਂ ਸਮਾਂ ਇੰਗਲੈਂਡ ਵਿਚ ਰਹੇ, ਪਰ ਉਥੋਂ ਦੀ ਸਿੱਖ ਆਬੋਹਵਾ ਰਾਸ ਨਾ ਆਈ। ਉਥੋਂ ਦੇ ਰਹਿਣ ਸਹਿਣ 'ਤੇ ਉਹ ਗੁਰ ਮਰਿਯਾਦਾ ਦੇ ਟੀਕੇ ਲਾਉਂਦੇ ਰਹਿੰਦੇ, ਜਿਸ ਨੂੰ ਕੋਈ ਬਰਦਾਸ਼ਤ ਨਾ ਕਰਦਾ; ਜਿਵੇਂ ਟੀਕੇ ਰੀਐਕਸ਼ਨ ਕਰਦੇ ਹੋਣ। ਉਹ ਦੁਖੀ ਮਨ ਨਾਲ਼ ਵਾਪਸ ਪਰਤ ਆਏ ਤੇ ਆਪਣੇ ਪਿੰਡ ਖੇਤੀ ਕਰਨ ਲੱਗ ਪਏ। ਖੇਤੀ ਨੂੰ ਉਨ੍ਹਾਂ ਨੇ ਵਪਾਰ ਨਾ ਬਣਾਇਆ, ਬਲਕਿ ਸੇਵਾ ਭਾਵ ਹੀ ਜਾਰੀ ਰੱਖਿਆ। ਉਹ ਲੋੜਵੰਦਾਂ ਦੀਆਂ ਗਰਜਾਂ ਪੂਰੀਆਂ ਕਰਦੇ ਤੇ ਕਈ ਗਰੀਬ ਵਿਦਿਆਰਥੀਆਂ ਦੀਆਂ ਫ਼ੀਸਾਂ ਭਰਦੇ। ਕਿਸੇ ਕਿਸੇ ਨੂੰ ਉਹ ਕਿਤਾਬਾਂ ਤੱਕ ਲੈ ਦਿੰਦੇ। ਇਲਾਕੇ ਭਰ ਵਿੱਚ ਵਿੱਚ ਉਹ ਇਸ ਕਰਤੱਵ ਲਈ ਜਾਣੇ ਜਾਂਦੇ।

ਕਈ ਦਫ਼ਾ ਉਹ ਮੈਨੂੰ ਫ਼ੋਨ ਕਰਕੇ ਪੁੱਛਦੇ, 'ਅਵਤਾਰ ਸਿਹਾਂ, ਤੁਹਾਡੇ ਕਾਲਜ ਬੀਏ. ਦੀ ਫ਼ੀਸ ਕਿੰਨੀ ਹੈ?' ਮੈਂ ਕਿਹਾ ਸਹੁਰੇ ਵਾਧੂ ਨਾ ਲਈ ਜਾਣ'। ਉਨ੍ਹਾਂ ਦੀ ਬੋਲਬਾਣੀ ਇੰਨੀ ਸੁਭਾਉਕੀ ਤੇ ਨਿਰਮਲ ਸੀ ਕਿ ਉਹ ਕਦੇ ਵੀ 'ਸਹੁਰੇ' ਤੋਂ ਅਗਲੀ (ਅੰਗਰੇਜ਼ੀ/ਪੰਜਾਬੀ) ਗਾਲ੍ਹ ਨਾ ਕੱਢਦੇ।

ਉਹ ਮੇਰੇ ਨਾਲ ਫੇਸਬੁੱਕ 'ਤੇ ਜੁੜੇ ਹੋਏ ਸਨ ਤੇ ਅਕਸਰ ਮੇਰੀ ਪੋਸਟ ਦੀ ਰੱਜ ਰੱਜ ਤਾਰੀਫ ਕਰਦੇ। ਮੈਂ ਉਨ੍ਹਾਂ ਦੇ ਵਿਚਾਰ ਵਿੱਚ ਮੀਨ ਮੇਖ ਕੱਢਦਾ ਤਾਂ ਉਹ ਬੁਰਾ ਨਾ ਮਨਾਉਂਦੇ। ਉਹ ਬੜੇ ਜ਼ਿੰਦਾ-ਦਿਲ ਇਨਸਾਨ ਅਤੇ ਵਿਦਵਾਨ ਸਨ। ਬੇਸ਼ੱਕ ਉਨ੍ਹਾਂ ਨੂੰ ਕਦੀ ਸਿਆਸਤ ਰਾਸ ਨਾ ਆਈ, ਪਰ ਉਹ ਵੀ ਕਦੇ ਸਿਆਸਤ ਤੋਂ ਬਾਜ ਨਾ ਆਏ। ਸਿਆਸਤ ਉਨ੍ਹਾਂ ਪਿੱਛੇ ਤੇ ਉਹ ਸਿਆਸਤ ਪਿੱਛੇ ਪਏ ਰਹੇ; ਦੋਵੇਂ ਇੱਕ ਦੂਜੇ ਨੂੰ ਦਰੁਸਤ ਕਰਨ ਲੱਗੇ ਰਹੇ।

ਮਾਨ ਅਕਾਲੀ ਦਲ ਦੀ ਟਿਕਟ ਮਿਲੀ ਤਾਂ ਉਹ ਬੁਰੀ ਤਰ੍ਹਾਂ ਹਾਰ ਗਏ। ਨਿਰਾਸ਼ ਨਹੀਂ ਹੋਏ ਤੇ ਕਹਿੰਦੇ 'ਅੰਮ੍ਰਿਤਸਰ ਤਾਂ ਐਵੇਂ ਬੁਰਕਾ ਹੀ ਆ, ਵਿੱਚੋਂ ਕਹਾਣੀ ਹੋਰ ਆ'। ਸਿੱਖ ਸਿਆਸਤ ਦੀ ਕਹਾਣੀ ਉਨ੍ਹਾਂ ਨੂੰ ਸਮਝ ਆ ਚੁੱਕੀ ਸੀ। ਉਹ ਹੁਣ ਸਿੱਖ ਸਮਾਜਿਕਤਾ 'ਤੇ ਵਧੇਰੇ ਪਹਿਰਾ ਦਿੰਦੇ ਤੇ ਇਸੇ ਦਾ ਫਿਕਰ ਕਰਦੇ। ਕਈ ਵਾਰ ਫ਼ੋਨ 'ਤੇ ਆਖਦੇ, 'ਜੇ ਸਾਡਾ ਸਮਾਜ ਠੀਕ ਹੋ ਜਾਵੇ ਤਾਂ ਸਭ ਠੀਕ ਹੋ ਜਾਵੇ'। ਜੇ ਉਹ ਹੋਰ ਕਿਤਾਬ ਲਿਖਦੇ ਤਾਂ ਉਹ ਸਿਆਸਤ 'ਤੇ ਨਹੀਂ, ਬਲਕਿ ਸਾਡੀ ਸਮਾਜਿਕਤਾ 'ਤੇ ਹੋਣੀ ਸੀ। ਪਰ ਵਿਧਾਤਾ ਨੂੰ ਇਹ ਮਨਜ਼ੂਰ ਨਹੀਂ ਸੀ। ਸਿਆਸਤ ਨੇ ਸਾਡੀ ਸਮਾਜਿਕਤਾ ਨੂੰ ਹਾਲੇ ਹੋਰ ਮਧੋਲਣਾ ਹੈ। ਹਾਲੇ ਅਸੀਂ ਹੋਰ ਠੇਡੇ ਖਾਣੇ ਹਨ।

ਪਤਾ ਲੱਗਾ ਕਿ ਉਹ ਰਾਹੋਂ ਤੋਂ ਆਪਣੇ ਪਿੰਡ ਭਾਲਟੇ ਨੂੰ ਆ ਰਹੇ ਸਨ ਕਿ ਮੋਟਰ ਸਾਈਕਲ ਦੀ ਦੁੱਗ ਦੁੱਗ ਦਗਾ ਦੇ ਗਈ। ਪਿੱਛੋਂ ਆਉਂਦੇ ਵਹੀਕਲ ਦੀ ਅਵਾਜ਼ ਨਾ ਸੁਣੀ ਤੇ ਹਾਦਸੇ ਦਾ ਸ਼ਿਕਾਰ ਹੋ ਗਏ। ਸਿਰ ਵਿੱਚ ਸੱਟ ਲੱਗੀ ਤੇ ਬੇਹੋਸ਼ ਹੋ ਗਏ। ਲੁਧਿਆਣੇ ਦਾ ਦਇਆਨੰਦ ਹਸਪਤਾਲ ਰਾਸ ਨਾ ਆਇਆ; ਉਹ ਕੌਮਾਂ 'ਚ ਗਏ ਤੇ ਕੌਮਾਂ 'ਚ ਆ ਗਏ। ਉਹ ਦਇਆਨੰਦ ਦਾ ਨਾਂ ਸੁਣਨੋਂ ਬਚ ਗਏ। ਡਾਕਟਰਾਂ ਨੇ ਜਵਾਬ ਦੇ ਦਿੱਤਾ ਕਿ 'ਸੇਵਾ ਕਰ ਲਉ'।

ਸੇਵਾ ਉਨ੍ਹਾਂ ਦੀ ਬੇਹੋਸ਼ੀ ਤੋੜ ਨਾ ਸਕੀ। ਮਹੀਨੇ ਤੋਂ ਉੱਪਰ ਉਹ ਕੌਮਾਂ ਵਿਚ ਰਹੇ। ਅਖੀਰ ਕੌਮਾਂ ਫੁੱਲਸਟੌਪ ਵਿੱਚ ਤਬਦੀਲ ਹੋ ਗਿਆ। ਖ਼ਬਰ ਮਿਲੀ ਕਿ ਉਹ ਨਹੀਂ ਰਹੇ। ਮਨ ਉਦਾਸ ਹੋ ਗਿਆ ਤੇ ਯਾਦਾਂ ਦੀ ਨਦੀ ਵਿੱਚ ਰੁੜ੍ਹ ਗਿਆ। ਮੇਰੇ ਅੰਦਰ ਤੇਗ ਸਾਹਿਬ ਦੀ ਸਿਮਰਤੀ ਜਾਗ ਪਈ ਤੇ ਕਾਗਜ਼ ਦੀ ਤਲਾਸ਼ ਕਰਨ ਲੱਗੀ।

ਉਦਾਸ ਮਨ ਨੇ ਆਖਿਆ ਕਿ ਹੁਣ ਹੋਰ ਗਿਆਨੀ ਤੇਗਾਂ ਜਨਮ ਲੈਣਗੀਆਂ, ਜਾਹੋ ਜਲਾਲ ਵਿੱਚ ਆਉਣਗੀਆਂ ਤੇ ਸਾਡੇ ਸਮਾਜ ਨੂੰ ਇਸ ਕਦਰ ਉਭਾਰ ਦੇਣਗੀਆਂ ਕਿ ਸਿਆਸਤ ਨੂੰ ਸਿਆਸਤ ਸਿਖਾ ਦੇਣਗੀਆਂ। ਬੁਰਕੇ ਲੱਥ ਜਾਣਗੇ ਤੇ ਸਭ ਆਖਣਗੇ-ਜੈ ਤੇਗੰ ਜੈ ਤੇਗੰ।।

## ਕਰਨਾਟਕ ਰਾਜ 'ਤੇ ਕਬਜ਼ਾ ਕਰਨ ਲੱਗੀ ਭਾਜਪਾ

ਸੀਟਾਂ ਮਿਲੀਆਂ ਸਨ ਜਦਕਿ ਕਾਂਗਰਸ ਨੇ 78 ਸੀਟਾਂ ਹਾਸਲ ਕੀਤੀਆਂ। ਜੇਡੀਐਸ ਨੇ ਸਿਰਫ 37 ਸੀਟਾਂ 'ਤੇ ਜਿੱਤ ਦਰਜ ਕੀਤੀ। ਕਾਂਗਰਸ ਨੇ ਭਾਜਪਾ ਦੀ ਸਰਕਾਰ ਬਣਨ ਤੋਂ ਰੋਕਣ ਲਈ ਜੇਡੀਐਸ ਨੂੰ ਸਮਰਥਨ ਦੇ ਦਿੱਤਾ ਸੀ ਤੇ ਕੁਮਾਰਸਵਾਮੀ ਮੁੱਖ ਮੰਤਰੀ ਬਣੇ ਸਨ। ਜੇਡੀਐਸ ਤੇ ਕਾਂਗਰਸ ਦਰਮਿਆਨ ਇਨ੍ਹਾਂ 13 ਮਹੀਨਿਆਂ ਵਿਚ ਕਾਫੀ ਤਲਖ਼ੀਆਂ ਰਹੀਆਂ। ਦੋਵਾਂ ਪਾਰਟੀਆਂ ਵਿਚ ਤਾਲਮੇਲ ਦੀ ਵੀ ਘਾਟ ਰਹੀ ਹੈ, ਜਿਸ ਕਾਰਨ ਦੋਵਾਂ ਪਾਰਟੀਆਂ ਦੇ ਵਿਧਾਇਕਾਂ ਵਿਚ ਨਾਰਾਜ਼ਗੀ ਪੈਦਾ ਹੋਈ ਪਰ ਕਾਂਗਰਸ ਤੇ ਜੇਡੀਐਸ ਵੱਲੋਂ ਇਸ ਸਭ ਨੂੰ ਸਿਰੇ ਤੋਂ ਖਾਰਜ ਕੀਤਾ ਜਾਂਦਾ ਰਿਹਾ ਹੈ। ਭਾਜਪਾ ਕੋਲ ਸਰਕਾਰ ਬਣਾਉਣ ਦਾ ਰਸਤਾ ਖੁੱਲ੍ਹਾ ਹੈ ਪਰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਸਰਕਾਰ ਬਣਾਉਣ ਦੇ ਪੱਖ ਵਿਚ ਨਹੀਂ। ਭਾਜਪਾ ਇਸ ਵਿੱਚ ਆਪਣਾ ਹੱਥ ਹੋਣ ਤੋਂ ਸਾਫ਼ ਇਨਕਾਰ ਕਰ ਰਹੀ ਹੈ ਪਰ ਉਸ ਦੇ ਆਗੂ ਪੂਰੀ ਤਰ੍ਹਾਂ ਸਰਗਰਮ ਹਨ। ਸਰਕਾਰ ਡਿੱਗਣ ਦੀ ਹਾਲਤ ਵਿੱਚ ਭਾਜਪਾ ਆਗੂ ਪੂਰੀ ਤਰ੍ਹਾਂ ਸਰਗਰਮ ਹਨ। ਜੇ ਸਰਕਾਰ ਡਿੱਗਦੀ ਹੈ, ਤਾਂ ਭਾਜਪਾ ਆਪਣੀ ਸਰਕਾਰ ਬਣਾਉਣ ਦੇ ਨਾਲ-ਨਾਲ ਕਰਨਾਟਕ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਬਾਰੇ ਵੀ ਵਿਚਾਰ ਕਰ ਰਹੀ ਹੈ।

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਸੂਬਿਆਂ ਦੀ ਸਥਿਤੀ ਉੱਤੇ ਪੂਰੀ ਚੌਕਸ ਨਜ਼ਰ ਰੱਖੀ ਹੋਈ ਹੈ, ਜਦ ਕਿ ਸੂਬੇ ਦੇ ਨੇਤਾ ਆਪੋ-ਆਪਣੇ ਵਿਧਾਇਕਾਂ ਨੂੰ ਲਾਮਬੰਦ ਕਰਨ ਦੇ ਨਾਲ ਕਾਂਗਰਸ ਤੇ ਜੇਡੀਐਸ ਦੇ ਬਾਗ਼ੀ ਆਗੂਆਂ ਦੇ ਅਸਤੀਫ਼ਿਆਂ ਪਿੱਛੋਂ ਆਪਣੀ ਸਰਕਾਰ ਦੀਆਂ ਸੰਭਾਵਨਾਵਾਂ ਤਲਾਸ਼ ਕਰ ਰਹੇ ਹਨ।

ਕਾਂਗਰਸ ਤੇ ਜੇਡੀਐਸ ਲਈ ਇਸ ਵੇਲੇ ਆਪਣੇ ਕੁਨਬੇ ਨੂੰ ਇਕਮੁੱਠ ਰੱਖਣਾ ਹੀ ਵੱਡੀ ਚੁਣੌਤੀ ਹੈ। ਜੇ ਕਰਨਾਟਕ ਵੀ ਕਾਂਗਰਸ ਦੇ ਹੱਥੋਂ ਚਲਾ ਜਾਂਦਾ ਹੈ ਤਾਂ ਕੇਂਦਰੀ ਲੀਡਰਸ਼ਿਪ 'ਤੇ ਵੱਡੇ ਸਵਾਲ ਖੜ੍ਹੇ ਹੋਣਗੇ। ਅਜਿਹੇ ਵਿਚ ਕਾਂਗਰਸ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਬਚੀ ਰਹੇ।

## ਕਿਸ ਨੂੰ ਹੋਈ ਕਿੰਨੀ ਸਜ਼ਾ

ਲਖਵਿੰਦਰ ਸਿੰਘ, ਅਮਨਦੀਪ ਸਿੰਘ, ਸਵਿੰਦਰ ਸਿੰਘ, ਮਕਤੂਲ ਸਿੰਘ, ਰਣਧੀਰ ਸਿੰਘ, ਅੰਗਰੇਜ਼ ਸਿੰਘ, ਜਗਤਾਰ ਸਿੰਘ, ਦੀਪ ਰਾਜ ਨੂੰ 302 'ਚ ਉਮਰ ਕੈਦ ਤੇ 10-10 ਹਜ਼ਾਰ ਰੁਪਿਆ ਜੁਰਮਾਨਾ, 364/120 ਬੀ. 'ਚ 10-10 ਸਾਲ ਕੈਦ ਤੇ ਪੰਜ-ਪੰਜ ਹਜ਼ਾਰ ਰੁਪਿਆ ਜੁਰਮਾਨਾ, 120 ਬੀ. 'ਚ ਉਮਰ ਕੈਦ ਤੇ 10-10 ਹਜ਼ਾਰ ਰੁਪਿਆ ਜੁਰਮਾਨਾ, 201 'ਚ ਸੱਤ ਸਾਲ ਕੈਦ ਤੇ ਪੰਜ-ਪੰਜ ਹਜ਼ਾਰ ਰੁਪਿਆ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਇਸ ਮਾਮਲੇ 'ਚ ਇਕ ਇਸਪੈਕਟਰ ਸਣੇ ਪੰਜ ਥਾਣੇਦਾਰਾਂ, 6 ਹੌਲਦਾਰ ਰੈਂਕ ਦੇ ਪੁਲਿਸ ਮੁਲਾਜ਼ਮਾਂ ਤੇ ਦੋ ਨਿੱਜੀ ਵਿਅਕਤੀਆਂ ਨੂੰ ਸਜ਼ਾ ਸੁਣਾਈ ਗਈ। ਇਸ ਮਾਮਲੇ 'ਚ ਇਕ ਏ. ਐਸ. ਆਈ. ਬਲਬੀਰ ਸਿੰਘ ਅਜੇ ਭਗੌੜਾ ਹੈ, ਜਿਸ ਕਾਰਨ ਉਸ ਦਾ ਫ਼ੈਸਲਾ ਨਹੀਂ ਹੋ ਸਕਿਆ। ਦੂਜੇ ਪਾਸੇ ਸਜ਼ਾ ਮਿਲੇ ਪੁਲਿਸ ਇਸਪੈਕਟਰ ਨੌਰੰਗ ਸਿੰਘ ਤੇ ਹੋਰ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੇ ਕਿਹਾ ਕਿ ਉਹ ਬੇਕਸੂਰ ਹਨ ਅਤੇ ਉਨ੍ਹਾਂ ਨੂੰ ਫਸਾਇਆ ਗਿਆ ਹੈ, ਜਿਸ ਲਈ ਉਹ ਉੱਚ ਅਦਾਲਤ ਦਾ ਕੁੰਡਾ ਖੜਕਾਉਣਗੇ।

## ਉਲੰਪੀਅਨ ਮਹਿੰਦਰ ਸਿੰਘ ਗਿੱਲ ਹੋਣਗੇ 15ਵੇਂ ਵਿਸ਼ਵ ਕਬੱਡੀ ਕੱਪ ਦੇ ਵਿਸ਼ੇਸ਼ ਮਹਿਮਾਨ

ਖਿਡਾਰੀਆਂ ਨੂੰ ਇਹ ਮਾਣ ਦੇ ਕੇ ਖੁਸ਼ੀ ਮਹਿਸੂਸ ਕਰੇਗਾ। ਕਲੱਬ ਨੇ ਬੜੇ ਮਾਣ ਨਾਲ ਐਲਾਨ ਕੀਤਾ ਕਿ ਸਾਬਕਾ ਓਲੰਪੀਅਨ ਤੇ ਰਿਕਾਰਡ ਹੋਲਡਰ ਦੌੜਾਕ ਮਹਿੰਦਰ ਸਿੰਘ ਗਿੱਲ 15ਵੇਂ ਵਿਸ਼ਵ ਕਬੱਡੀ ਕੱਪ ਦੇ ਵਿਸ਼ੇਸ਼ ਮਹਿਮਾਨ ਹੋਣਗੇ। ਇਸ ਮੀਟਿੰਗ ਵਿਚ ਹੁਣ ਤੱਕ ਦੀਆਂ ਤਿਆਰੀਆਂ ਦਾ ਨਿਰੀਖਣ ਵੀ ਕੀਤਾ ਗਿਆ ਤੇ ਦਰਸ਼ਕਾਂ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਪ੍ਰਬੰਧਾਂ ਦਾ ਬਰੀਕੀ ਨਾਲ ਜਾਇਜ਼ਾ ਲਿਆ ਗਿਆ। ਪਿਛਲੇ ਸਾਲਾਂ ਵਾਂਗ ਹਜ਼ਾਰਾਂ ਦਰਸ਼ਕਾਂ ਲਈ ਰਾਜਾ ਸਵੀਟਸ ਵਲੋਂ ਚਾਹ ਪਕੌੜਿਆਂ ਦਾ ਲੰਗਰ ਅਤੇ ਗੁਰੂਘਰ ਵਲੋਂ ਗੁਰੂ ਕਾ ਲੰਗਰ ਵਰਤਾਇਆ ਜਾਵੇਗਾ। ਕਲੱਬ ਵਲੋਂ ਸਮੂਹਿਕ ਤੌਰ 'ਤੇ ਖਿਡਾਰੀਆਂ ਨੂੰ ਡਰੱਗ ਦੇ ਲੱਗ ਰਹੇ ਦਾਗਾਂ ਨੂੰ ਧੋਣ ਅਤੇ ਮਾਂ ਖੇਡ ਕਬੱਡੀ ਨੂੰ ਹੋਰ ਅੱਗੇ ਲੈ ਕੇ ਜਾਣ ਲਈ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਡਰੱਗ ਫ੍ਰੀ ਇਹ 15ਵਾਂ ਵਿਸ਼ਵ ਕਬੱਡੀ ਕੱਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋਵੇਗਾ ਜਿਸ ਵਿਚ ਉੱਘੀਆਂ ਸਖ਼ਸ਼ੀਅਤਾਂ ਹੀ ਸ਼ਾਮਲ ਨਹੀਂ ਹੋਣਗੀਆਂ ਸਗੋਂ ਧਾਰਮਿਕ ਖੇਤਰ ਦੀਆਂ ਅਹਿਮ ਹਸਤੀਆਂ ਨੂੰ ਵਿਸ਼ੇਸ਼ ਮਾਣ ਸਨਮਾਨ ਵੀ ਕੀਤਾ ਜਾਵੇਗਾ।

## ਅੰਧ-ਰਾਸ਼ਟਰਵਾਦ ਵਿਚ ਗੁੰਮ ਹੋ ਜਾਂਦੇ ਹਨ ਲੋਕ ਪੱਖੀ ਮੁੱਦੇ

ਅੰਧ-ਰਾਸ਼ਟਰਵਾਦ ਦੀ ਅਜਿਹੀ ਹਨੇਰੀ ਝੁੱਲੀ ਕਿ ਮੋਦੀ ਸਰਕਾਰ ਪਹਿਲਾਂ ਨਾਲੋਂ ਵੀ ਵੱਧ ਬਹੁਮਤ ਲੈ ਕੇ ਸੱਤਾ ਵਿਚ ਦੁਬਾਰਾ ਆ ਗਈ। ਸਵਾਲ ਪੈਦਾ ਹੁੰਦੇ ਹਨ ਕਿ ਹਾਕਮ ਧਿਰਾਂ ਸਾਨੂੰ ਕਦੋਂ ਤਕ ਰਾਸ਼ਟਰਵਾਦ ਜਾਂ ਧਰਮ ਦੇ ਵੈਰ-ਵਿਰੋਧ ਦੇ ਨਾਂ ਉੱਤੇ ਭਟਕਾਉਂਦੀਆਂ ਰਹਿਣਗੀਆਂ? ਅਸੀਂ ਕਦੋਂ ਤਕ ਅਜਿਹੀਆਂ ਭਾਵਨਾਵਾਂ ਦੇ ਵਹਿਣ ਵਿਚ ਵਹਿ ਕੇ ਨਫ਼ਰਤ ਅਤੇ ਖ਼ੂਨ-ਖ਼ਰਾਬੇ ਵਰਗੀਆਂ ਘਟਨਾਵਾਂ ਵਿਚ ਘਿਰੇ ਰਹਾਂਗੇ? ਕੀ ਅਸੀਂ ਆਪਣੀ ਸਾਰੀ ਉਮਰ ਬਿਨਾ ਸੋਚਿਆਂ-ਪਰਖਿਆਂ ਮੰਦਹਾਲੀ ਅਤੇ ਨਫ਼ਰਤ ਵਿਚ ਹੀ ਗੁਜ਼ਾਰ ਦਿਆਂਗੇ? ਕੀ ਅਸੀਂ ਆਪਣੇ ਅਤੇ ਬੱਚਿਆਂ ਦੇ ਭਵਿੱਖ ਲਈ ਖ਼ੁਸ਼ਹਾਲੀ ਭਰੀ ਜ਼ਿੰਦਗੀ ਬਿਤਾਉਣ ਦੀ ਕਦੇ ਵੀ ਕਾਮਨਾ ਨਹੀਂ ਕਰ ਸਕਾਂਗੇ? ਕੀ ਸਾਡੀ ਸਾਰੀ ਜ਼ਿੰਦਗੀ ਰਾਸ਼ਟਰਵਾਦ ਦੇ ਨਾਂ ਉੱਤੇ ਮਰਨ-ਮਾਰਨ ਤਕ ਹੀ ਸੀਮਿਤ ਰਹੇਗੀ? ਆਖ਼ਰ ਅੱਜ ਅਸੀਂ ਭਰਾ-ਮਾਰੂ ਜੰਗ ਵਿਚ ਕਿਉਂ ਇੰਨੇ ਉਲਝ ਗਏ ਹਾਂ, ਇਹ ਸਾਡੇ ਲਈ ਸੋਚਣਾ ਬਣਦਾ ਹੈ। ਸਾਨੂੰ ਪੂੰਜੀਵਾਦੀ ਨਿਜ਼ਾਮ, ਜੋ ਅੰਧ-ਰਾਸ਼ਟਰਵਾਦ ਦੇ ਨਾਂ 'ਤੇ ਸਾਨੂੰ ਭੜਕਾਉਂਦਾ ਅਤੇ ਸਾਡਾ ਸਰਮਾਇਆ ਲੁੱਟਦਾ ਹੈ, ਤੋਂ ਛੁਟਕਾਰਾ ਪਾਉਣ ਲਈ ਸੰਘਰਸ਼ ਕਰਨਾ ਪਵੇਗਾ। ਇਹ ਸਭ ਤਾਂ ਹੀ ਹੋਵੇਗਾ ਜੇਕਰ ਅਸੀਂ ਆਪਣੀ ਨਫ਼ਰਤ ਅਤੇ ਭਰਾ-ਮਾਰੂ ਜੰਗ ਵਿਚੋਂ ਬਾਹਰ ਨਿਕਲਾਂਗੇ।

## ਬਹਾਦਰੀਆਂ ਦੇ ਇਤਿਹਾਸ ਦਾ ਸੋਮਾ ਸਿੱਖ ਰੈਜੀਮੈਂਟ

ਆਪਣੇ ਬਹਾਦਰੀ ਭਰੇ ਕਾਰਨਾਮੇ ਦਿਖਾਉਣ ਵਾਲੇ ਸਿੱਖ ਰੈਜੀਮੈਂਟ ਦੇ ਸੂਬੇਦਾਰ ਜੋਗਿੰਦਰ ਸਿੰਘ ਨੂੰ ਦੂਜਾ ਪਰਮਵੀਰ ਚੱਕਰ ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ। ਸਿੱਖ ਰੈਜੀਮੈਂਟ ਵਲੋਂ ਸੰਨ 1965, 1971 ਦੀਆਂ ਜੰਗਾਂ ਸਮੇਤ ਕਾਰਗਿੱਲ ਜੰਗ ਦੌਰਾਨ ਵੀ ਆਪਣੇ ਬਹਾਦਰੀ ਭਰੇ ਕਾਰਨਾਮੇ ਦਿਖਾ ਕੇ ਸਾਰੇ ਸੰਸਾਰ ਵਿੱਚ ਸਿੱਖ ਰੈਜੀਮੈਂਟ ਦਾ ਨਾਮ ਰੌਸ਼ਨ ਕੀਤਾ। ਮੌਜੂਦਾ ਸਮੇਂ ਅੰਦਰ ਸਿੱਖ ਰੈਜੀਮੈਂਟ ਦਾ ਹੈਡ ਕੁਆਰਟਰ ਰਾਮਗੜ੍ਹ (ਝਾਰਖੰਡ) ਵਿਖੇ ਹੈ ਅਤੇ ਹੁਣ ਸਿੱਖ ਰੈਜੀਮੈਂਟ ਦੀਆਂ ਕੁੱਲ 18 ਦੇ ਕਰੀਬ ਬਟਾਲੀਅਨਾਂ ਹਨ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਮੇਂ ਦੀ ਸਰਕਾਰ ਨੇ ਸਿੱਖ ਰੈਜੀਮੈਂਟ ਦੀ ਫਸਟ ਬਟਾਲੀਅਨ ਨੂੰ ਪਹਿਲਾਂ ਚੌਥੀ ਮਕੈਨੀਕਲ ਇਨਫੈਂਟਰੀ ਵਿੱਚ ਬਦਲ ਦਿੱਤਾ ਅਤੇ ਅਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਸਿੱਖ ਰੈਜੀਮੈਂਟ ਦੀ ਚੌਥੀ ਬਟਾਲੀਅਨ ਨੂੰ ਤੋੜ ਦਿੱਤਾ ਗਿਆ। ਅੱਜ ਲੋੜ ਹੈ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੂੰ ਕਿ ਸਾਰੇ ਸੰਸਾਰ ਅੰਦਰ ਸਿੱਖੀ ਦੇ ਝੰਡੇ ਨੂੰ ਬੁਲੰਦ ਕਰਨ ਵਾਲੀ ਬਹਾਦਰ ਸਿੱਖ ਸੂਰਮਿਆਂ ਦੀ ਸਿੱਖ ਰੈਜੀਮੈਂਟ ਦੇ ਕੁਰਬਾਨੀਆਂ ਭਰੇ ਇਤਿਹਾਸ ਦੀ ਵੱਧ ਤੋਂ ਵੱਧ ਸੰਭਾਲ ਕਰਨ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸੂਰਬੀਰ ਸਿੱਖ ਜਵਾਨਾਂ ਦੀਆਂ ਕੁਰਬਾਨੀਆਂ ਤੋਂ ਸੇਧ ਪ੍ਰਾਪਤ ਕਰ ਸਕਣ।

## ਅੱਠਵੇਂ ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ

ਰੋਗੀਆਂ ਦੀ ਸੇਵਾ ਆਪ ਤੇ ਆਪ ਦੇ ਸਿੱਖਾਂ ਨੇ ਜਿਸ ਲਗਨ ਨਾਲ ਕੀਤੀ, ਇਹ ਆਪਣੀ ਮਿਸਾਲ ਆਪ ਹੈ। ਸੰਸਾਰ ਵਿਚ ਪਹਿਲਾਂ ਸ਼ਾਇਦ ਅਜਿਹੇ ਯਤਨ ਕਿਸੇ ਨਹੀਂ ਸਨ ਕੀਤੇ। ਗੁਰੂ ਜੀ ਨੇ ਆਪਣਾ ਜੀਵਨ ਹੀ ਰੋਗੀਆਂ ਨੂੰ ਅਰਪਿਤ ਕਰ ਦਿੱਤਾ। ਰੋਗੀਆਂ ਦੀ ਸੇਵਾ ਕਰਦੇ ਹੋਇਆਂ ਗੁਰੂ ਜੀ ਆਪ ਚੇਚਕ ਦੀ ਲਪੇਟ ਵਿਚ ਆ ਗਏ। ਉਨ੍ਹਾਂ ਦੀਆਂ ਅੱਖਾਂ ਲਾਲ ਹੋ ਗਈਆਂ ਤੇ ਤੇਜ਼ ਬੁਖ਼ਾਰ ਚੜ੍ਹ ਗਿਆ। ਆਪ ਜੀ ਦੇ ਮਾਤਾ ਜੀ ਤੇ ਹੋਰ ਸਿੱਖ ਬਹੁਤ ਘਬਰਾ ਗਏ। ਆਪ ਜੀ ਦੇ ਬਚਨ ਸਨ, "ਸਭੋ ਕੁਝ ਰੱਬੀ ਹੁਕਮ ਅਨੁਸਾਰ ਹੁੰਦਾ ਹੈ। ਰੱਬ ਦੀ ਰਜ਼ਾ ਵਿਚ ਰਹਿਣਾ ਸਾਡਾ ਧਰਮ ਹੈ। ਚਿੰਤਾ ਕਰਨ ਦੀ ਲੋੜ ਨਹੀਂ। ਸਰੀਰ ਤਾਂ ਨਾਸ਼ਵਾਨ ਹੈ ਇਸ ਨੇ ਨਾਸ਼ ਹੋਣਾ ਹੀ ਹੈ।"

ਆਪਣਾ ਅੰਤ ਨਜ਼ਦੀਕ ਆਇਆ ਵੇਖ ਆਪ ਜੀ ਨੇ ਜਮਨਾ ਦੇ ਕੰਢੇ ਖੁੱਲ੍ਹੀ ਹਵਾ ਵਿਚ ਜਾਣਾ ਬਿਹਤਰ ਸਮਝਿਆ। ਰਾਜਾ ਜੈ ਸਿੰਘ ਗੁਰੂ ਜੀ ਦੀ ਖ਼ਬਰ ਲੈਣ ਗਿਆ, ਉਦੋਂ ਤੀਕ ਗੁਰੂ ਜੀ ਦੇ ਸਾਰੇ ਸਰੀਰ ਉਤੇ ਚੇਚਕ ਨਿਕਲ ਆਈ ਸੀ ਤੇ ਉਹ ਗੱਲਬਾਤ ਵੀ ਠੀਕ ਤਰ੍ਹਾਂ ਨਾਲ ਨਹੀਂ ਸਨ ਕਰ ਸਕਦੇ। ਗੁਰੂ ਜੀ ਨੇ ਸੰਗਤ ਨੂੰ ਬਾਣੀ ਦਾ ਪਾਠ ਕਰਨ ਦਾ ਹੁਕਮ ਕੀਤਾ। ਗੁਰੂ ਜੀ ਦੀ ਹਾਲਤ ਵਿਗੜ ਰਹੀ ਸੀ। ਸਿੱਖ ਪ੍ਰੇਸ਼ਾਨ ਸਨ। ਉਨ੍ਹਾਂ ਦੇ ਨੇੜਲੇ ਸਿੱਖ ਗੁਰਬਖ਼ਸ਼ ਜੀ ਨੇ ਬੇਨਤੀ ਕੀਤੀ ਕਿ ਗੁਰੂ ਜੀ ਸਾਨੂੰ ਕਿਸ ਦੇ ਸਹਾਰੇ ਛੱਡ ਕੇ ਜਾ ਰਹੇ ਹੋ। ਤੁਹਾਡੇ ਬਗ਼ੈਰ ਸਿੱਖੀ ਦਾ ਬੂਟਾ ਕੁਮਲਾ ਜਾਵੇਗਾ। ਕਈ ਗੁਰੂ ਬਣ ਬੈਠਣਗੇ। ਗੁਰੂ ਜੀ ਨੇ ਸਿੱਖਾਂ ਨੂੰ ਧੀਰਜ ਕਰਨ ਲਈ ਆਖਿਆ ਤੇ ਉਨ੍ਹਾਂ ਦੀ ਤਸੱਲੀ ਲਈ ਫ਼ੁਰਮਾਇਆ ਕਿ ਪ੍ਰਮਾਤਮਾ ਦੇ ਹੁਕਮ ਅਨੁਸਾਰ ਸਾਨੂੰ ਜਾਣਾ ਪੈਣਾ ਹੈ। ਸਿੱਖੀ ਦਾ ਬੂਟਾ ਜਿਹੜਾ ਗੁਰੂ ਨਾਨਕ ਨੇ ਲਗਾਇਆ ਹੈ, ਇਹ ਹੋਰ ਪ੍ਰਫੁਲਤ ਹੋਵੇਗਾ। ਜਦੋਂ ਸਿੱਖਾਂ ਨੇ ਬੇਨਤੀ ਕੀਤੀ ਕਿ ਗੁਰੂ ਜੀ ਸਾਨੂੰ ਕਿਸ ਦੇ ਲੜ ਲਾ ਕੇ ਜਾ ਰਹੇ ਹੋ? ਇਸ ਪਵਿੱਤਰ ਗੁਰਗੱਦੀ ਦਾ ਵਾਰਸ ਕੌਣ ਹੋਵੇਗਾ ਤਾਂ ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਪੰਜ ਪੈਸੇ ਤੇ ਨਾਰੀਅਲ ਮੰਗਵਾਇਆ। ਉਸ ਨੂੰ ਤਿੰਨ ਵੇਰ ਹਵਾ ਵਿਚ ਘੁਮਾਇਆ ਤੇ ਇੰਨਾ ਹੀ ਆਖ ਸਕੇ, "ਬਾਬਾ ਬਕਾਲੇ"। ਮੁੜ ਜਦੋਂ ਹੋਸ਼ ਆਈ ਤਾਂ ਉਨ੍ਹਾਂ ਗੁਰਬਾਣੀ ਦੇ ਗਾਇਣ ਦਾ ਹੁਕਮ ਦਿੱਤਾ। ਆਪਣੀ ਮਾਤਾ ਜੀ ਤੇ ਸਿੱਖਾਂ ਨੂੰ ਨਾਮ ਜਪਣ ਦਾ ਆਦੇਸ਼ ਦੇ ਕੇ ਗੁਰੂ ਜੀ ਨੇ 30 ਮਾਰਚ, 1664 ਨੂੰ ਪ੍ਰਾਣ ਤਿਆਗ ਦਿੱਤੇ। ਗੁਰੂ ਜੀ ਨੇ ਛੋਟੀ ਉਮਰ ਵਿਚ ਹੀ ਵੱਡੇ ਕਾਰਨਾਮੇ ਕੀਤੇ। ਦੁਖੀ ਤੇ ਰੋਗੀਆਂ ਦੀ ਸੇਵਾ ਕਰਨ ਦੀ ਇਕ ਨਵੀਂ ਮਿਸਾਲ ਕਾਇਮ ਕੀਤੀ। ਇਸੇ ਕਰਕੇ ਸਿੱਖ ਆਪਣੀ ਅਰਦਾਸ ਵਿਚ ਹਮੇਸ਼ਾ ਦੁਹਰਾਉਂਦੇ ਹਨ :

ਸ੍ਰੀ ਹਰਿ ਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭ ਦੁਖ ਜਾਇ।।

ਉਨ੍ਹਾਂ ਦੀ ਯਾਦ ਵਿਚ ਨਵੀਂ ਦਿੱਲੀ 'ਚ ਬਣੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਹੁਣ ਵੀ ਲੱਖਾਂ ਸ਼ਰਧਾਲੂ ਆਪਣੇ ਦੁਖਾਂ ਤੇ ਨਵਿਰਤੀ ਲਈ ਅਰਦਾਸ ਕਰਦੇ ਹਨ।

# ਮਲਟੀ ਕਲਚਰਲ ਵੂਮੈਨ ਪ੍ਰੋਗਰਾਮ ਯੂਬਾ ਸਿਟੀ 'ਚ ਪੰਜਾਬਣਾਂ ਨੇ ਨੱਚ-ਨੱਚ ਕੇ ਧੂੜਾਂ ਪੁੱਟੀਆਂ





**ਯੂਬਾ ਸਿਟੀ/ਹੁਸਨ ਲੜੋਆ ਬੰਗਾ :** ਹਰ ਵਰ੍ਹੇ ਵਾਂਗ ਸਥਾਨਕ ਸਟਰ ਕਾਊਂਟੀ ਲਾਇਬ੍ਰੇਰੀ ਵਲੋਂ ਕਰਵਾਏ ਗਏ ਮਲਟੀ ਕਲਚਰਲ ਵੂਮੈਨ ਪ੍ਰੋਗਰਾਮ ਵਿਚ ਐਤਕਾਂ ਵੀ ਪੰਜਾਬਣਾਂ ਹੀ ਬਾਕੀ ਸੱਭਿਆਚਾਰਾਂ ਦੇ ਗਰੁੱਪਾਂ ਤੋਂ ਉਪਰ ਰਹੀਆਂ ਤੇ ਦਰਸ਼ਕਾਂ ਵਿਚ ਵੀ ਜ਼ਿਆਦਾਤਰ ਪੰਜਾਬਣਾਂ ਹੀ ਸਨ। ਇਹ ਪ੍ਰੋਗਰਾਮ ਐਂਡਰਸ ਕਾਰਪਰੇਸ ਸਕੂਲ ਵਿਚ ਕਰਵਾਇਆ ਗਿਆ। ਵੱਖ-ਵੱਖ ਆਇਟਮਾਂ ਨੇ ਜਿੱਥੇ ਭਾਰੀ ਗਿਣਤੀ ਵਿਚ ਆਏ ਦਰਸ਼ਕਾਂ ਮਨੋਰੰਜਨ ਕੀਤਾ, ਉਥੇ ਨਾਲ-ਨਾਲ ਫੈਸ਼ਨ ਸ਼ੋਅ ਵਿਚ 7 ਦੇਸ਼ਾਂ ਦੀਆਂ ਬੀਬੀਆਂ ਨੇ ਹਿੱਸਾ ਲਿਆ। ਪਿਛਲੇ ਸਾਲਾਂ ਵਾਂਗ ਐਤਕਾਂ ਵੀ ਮੁੱਖ ਪ੍ਰਬੰਧਕਾਂ ਵਿਚ ਨਵਨੀਤ ਕੌਰ ਰੰਧਾਵਾ, ਸੰਗੀਤਾ ਦੱਤਾ, ਤਜਿੰਦਰ ਸੈਣੀ, ਗੁਰਪ੍ਰੀਤ ਕੌਰ, ਕਮਲਜੀਤ ਕੌਰ, ਨੀਲਮ, ਅਮਨਦੀਪ, ਮਨਜੀਤ ਤੇ ਨਵੀ ਸਹੋਤਾ ਨੇ ਸੁੱਚੱਜੇ ਪ੍ਰਬੰਧ ਕੀਤੇ। ਇਸ ਸਮਾਗਮ ਨੂੰ ਤਾਜ ਰੈਸਟੋਰੈਂਟ ਤੇ ਐਲਏ ਮਰਚੈਂਟਡਾਈਜ਼ ਦੀ ਬਖਸ਼ੋ ਬੀਸਰਾ ਨੇ ਸਪਾਂਸਰ ਕੀਤਾ। ਵੱਖ ਵੱਖ ਆਈਟਮਾਂ ਵਿਚ ਏਂਜਲ ਗਰੁੱਪ, ਪੰਜਾਬੀ ਡੇ ਜੇ ਗਰੁੱਪ, ਪੰਜਾਬੀ ਕਿਊਟ ਗਰਲਜ਼, ਰੰਗਲਾ ਪੰਜਾਬ, ਹੁਸਨ ਪੰਜਾਬ ਦਾ, ਨੱਚਦਾ ਗੱਭਰੂ ਪੰਜਾਬ ਦਾ, ਦੇਸੀ ਭੰਗੜਾ ਗਰੁੱਪ, ਪੰਜਾਬੀ ਮੁਟਿਆਰਾਂ, ਸ਼ੇਰਨੀਆਂ ਪੰਜਾਬ ਦੀਆਂ, ਪੰਜਾਬੀ ਗਰਲ ਗਰੁੱਪ, ਦੇਸੀ ਗਰਲਜ਼, ਪਾਖੰਡੀ ਬਾਬੇ, ਗੁਲਾਬੀ ਗਰਲਜ਼, ਸ਼ਾਨ ਪੰਜਾਬ ਦੀ, ਅਣਖ ਪੰਜਾਬ ਦੀ, ਰੂਪ ਪੰਜਾਬ ਦਾ ਤੋਂ ਇਲਾਵਾ ਯੂਬਾ ਸਿਟੀ ਦੀਆਂ ਬੀਬੀਆਂ ਵਲੋਂ ਧਮਾਕੇਦਾਰ ਗਿੱਧਾ ਪਾਇਆ ਗਿਆ। ਪੰਜਾਬਣਾਂ ਵਲੋਂ ਰਲਮਿਲ ਕੇ ਕੀਤਾ ਗਿਆ ਇਹ ਉਪਰਾਲਾ ਖੂਬਸੂਰਤ ਰਿਹਾ। ਸਮਾਗਮ ਵਿਚ ਬੱਚਿਆਂ ਤੋਂ ਲੈ ਕੇ ਬਜ਼ੁਰਗ ਬੀਬੀਆਂ ਨੇ ਸ਼ਮੂਲੀਅਤ ਕੀਤੀ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਵੱਲੋਂ ਜਥੇਬੰਦੀ ਦੇ ਸੰਗਠਾਨਤਮਕ ਢਾਂਚੇ ਤੇ ਕਾਰਜ ਪ੍ਰਣਾਲੀ ਬਾਰੇ ਵਿਸਥਾਰ 'ਚ ਜਾਣਕਾਰੀ ਨਸ਼ਰ

### *ਪਾਰਟੀ ਸ. ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖਾਲਿਸਤਾਨ ਵਾਸਤੇ ਜੱਦੋਜਹਿਦ ਕਰਦੀ ਆ ਰਹੀ ਹੈ*

**ਨਿਊਯਾਰਕ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ ਨੇ ਮੀਡੀਆ ਨੂੰ ਲਿਖਤੀ ਰੂਪ ਵਿਚ ਭੇਜੇ ਬਿਆਨ ਵਿਚ ਕਿਹਾ ਹੈ ਕਿ ਅਮਰੀਕਾ ਦੀ ਜਥੇਬੰਦੀ, ਜਿਸ ਨੂੰ ਸ. ਸਿਮਰਨਜੀਤ ਸਿੰਘ ਮਾਨ ਵਲੋਂ ਮਾਨਤਾ ਪ੍ਰਾਪਤ ਹੈ, ਇਹ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਦੀ ਹੈ। ਇਸ ਦੇ ਅਮਰੀਕਾ ਵਿੱਚ ਵੱਖ-ਵੱਖ ਪੰਜ ਸਟੇਟਾਂ ਵਿਚ ਯੂਨਿਟ ਕਾਇਮ ਹਨ, ਜਿਨ੍ਹਾਂ ਵਿੱਚ ਨਿਊਯਾਰਕ ਤੋਂ ਸ. ਸੁਰਜੀਤ ਸਿੰਘ ਕੁਲਾਰ, ਜੋ ਕਿ ਪਾਰਟੀ ਦੇ ਪ੍ਰਧਾਨ ਵੀ ਹਨ, ਨਾਲ ਹੋਰ ਮੈਂਬਰ ਤੇ ਯੂਥ ਵਿੰਗ ਦੇ ਸਹਿਯੋਗ ਨਾਲ ਯੂਨਿਟ ਚਲਦਾ ਹੈ। ਨਿਊਜਰਸੀ ਵਿਚ ਸ. ਜੋਗਾ ਸਿੰਘ ਯੂਨਿਟ ਦੇ ਪ੍ਰਧਾਨ ਹਨ ਤੇ ਹੋਰ ਮੈਂਬਰਾਂ ਦੇ ਨਾਲ ਯੂਨਿਟ ਕਾਇਮ ਹੈ।

ਸ਼ਿਕਾਗੋ ਵਿਚ ਸ. ਲਖਵੀਰ ਸਿੰਘ ਕੰਗ ਯੂਨਿਟ ਦੇ ਪ੍ਰਧਾਨ ਹਨ ਤੇ ਉਨ੍ਹਾਂ ਦੇ ਨਾਲ ਵੱਡੀ ਗਿਣਤੀ ਵਿਚ ਮੈਂਬਰ ਹਨ। ਕੈਲੀਫੋਰਨੀਆ ਵਿਚ ਸ. ਤਰਸੇਮ ਸਿੰਘ ਟੁਲੇਰੀ ਪ੍ਰਧਾਨ ਹਨ ਤੇ ਲੰਬੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ। ਉਨਾਂ ਨਾਲ ਪਾਰਟੀ ਮੈਂਬਰ ਵੱਡੀ ਗਿਣਤੀ ਵਿੱਚ ਜੁੜੇ ਹੋਏ ਹਨ ਤੇ ਯੂਥ ਵਿੰਗ ਦਾ ਯੂਨਿਟ ਵੀ ਕੈਲੀਫੋਰਨੀਆ ਵਿਚ ਚਲਦਾ ਹੈ ਜਿਸ ਦੇ ਪ੍ਰਧਾਨ ਅਰਵਿੰਦਰ ਸਿੰਘ ਹਨ। ਵਰਜੀਨੀਆ ਸਟੇਟ ਵਿਚ ਸ. ਰੇਸ਼ਮ ਸਿੰਘ ਵਰਜੀਨੀਆ ਯੂਨਿਟ ਦੇ ਪ੍ਰਧਾਨ ਹਨ।

ਇਸ ਤੋਂ ਇਲਾਵਾ ਪਾਰਟੀ ਦੀ ਪੰਜ ਮੈਂਬਰੀ ਕਮੇਟੀ ਹੈ, ਜਿਸ ਵਿਚ ਸ. ਸੁਰਜੀਤ ਸਿੰਘ ਕੁਲਾਰ, ਸ. ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਸ. ਰੁਪਿੰਦਰ ਸਿੰਘ ਬਾਠ ਤੇ ਮੱਖਣ ਸਿੰਘ ਕਲੇਰ ਹਨ। ਇਸ ਦੇ ਨਾਲ ਹੀ ਵੱਖ-ਵੱਖ ਸਟੇਟਾਂ ਦੇ ਪਾਰਟੀ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਤੇ ਸੁਲਝੇ ਹੋਏ ਮੈਂਬਰਾਂ ਦੀ 25 ਮੈਂਬਰਾਂ ਦੀ ਕੇਂਦਰੀ ਕਮੇਟੀ ਵੀ ਬਣਾਈ ਹੋਈ ਹੈ ਜੋ ਕਿ ਸਮੇਂ-ਸਮੇਂ 'ਤੇ ਪਾਰਟੀ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਦੀ ਹੈ। ਪਾਰਟੀ ਅਮਰੀਕਾ ਵਿੱਚ ਰਜਿਸਟਰਡ ਕਰਵਾਈ ਹੋਈ ਹੈ, ਜਿਸ ਦਾ ਬੈਂਕ ਅਕਾਊਂਟ ਵੀ ਹੈ। ਇਸਦਾ ਪੂਰਾ ਹਿਸਾਬ ਕਿਤਾਬ ਰੱਖਿਆ ਜਾਂਦਾ ਹੈ। ਪਾਰਟੀ ਦਾ ਆਪਣਾਂ ਅਕਾਊਂਟੈਂਟ ਹੈ। ਹਰ ਸਾਲ ਟੈਕਸ ਵੀ ਭਰਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੈਂ ਅਮਰੀਕਾ ਦੀ ਜਥੇਬੰਦੀ ਦਾ (ਆਗੂ) ਪ੍ਰਧਾਨ ਹੋਣ ਦੇ ਨਾਤੇ ਆਪਣੀ ਜਿੰਮੇਵਾਰੀ ਸਮਝਦਾ ਹਾਂ ਕਿ ਇਸ ਨੂੰ ਪੂਰੀ ਤਰਾਂ ਪਾਰਦਰਸ਼ਤਾ ਨਾਲ ਚਲਾਇਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਮੈਂ ਇਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜੋ ਵੀ ਪਾਰਟੀ ਦੀ ਅਮਰੀਕਾ ਵਿੱਚ ਮੈਂਬਰਸ਼ਿਪ ਲੈਂਦੇ ਹਨ, ਉਹ ਕਿਸੇ ਨੂੰ ਵੀ ਕੈਸ਼ ਫੀਸ ਦੇ ਕੇ ਮੈਂਬਰਸ਼ਿਪ ਨਾ ਲੈਣ । ਪਾਰਟੀ ਦੇ ਨਾਮ ਦਾ ਚੈੱਕ ਜਾਂ ਮਨੀਆਰਡਰ ਦਿੱਤਾ ਜਾਵੇ ਤੇ ਉਸ ਦੀ ਰਸੀਦ ਸੰਭਾਲ ਕੇ ਰੱਖੀ ਜਾਵੇ, ਜਿਸ ਦੀ ਫੀਸ £365.00 ਸਲਾਨਾ ਹੈ।

## ਸਿੱਖ ਨਾਲ ਨੌਕਰੀ ਵਿਚ ਭੇਦਭਾਵ ਦੇ ਮਾਮਲੇ 'ਚ ਕਮਲਾ ਹੈਰਿਸ ਦੀ ਭੂਮਿਕਾ 'ਤੇ ਵਿਵਾਦ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਜੋਇ ਬਿਡਨ ਨਾਲ ਮਨੁੱਖੀ ਹੱਕਾਂ ਬਾਰੇ ਮੁੱਦਿਆਂ ਉਪਰ ਬਹਿਸ ਦੌਰਾਨ ਤਾਂ ਭਾਵੇਂ ਕਮਲਾ ਹੈਰਿਸ ਜੋ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਹਨ, ਜਿੱਤ ਗਈ ਹੋਵੇ ਪਰੰਤੂ ਸਿੱਖ ਭਾਈਚਾਰਾ ਇਹ ਸੋਚ ਕੇ ਅਚੰਭੇ ਵਿਚ ਹੈ ਕਿ ਕੀ ਹੈਰਿਸ ਸੱਚਮੁੱਚ ਉਸ ਵਿਚ ਵਿਸ਼ਵਾਸ ਰੱਖਦੀ ਹੈ ਜੋ ਉਸ ਨੇ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਵਜੋਂ ਆਪਣੇ ਰਿਕਾਰਡ ਦੇ ਆਧਾਰ 'ਤੇ ਕਿਹਾ ਹੈ। ਹੈਰਿਸ ਦੀ ਟਿੱਪਣੀ ਨੇ ਸਿੱਖ ਭਾਈਚਾਰੇ ਨੂੰ ਨਰਾਜ਼ ਕਰ ਲਿਆ ਹੈ। ਸਿੱਖ ਕਾਰਕੁੰਨਾਂ ਨੇ ਇਕ ਪਟੀਸ਼ਨ ਜਾਰੀ ਕਰਕੇ ਮੰਗ ਕੀਤੀ ਹੈ ਕਿ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਵਜੋਂ ਸੰਨ 2011 ਵਿਚ ਇਕ ਸਿੱਖ ਦਰਖਾਸਤਕਰਤਾ ਨਾਲ ਨੌਕਰੀ ਲੈਣ 'ਚ ਕੀਤੇ ਗਏ ਭੇਦਭਾਵ ਲਈ ਹੈਰਿਸ ਮੁਆਫ਼ੀ ਮੰਗੇ। ਵਕੀਲ ਤੇ ਰਾਜਸੀ ਸਲਾਹਕਾਰ ਰਾਜਦੀਪ ਸਿੰਘ ਜੌਲੀ ਨੇ ਕਿਹਾ ਹੈ ਕਿ ਹੈਰਿਸ ਆਪਣੇ ਵਿਰੋਧੀਆਂ ਨੂੰ ਮਨੁੱਖੀ ਹੱਕਾਂ ਦਾ ਪਾਠ ਪੜ੍ਹਾਉਂਦੀ ਹੈ ਜਦ ਕਿ ਉਸ ਨੂੰ ਖੁਦ ਇਕ ਸਿੱਖ ਨਾਲ ਨੌਕਰੀ ਵਿਚ ਕੀਤੇ ਗਏ ਭੇਦਭਾਵ ਦੇ ਮਾਮਲੇ ਵਿਚ ਮੁਆਫ਼ੀ ਮੰਗਣ ਦੀ ਲੋੜ ਹੈ। ਇਥੇ ਵਰਣਨਯੋਗ ਹੈ ਕਿ ਤਰਲੋਚਨ ਸਿੰਘ ਉਬਰਾਏ ਨੇ ਕੈਲੀਫੋਰਨੀਆ ਡਿਪਾਰਟਮੈਂਟ ਆਫ ਕਰੈਕਸ਼ਨਜ਼ ਐਂਡ ਰੀਹੈਬਲੀਟੇਸ਼ਨ ਵਿਚ ਕਰੈਕਸ਼ਨਜ਼ ਅਫਸਰ ਦੀ ਨੌਕਰੀ ਲਈ ਦਰਖਾਸਤ ਦਿੱਤੀ ਸੀ। ਉਸ ਨੇ ਲਿਖਤੀ ਟੈਸਟ ਸਮੇਤ ਇਸ ਨੌਕਰੀ ਲਈ ਲੋੜੀਂਦੇ ਸਾਰੇ ਟੈਸਟ ਪਾਸ ਕਰ ਲਏ ਸਨ ਪਰੰਤੂ ਉਸ ਨੂੰ ਦਾੜ੍ਹੀ ਕਟਵਾਉਣ ਲਈ ਕਿਹਾ ਗਿਆ। ਜਦੋਂ ਉਸ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਵਿਭਾਗ ਨੇ ਉਸ ਦੀ ਚੋਣ ਨੂੰ ਰੱਦ ਕਰ ਦਿੱਤਾ ਸੀ। ਮਨੁੱਖੀ ਹੱਕਾਂ ਨਾਲ ਜੁੜੀਆਂ ਬਹੁਤ ਸਾਰੀਆਂ ਸੰਸਥਾਵਾਂ ਨੇ ਕਮਲਾ ਹੈਰਿਸ ਜੋ ਉਸ ਸਮੇਂ ਪਹਿਲੀ ਇੰਡੀਅਨ ਅਮਰੀਕਨ ਅਟਾਰਨੀ ਜਨਰਲ ਸੀ, ਨੂੰ ਇਸ ਸਬੰਧੀ ਕਾਰਵਾਈ ਕਰਨ ਲਈ ਕਿਹਾ ਸੀ ਪਰ ਹੈਰਿਸ ਨੇ ਸਬੰਧਤ ਵਿਭਾਗ ਦਾ ਹੀ ਪੱਖ ਪੂਰਿਆ ਸੀ।

## ਭਾਰਤ ਦੇ ਕਰਨਾਟਕ ਰਾਜ ਵਿਚ ਸਿਆਸੀ ਸੰਕਟ ਡੂੰਘਾ

**ਬੰਗਲੂਰੂ/ਏਟੀ ਨਿਊਜ਼ :** ਭਾਰਤ ਦੇ ਕਰਨਾਟਕ ਰਾਜ 'ਚ ਗੱਠਜੋੜ ਸਰਕਾਰ 'ਤੇ ਸੰਕਟ ਵੱਧ ਗਿਆ ਹੈ ਤੇ ਸਰਕਾਰ ਦੀਆਂ ਮੁਸ਼ਕਲਾਂ 'ਚ ਵਾਧਾ ਹੋ ਗਿਆ ਹੈ। ਕਰਨਾਟਕ 'ਚ ਜਾਰੀ ਸਿਆਸੀ ਉਤਰਾਅ-ਚੜ੍ਹਾਅ ਸਮੇਤ ਡਿਪਟੀ ਸੀਐੱਮ ਸਮੇਤ ਕਾਂਗਰਸ ਦੇ 21 ਮੰਤਰੀਆਂ ਨੇ ਅਸਤੀਫ਼ਾ ਦੇ ਦਿੱਤਾ ਹੈ। ਇਸ ਤੋਂ ਪਹਿਲਾਂ ਸੂਬੇ ਦੇ ਮੰਤਰੀ ਤੇ ਆਜ਼ਾਦ ਵਿਧਾਇਕ ਐੱਚ ਨਾਗੇਸ਼ ਨੇ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਨਾਲ ਹੀ ਮੌਜੂਦਾ ਕਾਂਗਰਸ-ਜੇਡੀਐੱਸ ਸਰਕਾਰ ਤੋਂ ਸਮਰਥਨ ਵਾਪਸ ਲੈਣ ਦਾ ਐਲਾਨ ਕੀਤਾ ਸੀ। ਅਜਿਹਾ ਨਹੀਂ ਕਿ ਸੂਬੇ ਵਿਚ ਪਹਿਲੀ ਵਾਰ ਕਿਸੇ ਸਰਕਾਰ ਨੂੰ ਸਿਆਸੀ ਅਸਥਿਰਤਾ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਪਹਿਲਾਂ ਵੀ ਸੂਬੇ ਦੀ ਸਿਆਸਤ ਵਿਚ ਅਜਿਹਾ ਹੁੰਦਾ ਰਿਹਾ ਹੈ ਪਰ ਇਸ ਵਾਰ ਮਸਲਾ ਸਾਖ਼ ਦਾ ਬਣਿਆ ਹੋਇਆ ਹੈ। ਸੂਬੇ 'ਚ ਸਿਆਸੀ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਮੌਜੂਦਾ ਸੰਕਟ ਕਾਂਗਰਸ ਦੇ ਅੱਠ ਤੇ ਜਨਤਾ ਦਲ ਸੈਕੂਲਰ ਦੇ ਤਿੰਨ ਵਿਧਾਇਕਾਂ ਵੱਲੋਂ ਅਸਤੀਫ਼ਾ ਦੇਣ ਕਾਰਨ ਪੈਦਾ ਹੋਇਆ ਹੈ। ਇਕ ਕਾਂਗਰਸੀ ਵਿਧਾਇਕ ਨੇ ਕੁਝ ਦਿਨ ਪਹਿਲਾਂ ਹੀ ਅਸਤੀਫ਼ਾ ਦਿੱਤਾ ਸੀ। ਇਸ ਦਰਮਿਆਨ ਦਾਅਵੇ ਇਹ ਵੀ ਕੀਤੇ ਜਾ ਰਹੇ ਹਨ ਕਿ ਕੁਝ ਹੋਰ ਕਾਂਗਰਸੀ ਤੇ ਜੇਡੀਐੱਸ ਵਿਧਾਇਕ ਵੀ ਅਸਤੀਫ਼ਾ ਦੇ ਸਕਦੇ ਹਨ। ਕਰਨਾਟਕ 'ਚ ਗਠਜੋੜ ਦਾ ਭਵਿੱਖ ਕੀ ਹੋਵੇਗਾ? ਸਰਕਾਰ ਬਣੀ ਰਹੇਗੀ ਜਾਂ ਨਹੀਂ? ਕੀ ਹੁਣ ਕਾਂਗਰਸ ਸੱਤਾ ਸੰਭਾਲੇਗੀ? ਕੇਂਦਰੀ ਰਾਜਨੀਤੀ 'ਚ ਇਸ ਦੇ ਕੀ ਮਾਅਨੇ ਹਨ? ਅਜਿਹੇ ਸਵਾਲਾਂ ਦੇ ਮੱਦੇਨਜ਼ਰ ਸਿਆਸੀ ਗੁਣਾਂ ਤਕਸੀਮ ਚੱਲ ਰਹੇ ਹਨ। ਅਗਲੇ ਹਫ਼ਤੇ ਸ਼ੁਰੂ ਹੋ ਰਹੇ ਕਰਨਾਟਕ ਵਿਧਾਨ ਸਭਾ ਦੇ ਸੈਸ਼ਨ ਤਕ ਸਥਿਤੀ ਸੰਭਲਦੀ ਹੈ ਕਿ ਨਹੀਂ, ਇਹ ਵੀ ਦੇਖਣ ਵਾਲੀ ਗੱਲ ਹੈ। ਦਰਅਸਲ ਕਰਨਾਟਕ ਵਿਚ ਅਜਿਹੇ ਸਿਆਸੀ ਸੰਕਟ ਦੀ ਉਮੀਦ ਜਨਤਾ ਦਲ (ਸੈਕੂਲਰ) ਦੀ ਸਰਕਾਰ ਬਣਨ ਵੇਲੇ ਤੋਂ ਕੀਤੀ ਜਾ ਰਹੀ ਸੀ। ਮਈ 2018 ਵਿਚ ਕਰਨਾਟਕ ਵਿਧਾਨ ਸਭਾ ਦੀਆਂ 224 ਸੀਟਾਂ ਲਈ ਹੋਈਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ 105 ਸੀਟਾਂ ਮਿਲੀਆਂ ਸਨ ਜਦਕਿ ਕਾਂਗਰਸ ਨੇ 78 ਸੀਟਾਂ ਹਾਸਲ ਕੀਤੀਆਂ। ਜੇਡੀਐੱਸ ਨੇ ਸਿਰਫ਼ 37 ਸੀਟਾਂ 'ਤੇ ਜਿੱਤ ਦਰਜ ਕੀਤੀ। ਕਾਂਗਰਸ ਨੇ ਭਾਜਪਾ ਦੀ ਸਰਕਾਰ ਬਣਨ ਤੋਂ ਰੋਕਣ ਲਈ ਜੇਡੀਐੱਸ ਨੂੰ ਸਮਰਥਨ ਦੇ ਦਿੱਤਾ ਸੀ ਤੇ ਕੁਮਾਰਸਵਾਮੀ ਮੁੱਖ ਮੰਤਰੀ ਬਣੇ ਸਨ। ਜੇਡੀਐੱਸ ਤੇ ਕਾਂਗਰਸ ਦਰਮਿਆਨ ਇਨ੍ਹਾਂ 13 ਮਹੀਨਿਆਂ 'ਚ ਕਾਫੀ ਤਲਖ਼ੀਆਂ ਰਹੀਆਂ। ਦੋਵਾਂ ਪਾਰਟੀਆਂ ਵਿਚ ਤਾਲਮੇਲ ਦੀ ਵੀ ਘਾਟ ਰਹੀ ਹੈ, ਜਿਸ ਕਾਰਨ ਦੋਵਾਂ ਪਾਰਟੀਆਂ ਦੇ ਵਿਧਾਇਕਾਂ 'ਚ ਨਾਰਾਜ਼ਗੀ ਪੈਦਾ ਹੋਈ ਪਰ ਕਾਂਗਰਸ ਤੇ ਜੇਡੀਐੱਸ ਵੱਲੋਂ ਇਸ ਸਭ ਨੂੰ ਸਿਰੇ ਤੋਂ ਖਾਰਜ ਕੀਤਾ ਜਾਂਦਾ ਰਿਹਾ ਹੈ।

## ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ

ਦਿੱਤੀ। ਗੁਰੂ ਜੀ ਵਲੋਂ ਚੇਤਨਿਆ ਨੂੰ ਦਿੱਤੀ ਗਈ ਚੇਤੰਨਤਾ ਸਦਕਾ ਉਹ ਸਿੱਧੇ ਰਾਹ ਪੈ ਗਿਆ। ਉਸ ਨੇ ਵੀ ਗੁਰੂ ਜੀ ਦੇ ਉਪਦੇਸ਼ ਨੂੰ ਮੰਨਦਿਆਂ ਅਗਾਂਹ ਤੋਂ ਸੱਚੇ ਨਾਮ ਜੁੜਨ ਦਾ ਪ੍ਰਣ ਲਿਆ।

ਇਕ ਸਾਖੀ ਮੁਤਾਬਿਕ ਚੇਤਨਿਆ ਸਾਧੂ ਨੇ ਇਕ ਦਿਨ ਗੁਰੂ ਨਾਨਕ ਦੇਵ ਜੀ ਨੂੰ ਸ਼ਰਧਾ ਵਜੋਂ ਸਾਹਾੜਾ ਦਰੱਖਤ ਦੀ ਇਕ ਦਾਤਣ ਭੇਟ ਕੀਤੀ। ਗੁਰੂ ਜੀ ਨੇ ਦਾਤਣ ਕਰਨ ਤੋਂ ਬਾਅਦ ਇਹ ਉੱਥੇ ਹੀ ਗੱਡ ਦਿੱਤੀ ਜੋ ਕੁਝ ਦਿਨਾਂ 'ਚ ਹੀ ਹਰੀ-ਭਰੀ ਹੋ ਗਈ। ਸਮਾਂ ਪਾਉਣ ਤੋਂ ਬਾਅਦ ਇਹ ਇਕ ਵਿਸ਼ਾਲ ਦਰਖ਼ੱਤ ਦਾ ਰੂਪ ਧਾਰਨ ਕਰ ਗਈ। ਇਸ ਦੇ ਨਾਮ 'ਤੇ ਹੀ ਇਸ ਸਥਾਨ 'ਤੇ ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ ਦੀ ਸਥਾਪਨਾ ਹੋਈ। ਜਦੋਂ ਸਾਹਾੜਾ ਦਰੱਖਤ ਬ੍ਰਿਧ ਅਵਸਥਾ 'ਚ ਡਿੱਗ ਗਿਆ ਤਾਂ ਇਸ ਦੀ ਜੜ੍ਹ ਮੁੜ ਹਰੀ ਹੋ ਗਈ। ਸੰਨ-1930 'ਚ ਜਦੋਂ ਬਿਰਧ ਸਾਹਾੜਾ ਦਰੱਖਤ ਡਿਗਿਆ ਤਾਂ ਰੇਵੈਨਸ਼ਾ ਕਾਲਜ, ਕਟਕ ਦੇ ਪ੍ਰੋ. ਬਾਵਾ ਕਰਤਾਰ ਸਿੰਘ ਅਤੇ ਪ੍ਰੋ. ਪੀ.ਕੇ. ਪਰਿਜਾ ਜੋ ਪ੍ਰਸਿੱਧ ਬੋਟਾਨਿਸਟ ਸਨ, ਨੇ ਆਪਣੇ ਸਾਥੀ ਸਾਇੰਸਦਾਨਾਂ ਨਾਲ ਮਿਲ ਕੇ ਇਸ ਦਰੱਖਤ ਦੇ ਟੁਕੜੇ ਦੀ ਖੋਜ ਕੀਤੀ ਤਾਂ ਇਸ ਸਾਹਾੜਾ ਰੁੱਖ ਦੀ ਉਮਰ ਉਹੀ ਨਿਕਲੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ। ਸਾਹਾੜਾ ਰੁੱਖ ਦਾ ਪ੍ਰਯੋਗਸ਼ਾਲਾ 'ਚ ਟੈਸਟ ਕੀਤਾ ਗਿਆ। ਇਹ ਟੁਕੜਾ ਅੱਜ ਵੀ ਗੁਰਦੁਆਰਾ ਸਾਹਿਬ 'ਚ ਪਿਆ ਹੈ। ਪੁਰਾਣੇ ਬਿਰਧ ਸਾਹਾੜਾ ਦਰੱਖਤ ਦੀ ਨਵੀਂ ਫੁੱਟੀ ਜੜ੍ਹ ਫੇਰ ਵੱਡੇ ਰੁੱਖ ਦਾ ਰੂਪ ਧਾਰਨ ਕਰ ਚੁੱਕੀ ਹੈ।

ਪ੍ਰੋ. ਬਾਵਾ ਕਰਤਾਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਇੱਥੇ ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ ਦੀ ਇਮਾਰਤ ਦਾ ਨਿਰਮਾਣ ਕਰਵਾਇਆ ਗਿਆ, ਜਿਥੇ ਸੰਨ 1935 'ਚ ਨਾਨਕ ਨਾਮਲੇਵਾ ਸੰਗਤ ਵੱਲੋਂ ਸ੍ਰੀ ਗੁਰੂ ਗਰੰਥ ਸਾਹਿਬ ਦਾ ਸ਼ਰਧਾ ਨਾਲ ਪ੍ਰਕਾਸ਼ ਕੀਤਾ ਗਿਆ। ਸੰਨ-1935 ਦੀ ਗੁਰਦੁਆਰਾ ਸਾਹਿਬ ਦੀ ਇਮਾਰਤ ਜਦੋਂ ਸੰਗਤ ਲਈ ਛੋਟੀ ਪੈਣ ਲੱਗੀ ਤਾਂ ਗੁਰਦੁਆਰਾ ਸਿੰਘ ਸਭਾ ਕਟਕ ਵੱਲੋਂ ਸੰਨ 1988 'ਚ ਕਾਰ ਸੇਵਾ ਰਾਹੀਂ ਨਵੀਂ ਬਿਲਡਿੰਗ ਬਣਾਈ ਗਈ ਹੈ। ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ 'ਚ 'ਵਿਦਿਆ ਵੀਚਾਰੀ ਪਰਉਪਕਾਰੀ' ਦੇ ਸਿਧਾਂਤ 'ਤੇ ਪਹਿਰਾ ਦੇਂਦਿਆਂ 'ਗੁਰੂ ਨਾਨਕ ਪਬਲਿਕ ਸਕੂਲ' ਖੋਲ੍ਹਿਆ ਗਿਆ ਹੈ, ਜਿਸ 'ਚ ਸਭ ਧਰਮਾਂ ਦੇ ਵਿਦਿਆਰਥੀ ਸਿੱਖਿਆ ਹਾਸਲ ਕਰਕੇ ਤਰੱਕੀ ਦੀਆਂ ਮੰਜ਼ਿਲਾਂ ਸਰ ਕਰ ਰਹੇ ਹਨ। ਨਵੀਂ ਬਣੀ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੇ ਸਾਹਮਣੇ ਸਾਹਾੜਾ ਦਰੱਖਤ ਦੀ ਇਕ ਕਲਮ ਨਵੀਂ ਲਗਾਈ ਗਈ ਜੋ ਹੁਣ ਵੱਡੇ ਦਰੱਖਤ ਦਾ ਰੂਪ ਧਾਰਨ ਕਰ ਗਈ ਹੈ।

ਪਹਿਲਾਂ ਪਹਿਲ ਕਟਕ ਸ਼ਹਿਰ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪ੍ਰਭਾਵਿਤ ਸਥਾਨਕ ਵਾਸੀ ਹੀ ਸ਼ਰਧਾ ਨਾਲ ਗੁਰੂਘਰ ਨਾਲ ਜੁੜੇ ਹੋਏ ਸਨ, ਜਿਸ ਕਰਕੇ ਪਹਿਲਾਂ ਇਥੇ ਸਿੱਖ ਸੰਗਤ ਨਾਂਮਾਤਰ ਹੀ ਸੀ ਪਰ ਸੰਨ 1947 ਤੋਂ ਬਾਅਦ ਭਾਰਤ-ਪਾਕਿ ਦੀ ਵੰਡ ਤੋਂ ਬਾਅਦ, ਇਥੇ ਕੁਝ ਸਿੱਖ ਪਰਿਵਾਰ ਬਿਜ਼ਨਸ ਕਰਨ ਆਏ ਤੇ ਕੁਝ ਸਿੱਖ ਬਰਮਾ ਤੋਂ ਵੀ ਇੱਥੇ ਆ ਕੇ ਪੱਕੇ ਤੌਰ 'ਤੇ ਵਸੇ ਹੋਏ ਹਨ। ਇਥੋਂ ਦੀ ਸਿੰਘ ਸਭਾ ਗੁਰੂ ਸਾਹਿਬਾਨ ਦੇ ਇਤਿਹਾਸਕ ਦਿਹਾੜੇ, ਪ੍ਰਭਾਤ ਫੇਰੀਆਂ ਅਤੇ ਨਾਨਕ ਨਾਮਲੇਵਾ ਸੰਗਤ ਲਈ ਲੰਗਰ ਦਾ ਪ੍ਰਬੰਧ ਆਪਣੀ ਦੇਖ-ਰੇਖ ਅਧੀਨ ਕਰਦੀ ਹੈ। ਹੁਣ ਇਥੇ ਉੜੀਸਾ ਸਿੱਖ ਪ੍ਰਤੀਨਿਧੀ ਬੋਰਡ ਦਾ ਹੈੱਡਆਫਿਸ ਵੀ ਹੈ। ਬੋਰਡ ਵਲੋਂ ਸਾਰੇ ਉੜੀਸਾ ਦੀਆਂ ਸਿੰਘ ਸਭਾਵਾਂ ਨੂੰ 6 ਜ਼ੋਨਾਂ 'ਚ ਇਕੱਠੇ ਕਰਕੇ ਰੱਖਿਆ ਹੋਇਆ ਹੈ, ਜਿਸ 'ਚ ਕਟਕ, ਭੁਵਨੇਸ਼ਵਰ, ਸੰਭਲਪੁਰ, ਰੋੜਕਿਲਾ, ਬੜਬਿਲ ਅਤੇ ਭਵਾਨੀ ਪਟਨਾ ਸ਼ਾਮਲ ਹਨ।

## ਪੰਜਾਬ 'ਚ ਬੇਰੋਕ ਵਗਦਾ ਹੈ ਨਸ਼ਿਆਂ ਦਾ ਦਰਿਆ

ਬਾਹਰ ਮਾਰਿਆ। ਸਰਕਾਰ ਵੱਲੋਂ 1985 ਬੈਚ ਦੇ ਆਈਪੀਐਸ ਅਧਿਕਾਰੀ ਮੁਹੰਮਦ ਮੁਸਤਫ਼ਾ ਨੂੰ ਐਸਟੀਐਫ ਦਾ ਮੁਖੀ ਬਣਾਇਆ ਗਿਆ ਹੈ। ਇਸ ਸਮੇਂ ਐਸਟੀਐਫ ਦੀ ਕਮਾਂਡ ਏਡੀਜੀਪੀ ਰੈਂਕ ਦੀ ਮਹਿਲਾ ਅਧਿਕਾਰੀ ਗੁਰਪ੍ਰੀਤ ਕੌਰ ਦਿਓ ਦੇ ਹੱਥ ਹੈ। ਇਸ ਸਭ ਕਾਸੇ ਤੋਂ ਸਪਸ਼ਟ ਹੈ ਕਿ ਕੈਪਟਨ ਸਰਕਾਰ ਨਸ਼ਿਆਂ ਨੂੰ ਠੱਲ੍ਹਣ ਵਿਚ ਬੁਰੀ ਤਰ੍ਹਾਂ ਅਸਫਲ ਰਹੀ ਹੈ।

## ਭਾਰਤ 'ਚ ਗਊ ਰੱਖਿਆ ਦੇ ਨਾਂਅ 'ਤੇ ਭਗਵੀਆਂ ਭੀੜਾਂ ਦਾ ਤਾਂਡਵ

ਵੀ ਇਥੇ ਹੀ ਸਭ ਤੋਂ ਵੱਧ ਵਾਪਰਦੀਆਂ ਹਨ। ਪਿਛਲੇ 10 ਸਾਲਾਂ 'ਚ ਇਥੇ 1,448 ਨਸਲੀ ਅਪਰਾਧਾਂ ਦੀਆਂ ਘਟਨਾਵਾਂ ਵਾਪਰੀਆਂ। ਉੱਤਰ ਪ੍ਰਦੇਸ਼ ਦੇ ਕਾਸਗੰਜ, ਮੁਜ਼ੱਫ਼ਰਨਗਰ, ਸਹਾਰਨਪੁਰ ਇਲਾਕਿਆਂ 'ਚ ਫ਼ਿਰਕੂ ਹਿੰਸਾ ਦੀਆਂ ਘਟਨਾਵਾਂ ਥੋੜ੍ਹੇ ਹੀ ਸਮੇਂ ਦੇ ਵਕਫ਼ੇ 'ਤੇ ਵਾਪਰੀਆਂ ਹਨ। ਇਕੱਲੇ ਮੁਜ਼ੱਫ਼ਰਨਗਰ 'ਚ ਭੜਕੀ ਫ਼ਿਰਕੂ ਹਿੰਸਾ 'ਚ 60 ਲੋਕਾਂ ਦੀ ਮੌਤ ਤੇ 4 ਹਜ਼ਾਰ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਸਨ। 1984 'ਚ ਸਿੱਖ ਵਿਰੋਧੀ ਦੰਗਿਆਂ ਤੋਂ ਲੈ ਕੇ ਅੱਜ ਤੱਕ ਘੱਟ-ਗਿਣਤੀਆਂ ਖ਼ਿਲਾਫ਼ ਕਿਤੇ ਨਾ ਕਿਤੇ ਫ਼ਿਰਕੂ ਹਿੰਸਾ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਕੇਂਦਰ 'ਚ ਭਾਵੇਂ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ, ਭੀੜਾਂ ਦੇ ਕਾਰਨਾਮੇ ਵੇਖਣ ਨੂੰ ਮਿਲ ਹੀ ਜਾਂਦੇ ਹਨ।

## ਛੇ ਮਹੀਨਿਆਂ 'ਚ ਹੋਇਆ 38 ਪੱਤਰਕਾਰਾਂ ਦਾ ਕਤਲ

ਤੋਂ ਵੱਧ 14 ਪੱਤਰਕਾਰਾਂ ਦੀ ਹੱਤਿਆ ਹੋਈ। ਸੀਰੀਆ ਤੇ ਇਰਾਕ ਵਿਚ ਸੰਘਰਸ਼ ਘਟਣ ਕਰਕੇ ਮੱਧ-ਪੂਰਬੀ ਦੇਸ਼ਾਂ ਵਿਚ ਸੁਧਾਰ ਦਰਜ ਕੀਤਾ ਗਿਆ ਹੈ।

ਪ੍ਰੈੱਸ ਐਂਬਲੇਮ ਕੰਪੇਨ ਦੇ ਜਨਰਲ ਸਕੱਤਰ ਬਲੈਸ ਲੈਂਪੇਨ ਨੇ ਕਿਹਾ ਕਿ ਕੌਮਾਂਤਰੀ ਭਾਈਚਾਰੇ ਨੂੰ ਇਕ ਆਜ਼ਾਦ ਸੰਸਥਾ ਦੀ ਸਥਾਪਨਾ ਕਰਨੀ ਚਾਹੀਦੀ ਹੈ ਤਾਂ ਜੋ ਇਸ ਸਮੱਸਿਆ ਨਾਲ ਲੜਿਆ ਜਾ ਸਕੇ। ਵੱਖ-ਵੱਖ ਦੇਸ਼ਾਂ ਦੀਆਂ ਸੰਸਥਾਵਾਂ ਪੱਤਰਕਾਰਾਂ ਦੀ ਸੁਰੱਖਿਆ ਦੇ ਸਮਰੱਥ ਨਹੀਂ। ਉਨ੍ਹਾਂ ਕਿਹਾ ਕਿ ਲੈਟਿਨ ਅਮਰੀਕਾ ਸਭ ਤੋਂ ਵੱਧ ਪ੍ਰਭਾਵਿਤ ਹੈ, ਇਥੇ ਹੁਣ ਤਕ 15 ਪੱਤਰਕਾਰਾਂ ਦੀ ਹੱਤਿਆ ਹੋ ਚੁੱਕੀ ਹੈ।

## ਗਰੀਨ ਕਾਰਡ 'ਤੇ ਲੱਗੀ ਸੀਲਿੰਗ ਹਟਾਉਣ ਲਈ ਹੋਵੇਗੀ ਵੋਟਿੰਗ

(108) ਤੇ ਡੈਮੋਕਰੇਟ (203) ਦੋਵਾਂ ਪਾਰਟੀ ਦੇ ਕੁੱਲ 310 ਕਾਨੂੰਨਸਾਜ਼ਾਂ ਦੀ ਹਮਾਇਤ ਨਾਲ ਹੀ ਬਿੱਲ ਪੇਸ਼ ਕੀਤਾ ਗਿਆ ਹੈ। ਲਿਹਾਜ਼ਾ 435 ਮੈਂਬਰੀ ਨੁਮਾਇੰਦਾ ਸਦਨ ਵਿਚ ਇਸ ਬਿੱਲ ਦੇ ਬਿਨਾ ਸੁਣਵਾਈ ਤੇ ਸੋਧਾਂ ਦੇ ਸੌਖਿਆਂ ਹੀ ਪਾਸ ਹੋ ਜਾਣ ਦੀ ਪੂਰੀ ਉਮੀਦ ਹੈ। ਉਂਜ ਸੀਲਿੰਗ ਹਟਣ ਨਾਲ ਭਾਰਤ ਵਰਗੇ ਮੁਲਕਾਂ ਦੇ ਆਈਟੀ ਪੇਸ਼ੇਵਰਾਂ ਨੂੰ ਸਭ ਤੋਂ ਵੱਧ ਫਾਇਦਾ ਹੋਵੇਗਾ। ਕੁਝ ਹਾਲੀਆ ਅਧਿਐਨਾਂ ਮੁਤਾਬਕ ਐੱਚ1ਬੀ ਪ੍ਰਾਪਤ ਕੁਝ ਭਾਰਤੀ ਆਈਟੀ ਪੇਸ਼ੇਵਰਾਂ ਲਈ ਗਰੀਨ ਕਾਰਡ ਦੀ ਉਡੀਕ 70 ਸਾਲ ਤੋਂ ਵੱਧ ਸਮੇਂ ਦੀ ਹੈ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

---

Property Sub-typeIndustrial
**Price $1,400,000**
1963 E DR MARTIN LUTHER KING JR BLVD,
STOCKTON, CA 95205
Size5.77 AC

---

2081 E Dr Martin Luther King Jr Blvd
8,000 SF Specialty Building
**Offered at $1,700,000**
5.5% Cap Rate in Stockton, CA

---

2101 East Martin Luther king
Jr Blvd,,Stockton
Truck Repair Shop
**Price 1,800,000**



Ranjit Singh
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit Singh

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM